ਸੁਜਾਨ ਸਿੰਘ

# ਸੱਤ ਸੁਰਾਂ



ਭਾਸ਼ਾ ਵਿਭਾਗ, ਪੰਜਾਬ

# ਸੱਤ ਸੁਰਾਂ

(ਕਹਾਣੀ ਸੰਗ੍ਰਹਿ)

ਸੁਜਾਨ ਸਿੰਘ

**ਭਾਸ਼ਾ ਵਿਭਾਗ, ਪੰਜਾਬ**

SAT SURAN (In Punjabi)

Sujan Singh

# ਸੱਤ ਸੁਰਾਂ

ਸੁਜਾਨ ਸਿੰਘ

© ਭਾਸ਼ਾ ਵਿਭਾਗ, ਪੰਜਾਬਪਹਿਲਾ ਐਡੀਵਨ : 1992

ਕਾਪੀਆਂ : 3000

ਮੁੱਲ : 6 ਰੁਪਏਂ

ਪ੍ਰਕਾਸ਼ਕ : ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ

ਰਾਹੀਂ : ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ ਸਟੇਸ਼ਨਰੀ ਵਿਭਾਗ, ਪੰਜਾਬ

ਛਾਪਕ : ਸਵੈਨ ਪ੍ਰਿੰਟਿੰਗ ਪ੍ਰੈੱਸ, ਜਲੰਧਰ

# ਦੋ ਸ਼ਬਦ

ਨਰੋਆ ਸਾਹਿਤ ਆਪਣੇ ਸਮੇਂ ਸਮਾਜ ਦਾ ਦਰਪਣ ਹੀ ਨਹੀਂ ਹੁੰਦਾ ਸਗੋਂ ਉਸਾਰੂ ਕਦਰਾਂ ਕੀਮਤਾਂ ਲਈ ਪ੍ਰੇਰਨਾ ਤੇ ਅਗਵਾਈ ਵੀ ਪ੍ਰਦਾਨ ਕਰਦਾ ਹੈ। ਇਸੇ ਮੰਤਵ ਦੀ ਪੂਰਤੀ ਹਿੱਤ ਭਾਸ਼ਾ ਵਿਭਾਗ ਪੰਜਾਬ ਵਲੋਂ ਪੰਜਾਬੀ ਦੀਆਂ ਮਿਆਰੀ ਰਚਨਾਵਾਂ ਨੂੰ ਪੇਪਰ ਬੈਂਕ ਸੀਰੀਜ਼ ਅਧੀਨ ਪ੍ਰਕਾਸ਼ਤ ਕੀਤਾ ਜਾਂਦਾ ਹੈ ਤਾਂ ਜੋ ਵੱਧ ਤੋਂ ਵੱਧ ਪਾਠਕ ਇਨ੍ਹਾਂ ਤੋਂ ਲਾਭ ਉਠਾ ਸਕਣ। ਪ੍ਰਿੰ: ਸੁਜਾਨ ਸਿਘ ਰਚਿਤ ਪੁਸਤਕ ਸੱਤ ਸੁਰਾਂ ਇਸੇ ਲੜੀ ਦੀ ਇਕ ਕੜੀ ਹੈ।

ਪ੍ਰਿੰ: ਸੁਜਾਨ ਸਿੰਘ ਪੰਜਾਬੀ ਕਹਾਣੀ ਦਾ ਮੋਢੀ ਕਹਾਣੀਕਾਰ ਹੈ ਜਿਸ ਨੇ ਸਿਰਫ਼ ਪੰਜਾਬੀ ਕਹਾਣੀ ਨੂੰ ਹੀ ਅਪਣਾਇਆ ਹੈ ਅਤੇ ਇਸ ਨੂੰ ਹੁਨਰ ਦੀਆਂ ਬੁਲੰਦੀਆਂ ਤਕ ਪਹੁੰਚਾਇਆ ਹੈ। ਹੁਣ ਤਕ ਛਪ ਚੁੱਕੇ ਆਪ ਦੇ ਦਰਜਨ ਕੁ ਕਹਾਣੀ ਸੰਗ੍ਰਹਿ ਇਸ ਖੇਤਰ ਵਿਚ ਇਨ੍ਹਾਂ ਦੀ ਦੇਣ ਤੇ ਵਿਲੱਖਣ ਸਥਾਨ ਦਾ ਪ੍ਰਮਾਣ ਹਨ। ਭਾਸ਼ਾ ਵਿਭਾਗ, ਪੰਜਾਬ ਵਲੋਂ ਸ: ਸੁਜਾਨ ਸਿੰਘ ਨੂੰ ਸ਼੍ਰੋਮਣੀ ਸਾਹਿਤਕਾਰ ਦੇ ਤੌਰ ਤੇ 1972 ਵਿਚ ਸਨਮਾਨਿਆ ਜਾ ਚੁੱਕਾ ਹੈ। ਇਨ੍ਹਾਂ ਦੀਆਂ ਕਹਾਣੀਆਂ ਸਮਾਜਕ ਜੀਵਨ ਦੀਆਂ ਆਰਥਿਕ ਤੇ ਨੈਤਿਕ ਸਮੱਸਿਆਵਾਂ ਦੀ ਸਿਰਫ਼ ਬਾਤ ਹੀ ਨਹੀਂ' ਪਾਉਂਦੀਆਂ ਸਗੋਂ ਮਨ ਤੇ ਗਹਿਰਾ ਅਤੇ ਸਥਾਈ ਅਸਰ ਵੀ ਪਾਉਂਦੀਆਂ ਹਨ। ਹਥਲੇ ਸੰਗ੍ਰਹਿ ਦੀਆਂ ਕਹਾਣੀਆਂ ਇਸੇ ਤੱਥ ਦੀਆਂ ਧਾਰਨੀ ਹਨ।

ਮੈਨੂੰ ਪੂਰਨ ਆਸ ਹੈ ਕਿ ਪਾਠਕ ਇਸ ਦਾ ਨਿੱਘਾ ਸੁਆਗਤ ਕਰਨਗੇ।

**ਕੁਸੁਮਜੀਤ ਸਿੱਧੂ**
ਆਈ ਐਸ ਏ.
ਡਾਇਰੈਕਟਰ
ਭਾਸ਼ਾ ਵਿਭਾਗ, ਪੰਜਾਬ

# ਕਹਾਣੀ-ਸੂਚੀ


ਦੋ ਸ਼ਬਦ

1. ਘੜੀ ਦੀ ਦੁਨੀਆ 1
2. ਰਾਸ ਲੀਲ੍ਹਾ 6
3. ਦੂਜਾ ਵਿਆਹ 14
4. ਰੱਬ ਦੀ ਮੌਤ 23
5. ਔਰਤ ਦੀ ਕਰਾਮਾਤ 31
6. ਇਕ ਕਹਾਣੀ ਜਿਹੜੀ ਕਹਾਣੀ ਨਹੀਂ 36
7. ਖ਼ੁਸ਼ੀ ਦਾ ਦਿਨ 44
8. ਡੇਢ ਆਦਮੀ 53
9. ਪੱਤਣ ਤੇ ਸਰਾਂ 62
10. ਕੁੱਤਾ 68
11. ਕਪੂਰ ਤੇ ਮਜ਼ਦੂਰ 75
12. ਬਰਛਾ ਬੋਲਿਆ 81

# ਘੜੀ ਦੀ ਦੁਨੀਆ

ਅੱਜ ਮੇਰਾ ਜੀਵਨ-ਸੁਪਨਾ ਸਾਕਾਰ ਹੋ ਰਿਹਾ ਸੀ। ਮੈਂ ਅੱਜ ਫ਼ਿਲਮੀ ਦੁਨੀਆ ਦਾ ਮੰਨਿਆ-ਪ੍ਰਮੰਨਿਆ ਡਾਇਰੈਕਟਰ ਸਾਂ। ਲੋਕੀਂ ਮੇਰੀ ਕਦਰ ਇਸ ਲਈ ਵੀ ਕਰਦੇ ਸਨ ਕਿ ਮੈਂ ਕਹਾਣੀ-ਲੇਖਕ, ਗੀਤ-ਵਾਰਤਾਲਾਪ-ਲੇਖਕ ਤੇ ਐਕਟਰ ਵੀ ਸਾਂ। ਮੇਰੀ ਪਹਿਲੀ ਪੰਜਾਬੀ ਫ਼ਿਲਮ 'ਬਹਾਦਰ' ਨੇ ਧੁੰਮਾਂ ਪਾ ਦਿੱਤੀਆਂ ਸਨ ਤੇ ਕਲਕੱਤੇ ਵਿਚ ਬੰਗਾਲੀਆਂ ਨੇ ਬੋਲੀ ਨੂੰ ਨਾ ਸਮਝਣ ਦੇ ਬਾਵਜੂਦ ਵੀ ਇਸ ਨੂੰ ਹਦੋਂ ਪਰ੍ਹੇ ਸਲਾਹਿਆ ਸੀ। ਇਸ ਲਈ ਸਾਨੂੰ ਝੱਟ-ਪੱਟ ਹੀ ਇਸ ਦਾ ਹਿੰਦੁਸਤਾਨੀ ਰੂਪ ਵੀ ਬਣਾਉਣਾ ਪਿਆ ਸੀ। ਇਸ ਫਿਲਮ ਨੂੰ ਬੰਗਾਲ, ਯੂ.ਪੀ., ਮੱਧ-ਪ੍ਰਾਂਤ, ਮਹਾਂਰਾਸ਼ਟਰ, ਬੰਬਈ, ਮਦਰਾਸ, ਗੁਜਰਾਤ ਤੇ ਸਿੰਧ ਨੇ ਇਕ-ਜ਼ਬਾਨ ਹੋ ਕੇ ਸਲਾਹਿਆ ਸੀ। ਇਸ ਵੇਲੇ ਇਸ ਦੀ ਅੰਗਰੇਜ਼ੀ ਕਾਪੀ ਨੀਊਯਾਰਕ ਵਿਚ ਚੱਲ ਰਹੀ ਸੀ, ਤੇ ਹਿੰਦੁਸਤਾਨ ਨੂੰ ਅਜ਼ਾਦੀ ਮਿਲ ਜਾਣ ਦੇ ਕਾਰਨ, ਅਮਰੀਕਾ ਦੀ ਸ਼ਾਨਦਾਰ ਫਿਲਮ "ਆਉਣ ਵਾਲੇ ਸਮੇਂ" ਨਾਲ ਮੁਕਾਬਲਾ ਕਰ ਰਹੀ ਸੀ। ਮੇਰੀ ਝੋਲੀ ਅਮਰੀਕਾ ਦੇ ਧਨ ਨਾਲ ਭਰ ਰਹੀ ਸੀ।

ਇਸੇ ਫ਼ਿਲਮ ਦਾ ਹਿੰਦੁਸਤਾਨੀ ਰੂਪ ਮੇਰੇ ਸ਼ਹਿਰ ਦੇ ਸਭ ਤੋਂ ਵੱਡੇ ਸਿਨਮਾ-ਹਾਲ ਵਿਚ ਚਲ ਰਿਹਾ ਸੀ। ਮੈਂ ਉਠਿਆ, ਚਾਦਰ ਦੀ ਬੁਕਲ ਮਾਰੀ ਤੇ ਪੈਰੀਂ ਸਲੀਪਰ ਅੜਾ ਕੇ ਆਪਣੀ ਕੋਠੀ ਤੋਂ ਨਿਕਲ ਤੁਰਿਆ ਤੇ ਹੌਲੀ ਹੌਲੀ ਮੈਂ ਸਿਨਮਾ ਦਾ ਰੁਖ ਕੀਤਾ। ਭਾਵੇਂ ਟਿਕਟ-ਬਾਬੂ ਨੇ ਦੱਸ ਦਿੱਤਾ ਕਿ ਫ਼ਿਲਮ ਦਾ ਦੂਸਰਾ ਅੱਧ ਵੀ ਅੱਧਾ ਚੱਲ ਚੁੱਕਾ ਹੈ, ਮੈਂ ਟਿਕਟ ਲੈ ਹੀ ਲਈ। ਗੇਟ-ਕੀਪਰ ਨੇ ਮੇਰਾ ਅੱਧਾ ਟਿਕਟ ਪਾੜ ਲਿਆ, ਪਰ ਬੂਹਾ ਲੰਘਣ ਤੋਂ ਪਹਿਲਾਂ ਮੈਨੂੰ ਸਿਨਮਾ ਦੇ ਮੈਨੇਜਰ ਨੇ ਪਛਾਣ ਲਿਆ ਤੇ ਮੇਰੀ ਟਿਕਟ ਦੇਖ ਕੇ ਕਹਿਣ ਲੱਗਾ, "ਤੁਸੀਂ...... ਤੇ ਟਿਕਟ।"

ਮੈਂ ਆਖਿਆ, "ਜੇ ਮੈਂ ਆਪ ਟਿਕਟ ਲੈ ਕੇ 'ਆਪਣਾ ਤਮਾਸ਼ਾ' ਨਾ ਦੇਖਾਂਗਾ ਤਾਂ ਹੋਰ ਕੌਣ ਦੇਖੇਗਾ।

ਮੈਨੇਜਰ ਨੂੰ ਮੁਸਕਰਾਉਂਦਾ ਛੱਡ ਕੇ ਮੈਂ ਹਾਲ ਦੇ ਅੰਦਰ ਦਾਖ਼ਲ ਹੋਇਆ। ਚੱਲ ਰਹੀਂ ਫ਼ਿਲਮ ਦੀ ਮੱਧਮ ਲੋਅ ਵਿਚ ਮੈਂ ਦੇਖਿਆ ਕਿ ਮੇਰੇ ਦਰਜੇ ਵਿਚ ਵੀ ਆਦਮੀ ਤੁੰਨੇ

ਪਏ ਹਨ। ਸਾਰਿਆਂ ਤੋਂ ਅਗਲੀ ਪਾਲ ਵਿਚ ਇਕ ਸੋਫ਼ੇ ਤੇ ਮੈਨੂੰ ਅੜਨ ਜੋਗੀ ਥਾਂ ਮਿਲ ਗਈ।

ਸਾਹਮਣੇ ਪਰਦੇ ਤੇ ਕਹਾਣੀ ਉੱਥੇ ਅੱਪੜ ਚੁੱਕੀ ਸੀ, ਜਿੱਥੇ ਵਿਜੇਪਾਲ ਸਿੰਘ ਜੰਗ ਲਈ ਤਿਆਰ ਹੋ ਰਿਹਾ ਸੀ ਤੇ ਉਸ ਦੀ ਸਜ ਵਿਆਹੀ ਪਤਨੀ, ਚਰਨ ਕੰਵਲ, ਹੱਸ ਹੱਸ ਕੇ ਉਸ ਦੇ ਸ਼ਸਤਰ ਸਜਾ ਰਹੀ ਸੀ, ਭਾਵੇਂ ਅੱਖਾਂ ਵਿਚ ਹੰਝੂਆਂ ਦੇ ਇਕੱਠੇ ਹੋਣ ਦੀ ਡਲ੍ਹਕ ਸੀ।

"ਕੀ ਇਹ ਟਰੈਜਿਡੀ ਦਾ ਮੁੱਢ ਬੱਝ ਰਿਹਾ ਹੈ ?" ਅਗਲੇ ਦਰਜੇ ਦੀ ਕੁਰਸੀ ਤੇ ਬੈਠੀ ਇਕ ਸਿਰ-ਨੰਗੀ ਕੁੜੀ ਬੋਲਦੀ ਜਾਪੀ।

ਕਿਸੇ ਉੱਤਰ ਨਾ ਦਿੱਤਾ।

ਫਿਰ ਉਹੋ ਅਵਾਜ਼ ਆਈ, "ਮੈਂ ਟਰੈਜਿਡੀ ਨਹੀਂ ਸਹਾਰ ਸਕਦੀ। ਜੇ ਇਹ ਟਰੈਜਿਡੀ ਹੈ ਤਾਂ ਮੈਂ ਚਲੀ ਜਾਵਾਂ ?"

ਇਹ ਅਵਾਜ਼ ਮੈਨੂੰ ਪਛਾਣੀ ਹੋਈ ਜਾਪੀ। ਫ਼ਿਲਮ ਵਿਚ ਹੁਣ ਚਰਨ ਕੰਵਲ ਇਕ ਜੋਸ਼ ਭਰਿਆ ਗੀਤ ਗਾ ਰਹੀ ਸੀ। ਵਿਜੇਪਾਲ ਘੋੜੇ ਤੇ ਛਾਲ ਮਾਰ ਕੇ ਉੱਡਿਆ ਜਾ ਰਿਹਾ ਸੀ ਤੇ ਚਰਨ ਕੰਵਲ ਹੌਲੀ ਹੌਲੀ ਘੱਟਦੀ ਜਾ ਰਹੀ ਧੂੜ ਨੂੰ ਦੇਖ ਰਹੀ ਸੀ। ਗੀਤ ਬੀਰ ਰਸ ਤੋਂ ਕਰੁਣਾ ਰਸ ਵਿਚ ਬਦਲ ਰਿਹਾ ਸੀ। ਅੰਤ ਇਹ ਵਿਛੋੜੇ ਦਾ ਦੁੱਖ ਭਰਿਆ ਗੀਤ ਬਣ ਕੇ ਚਰਨ ਦੇ ਰੋਂਦੇ ਗਲੇ ਵਿਚ ਬਹਿ ਗਿਆ।

"ਤੁਹਾਡੇ ਪਿਤਾ ਜੀ ਕਿਉਂ ਇਹੋ ਜਿਹੇ ਦੁੱਖ ਭਰੇ ਗੀਤ ਲਿਖਦੇ ਨੇ ?" ਉਸ ਕੁੜੀ ਨੇ ਫਿਰ ਕਿਹਾ, ਜਿਸ ਦਾ ਉੱਤਰ ਕੋਈ ਨਹੀਂ ਸੀ ਦਿੰਦਾ।

"ਤੁਹਾਡੇ ਪਿਤਾ ਜੀ" ਦੇ ਨਾਂ ਤੇ ਮੈਂ ਚੌਂਕਿਆ ਤੇ ਉਸ ਅਵਾਜ਼ ਨੂੰ ਵਧੇਰੇ ਗਹੁ ਨਾਲ ਸੁਣਨ ਦਾ ਯਤਨ ਕਰਨ ਲੱਗਾ।

ਠੀਕ ਉਸੇ ਵੇਲੇ ਸਾਹਮਣਿਓਂ ਬੋਲਦੀਆਂ ਮੂਰਤਾਂ ਇਕ ਲਿਸ਼ਕਾਰ ਜਹੇ ਨਾਲ ਚਿੱਟੇ ਪਰਦੇ ਵਿਚ ਬਦਲ ਗਈਆਂ ਤੇ ਪਲ ਕੁ ਲਈ ਸੱਨਾਟਾ ਛਾ ਗਿਆ। ਝਟ ਬਿਜਲੀਆਂ ਜਗ ਪਈਆਂ। ਫ਼ਿਲਮ ਟੁੱਟ ਗਈ ਸੀ। ਲੋਕਾਂ ਹੌਲੀ ਹੌਲੀ ਬੋਲਣਾ ਸ਼ੁਰੂ ਕੀਤਾ। ਮੈਂ ਆਪਣਾ ਮੂੰਹ ਲੁਕਾ ਲਿਆ, ਕੇਵਲ ਅੱਖਾਂ ਨੰਗੀਆਂ ਸਨ।

ਉਹ ਸੁਹਣੀ ਕੁੜੀ ਆਪਣੇ ਸਾਥੀ ਨੌਜਵਾਨ ਦੇ ਮੂੰਹ ਵੱਲ ਤੱਕ ਕੇ ਹੈਰਾਨ ਹੋਈ ਬੋਲੀ, "ਤੁਸੀਂ ਰੋ ਰਹੇ ਸਾਉ ?"

"ਨਹੀਂ", ਉਸ ਦੇ ਸਾਥੀ ਨੇ ਅੱਖਾਂ ਪੂੰਝ ਕੇ ਆਪਣੀ ਕਮਜ਼ੋਰੀ ਲੁਕਾਉਣ ਦਾ ਜਤਨ ਕਰਦਿਆਂ ਕਿਹਾ।

"ਤੁਸੀਂ ਮੇਰੇ ਕੋਲੋਂ ਵੀ ਕਮਜ਼ੋਰ-ਦਿਲ ਹੋ, ਮੈਨੂੰ ਪਤਾ ਨਹੀਂ ਸੀ !"

ਸਾਥੀ ਨੂੰ ਇਹ ਗੱਲ ਕੁਝ ਚੁੱਭੀ। ਉਸ ਆਖਿਆ, "ਤੁਸੀਂ ਇਸ ਨਤੀਜੇ ਤੇ ਕਿਵੇਂ ਪਹੁੰਚ ਗਏ ?"

"ਤੁਹਾਡੇ ਰੋਣ ਤੋਂ।"

"ਪਰ ਰੋਣਾ ਸਦਾ ਕਮਜ਼ੋਰੀ ਦੀ ਨਿਸ਼ਾਨੀ ਤੇ ਨਹੀਂ ਹੁੰਦਾ ?"

"ਨਾ ਸਹੀ", ਉਸ ਕੁੜੀ ਨੇ ਟਾਲਦਿਆਂ ਕਿਹਾ, "ਪਰ ਕੀ ਇਹ ਕਹਾਣੀ ਬਹੁਤ ਦੁੱਖ ਭਰੀ ਹੈ ?"

"ਤੁਹਾਡਾ ਕੀ ਮਤਲਬ ਹੈ ?" ਨੌਜੁਆਨ ਨੇ ਪੁੱਛਿਆ।

"ਮੇਰਾ ਮਤਲਬ ਹੈ ਕਿ ਕੀ ਵਿਜੇਪਾਲ ਬਚ ਕੇ ਆ ਜਾਵੇਗਾ ?"

"ਜੇ ਉਹ ਜੰਗ 'ਚੋਂ ਬਚ ਆਵੇ, ਤਾਂ ਕੀ ਟਰੈਜਿਡੀ ਨਹੀਂ ਹੋ ਸਕਦੀ ?"

"ਫੇਰ ਕਾਹਦੀ ਟਰੈਜਿਡੀ ਹੋਈ", ਸੁਹਣੀ ਕੁੜੀ ਨੇ ਗੱਲ ਮੋੜੀ।

ਮੁੰਡੇ ਨੇ ਮੂੰਹ ਉਤਾਂਹ ਚੁੱਕ ਕੇ ਲੰਮਾ ਸਾਹ ਛੱਡਦਿਆਂ ਕਿਹਾ, "ਮੁੜੇਗਾ ਠੀਕ, ਪਰ ਬੁਰੀ ਤਰ੍ਹਾਂ ਜ਼ਖ਼ਮੀ ਹੋ ਕੇ; ਮੁੜੇਗਾ ਜ਼ਰੂਰ, ਪਰ ਪੁੱਤਰ ਨੂੰ ਜਨਮ ਦੇ ਕੇ ਮਰ ਰਹੀ ਪਤਨੀ ਦਾ ਮੂੰਹ ਵੇਖਣ !"

"ਕਿਡੀ ਨਿਰਦਈ ਕੁਦਰਤ !" ਕੁੜੀ ਨੇ ਵੀ ਡੂੰਘਾ ਸਾਹ ਖਿੱਚ ਕੇ ਛੱਡਦਿਆਂ ਕਿਹਾ।

ਲਾਗੇ ਚਾਗੇ ਦੀਆਂ ਸੀਟਾਂ ਵਾਲੇ ਜੋੜੇ ਤੇ ਤੀਵੀਆਂ-ਮਰਦ ਇਹਨਾਂ ਵੱਲ ਤੱਕਣ ਲੱਗ ਪਏ ਸਨ, ਪਰ ਇਹ ਗੱਲਾਂ ਵਿਚ ਮਸਤ ਸਨ। ਮੈਨੂੰ ਪਤਾ ਲੱਗ ਚੁੱਕਾ ਸੀ ਕਿ ਨੌਜੁਆਨ ਮੇਰਾ ਪੁੱਤਰ ਹੈ ਤੇ ਕੁੜੀ ਮੇਰੇ ਗੁਆਂਢੀ ਸੇਠ ਕਰਮ ਚੰਦ ਦੀ ਧੀ।

ਮੇਰਾ ਪੁੱਤਰ ਬੋਲਿਆ, "ਕੁਦਰਤ ਤੋਂ ਵੀ ਵੱਧ ਲੋਕ ਜ਼ਾਲਮ ਹਨ। ਸੱਚੇ ਦਿਲ ਨਾਲ ਦੇਸ਼-ਸੇਵਾ ਕਰਨ ਵਾਲੇ ਉੱਤੇ ਇਸ ਬਿਨਾ ਤੇ ਵਿਸ਼ਵਾਸ-ਘਾਤ ਦਾ ਮੁਕੱਦਮਾ ਚਲਾਇਆ ਜਾਂਦਾ ਹੈ ਕਿ ਉਹ ਕੌਮ ਲਈ ਜੰਗ ਨਹੀਂ ਜਿੱਤ ਸਕਿਆ। ਲੋਕ ਉਸ ਤੇ ਪੱਥਰ ਸੁੱਟਦੇ ਹਨ, ਥੁੱਕਦੇ ਹਨ, ਉਸ ਦਾ ਸੁਖੀ-ਲੱਧਾ ਪੁੱਤਰ ਸਮਾਜ ਦੀ ਪਰਮ ਕਿਰਪਾਲਤਾ

ਨਾਲ ਦੁੱਧ ਦੇ ਘੁੱਟ ਤੇ ਰੋਟੀ ਦੇ ਸੁੱਕੇ ਟੁਕੜੇ ਨੂੰ ਵਿਲਕਦਾ ਤੇ ਤੜਫ਼ਦਾ ਮਰ ਜਾਂਦਾ ਹੈ......!"

"ਬੱਸ, ਬੱਸ ਮੇਰੇ ਪ੍ਰੀਤਮ !" ਉਸ ਸੁੰਦਰੀ ਨੇ ਮੇਰੇ ਪੁੱਤਰ ਦਾ ਨਾਂ ਲੈਂਦਿਆਂ ਕਿਹਾ, "ਮੈਂ ਇਹ ਕਹਾਣੀ ਹੋਰ ਨਹੀਂ ਦੇਖ ਸਕਾਂਗੀ।"

"ਤੁਸੀਂ ਤਾਂ ਕਹਿੰਦੇ ਸਾਓ, ਮੈਂ ਰੋਂਦਾ ਹਾਂ; ਇਸ ਲਈ ਕਮਜ਼ੋਰ ਹਾਂ, ਪਰ ਤੁਸੀਂ ਮੇਰੇ ਕੋਲੋਂ ਬਲਵਾਨ ਹੁੰਦੇ ਹੋਏ ਕਿਉਂ ਨੱਸਦੇ ਹੋ ?"

"ਮੈਂ ਅਬਲਾ ਹਾਂ ਤੇ ਬਹੁਤ ਕਮਜ਼ੋਰ ਹਾਂ, ਮੈਂ ਨਹੀਂ ਦੇਖ ਸਕਾਂਗੀ। ਆਓ ਚਲੀਏ।"

"ਨਹੀਂ", ਮੇਰੇ ਪੁੱਤਰ ਨੇ ਕਿਹਾ, 'ਤੁਹਾਨੂੰ ਜੀਵਨ ਦੀ ਇਹ ਅਸਲੀਅਤ ਦੇਖਣੀ ਪਵੇਗੀ......ਦੇਖਣੀ ਚਾਹੀਦੀ ਹੈ।"

ਮੈਂ ਦੇਖਿਆ ਕਿ ਉਸ ਕੁੜੀ ਦੀ ਕੋਮਲ ਪਰ ਗੁਟਵੀਂ ਨੰਗੀ ਬਾਂਹ ਮੇਰੇ ਲੜਕੇ ਦੇ ਲੱਕ ਦਵਾਲੇ ਪਿੱਛੋਂ ਦੀ ਵਲੀ ਗਈ। ਉਸ ਕਿਹਾ, "ਮੈਂ ਦੇਖਾਂਗੀ, ਅੰਤ ਤੱਕ ਦੇਖਾਂਗੀ, ਇਹ ਖੇਲ, ਤੁਹਾਡੇ ਨਾਲ।"

ਅਚਾਨਕ ਬਿਜਲੀ ਦਾ ਫ਼ਿਊਜ਼ ਉਡ ਗਿਆ ਤੇ ਹਾਲ ਵਿਚ ਹਨੇਰਾ ਹੀ ਹਨੇਰਾ ਹੋ ਗਿਆ।

ਕੁੜੀ ਦੀ ਅਵਾਜ਼ ਸੀ, ਜਿਸ ਪੁੱਛਿਆ, "ਸੱਚ ਤੁਹਾਡੀ ਓਦੋਂ ਕੀ ਉਮਰ ਸੀ, ਜਦ ਤੁਹਾਡੇ ਮਾਤਾ ਜੀ ਗੁਜ਼ਰੇ।"

"ਪਿਤਾ ਜੀ ਕਹਿੰਦੇ ਹਨ, ਤਿੰਨ ਦਿਨ।"

"ਤੁਹਾਡੀ ਮਾਤਾ ਜੀ ਦੀ ?"

"ਅਠ੍ਹਾਰਾਂ ਵਰ੍ਹੇ।"

"ਬੜੇ ਸੁੰਦਰ ਹੋਣਗੇ ਤੁਹਾਡੇ ਮਾਤਾ ਜੀ।"

"ਉਹਨਾਂ ਦੀ ਤਸਵੀਰ, ਤੇ ਪਿਤਾ ਜੀ ਤਾਂ ਇੰਜ ਹੀ ਕਹਿੰਦੇ ਨੇ।"

"ਉਂਜ ਤਾਂ ਤੁਹਾਡੀ ਸ਼ਕਲ ਵੀ ਇਹੋ ਕਹਿੰਦੀ ਹੈ।"

"ਮੋਹਨੀ, ਮਖੌਲ ਕਰਦੇ ਹੋ ਨਾ ?"

"ਉੱਕਾ ਹੀ ਨਹੀਂ, ਪ੍ਰੀਤਮ। ਸੱਚ, ਮਾਤਾ ਜੀ ਦੀ ਮੌਤ ਕਿਸ ਬੀਮਾਰੀ ਨਾਲ ਹੋਈ?"

"ਪਿਤਾ ਜੀ ਓਦੋਂ ਬਹੁਤ ਗ਼ਰੀਬ ਸਨ, ਇਕ ਗ਼ਰੀਬ ਕਹਾਣੀ-ਲੇਖਕ। ਉਹ ਚੰਗੀ ਦਾਈਂ ਦਾ ਪ੍ਰਬੰਧ ਨਾ ਕਰ ਸਕੇ।"

"ਹੂੰ....... ਊਂ....... ਊਂ....... ਤੇ ਫ਼ਿਲਮ ਦੀ ਕਹਾਣੀ ਅੱਗੇ ਕੀ ਹੈ ?"

"ਬੱਸ ਬਹਾਦਰ ਜੇਲ੍ਹ ਦੇ ਦੁੱਖ ਸਹਿ ਕੇ ਨਿਰਬਲ ਤੇ ਬੁੱਢਾ ਹੋ ਜਾਂਦਾ ਹੈ, ਪਰ ਉਹ ਸਾਰੀਆਂ ਤਕਲੀਫ਼ਾਂ ਤੇ ਬੇਇੱਜ਼ਤੀਆਂ ਨੂੰ ਖਿੜੇ ਮੱਥੇ ਸਹਿੰਦਾ ਹੈ। ਅਖ਼ੀਰ ਲੋਕਾਂ ਨੂੰ ਇਕ ਦਿਨ ਅਸਲੀਅਤ ਦਾ ਚਾਨਣਾ ਹੁੰਦਾ ਹੈ ਤੇ ਉਸ ਦੀਆਂ ਕੁਰਬਾਨੀਆਂ ਦਾ ਪਤਾ ਲੱਗਦਾ ਹੈ। ਲੋਕ ਉਸ ਨੂੰ ਸਿਰਾਂ ਤੇ ਚੁੱਕ ਲੈਂਦੇ ਹਨ। ਜਗੀਰਾਂ ਮਿਲਦੀਆਂ ਹਨ, ਰਾਜ ਦੀ ਵਾਗ-ਡੋਰ ਉਸ ਦੇ ਹੱਥ ਸੌਂਪ ਦਿੱਤੀ ਜਾਂਦੀ ਹੈ, ਪਰ ਕੀ ਇਹ ਉਸ ਦੀ ਪਿਆਰੀ ਪਤਨੀ ਤੇ ਨੰਨ੍ਹੇ ਪੁੱਤਰ ਦੀ ਮੌਤ ਦਾ ਮੁੱਲ ਹੋ ਸਕਦੇ ਹਨ ?"

"ਨਹੀਂ", ਮੋਹਨੀ ਦੀ ਅਵਾਜ਼ ਆਈ।

ਬਿਜਲੀ ਜਗ ਪਈ।

ਮੋਹਨੀ ਫੇਰ ਬੋਲੀ, "ਪ੍ਰੀਤਮ, ਤੁਸੀਂ ਬਿਲਕੁਲ ਆਪਣੇ ਪਿਤਾ ਵਰਗੇ ਹੋ, ਤੁਹਾਡੀ ਐਕਟਿੰਗ ਵੀ ਤੇ ਤੁਹਾਡੇ ਗੀਤ ਵੀ। ਉਹ ਮੇਰੇ ਦਿਲ ਨੂੰ ਧੂ....।"

"ਬਸ ਬਸ, ਇਹ ਸਿਨਮਾ ਹੈ, ਇਹ ਸਿਨਮਾ ਹੈ, ਮੋਹਨੀ" ਮੇਰੇ ਪੁੱਤਰ ਨੇ ਕਿਸੇ ਜਜ਼ਬੇ ਦੇ ਅਸਰ ਹੇਠਾਂ ਅੱਤ-ਕੋਮਲ ਲਹਿਜੇ ਵਿਚ ਕਿਹਾ।

ਫ਼ਿਲਮ ਸ਼ੁਰੂ ਹੋ ਗਈ, ਪਰ ਮੈਂ ਉੱਠ ਆਇਆ। ਮੈਨੂੰ ਕਦੇ ਖ਼ਿਆਲ ਨਹੀਂ ਸੀ ਕਿ ਪ੍ਰੀਤਮ ਦਾ ਪਿਆਰ ਮੋਹਨੀ ਨਾਲ ਹੋ ਸਕਦਾ ਹੈ। ਹੁੰਦਾ ਵੀ ਕਿਉਂ ਨਾ, ਦੋਵੇਂ ਸੁਹਣੇ ਸਨ, ਸਿਆਣੇ ਸਨ, ਇਕੋ ਕਾਲਜ ਦੇ ਵਿਦਿਆਰਥੀ ਸਨ। ਮੈਂ ਹੀ ਮੂਰਖ ਡਾਇਰੈਕਟਰ ਸਾਂ।

ਮੈਂ ਸਿੱਧਾ ਆਪਣੇ ਗੁਆਂਢੀ ਦੀ ਕੋਠੀ ਪਹੁੰਚਾ। ਕਾਲ-ਬੈੱਲ ਵਜਾਈ। ਸੇਠ ਹੁਰੀਂ ਜਾਗਦੇ ਸਨ। ਮੈਨੂੰ ਵਕਤ ਮਿਲ ਗਿਆ। ਮੈਨੂੰ ਆਉਂਦੇ ਦੇਖ ਕੇ ਉਹਨਾਂ ਵੱਧ ਕੇ ਹੱਥ ਮਿਲਾਇਆ ਤੇ ਬਾਂਹ ਵਿਚ ਬਾਂਹ ਪਾ ਕੇ ਸੋਫ਼ੇ ਤੇ ਲਿਆ ਬਿਠਾਇਆ। ਇੱਧਰ ਉੱਧਰ ਦੀਆਂ ਕਾਫ਼ੀ ਗੱਲਾਂ ਹੋਈਆਂ। ਇੰਨੇ ਨੂੰ ਮੋਹਨੀ ਦੇ ਬੂਟਾਂ ਦੀ ਖੜਕਾਰ ਬਾਹਰਲੇ ਫ਼ਰਸ਼ ਤੇ ਹੋਈ ਤੇ ਉਹ "ਪਿਤਾ ਜੀ, ਜਾਗਦੇ ਹੋ ?" ਕਹਿ ਕੇ ਆਪਣੇ ਕਮਰੇ ਵੱਲ ਤੁਰ ਗਈ।

"ਮੈਂ ਸੇਠ ਜੀ ਨੂੰ ਕਿਹਾ, ਮੈਂ ਤੁਹਾਡੇ ਨਾਲ ਬਹੁਤ ਜ਼ਰੂਰੀ ਗੱਲ ਕਰਨ ਆਇਆ ਹਾਂ।"

"ਹੁਕਮ ਕਰੋ", ਸੇਠ ਜੀ ਨੇ ਆਦਰ-ਭਰੇ ਲਹਿਜੇ ਵਿਚ ਕਿਹਾ।

"ਮੈਂ ਪਤਾ ਲਾਇਆ ਹੈ ਕਿ ਪ੍ਰੀਤਮ ਤੇ ਮੋਹਨੀ ਦਾ ਇਕ ਦੂਜੇ ਨਾਲ ਪਿਆਰ ਹੈ।"

"ਇਹ ਕਿਵੇਂ ਹੋ ਸਕਦਾ ਹੈ ?" ਸੇਠ ਜੀ ਨੇ ਹੈਰਾਨੀ ਨਾਲ ਅੱਖਾਂ ਪਾੜ ਪਾੜ ਕੇ ਮੇਰੇ ਵੱਲ ਦੇਖਦਿਆਂ ਕਿਹਾ।

"ਮੈਂ ਹੁਣੇ ਸਿਨਮਾ ਤੋਂ ਆ ਰਿਹਾ ਹਾਂ ਤੇ ਇਹ ਦੋਵੇਂ ਵੀ ਉੱਥੇ ਹੀ ਸਨ। ਮੈਂ ਲੁੱਕ ਕੇ ਇਹਨਾਂ ਦੀਆਂ ਗੱਲਾਂ ਸੁਣਦਾ ਰਿਹਾ ਹਾਂ।"

"ਬਿਲਕੁਲ ਝੂਠ ਹੈ ! ਮੈਂ ਨਹੀਂ ਮੰਨ ਸਕਦਾ। ਮੇਰੀ ਬੇਟੀ ਇਹੋ ਜਿਹੀ ਨਹੀਂ।"

"ਮੋਹਨੀ ਨੂੰ ਬੁਲਾ ਕੇ ਪੁੱਛ ਲਵੋ", ਮੈਂ ਹੀਆ ਕਰ ਕੇ ਕਿਹਾ।

"ਮੋਹਨੀ...ਈਂ...ਈਂ !" ਸੇਠ ਨੇ ਇਕ ਚੀਕਵੀਂ ਅਵਾਜ਼ ਦਿੱਤੀ ਤੇ ਉਹ ਕੋਠੀ ਵਿਚ ਗੂੰਜ ਪਈ।

"ਆਈ, ਪਿਤਾ ਜੀ !" ਮੋਹਨੀ ਨੇ ਆਪਣੇ ਕਮਰੇ ਵਿਚੋਂ ਅਤ ਕੋਮਲ ਲਮਕਵੀਂ ਅਵਾਜ਼ ਦਿੱਤੀ।

ਥੋੜ੍ਹੇ ਚਿਰ ਵਿਚ ਮੋਹਨੀ ਆਪਣੀ ਸਾਦੀ ਸਾੜ੍ਹੀ ਤੇ ਚਟ-ਚਟ ਕਰਦੀ ਨਵੀਂ ਕਿਸਮ ਦੀ ਚਪਲੀ ਪਾਈ ਆਈ ਤੇ ਮੈਨੂੰ ਪ੍ਰਣਾਮ ਕੀਤਾ।

"ਬੇਟੀ ਡਾਇਰੈਕਟਰ ਸਾਹਿਬ ਆਖਦੇ ਹਨ ਕਿ ਤੇਰਾ ਪ੍ਰੀਤਮ ਨਾਲ ਪਿਆਰ ਹੈ ਤੇ ਹੁਣ ਉਸ ਨਾਲੋਂ ਸਿਨਮਾ ਵਿਚੋਂ ਆਈ ਏਂ।"

ਮੋਹਨੀ ਪਹਿਲੋਂ ਘਬਰਾਈ। ਚੋਰ-ਅੱਖੀਂ ਮੇਰੇ ਵੱਲ ਡਿੱਠਾ। ਮੇਰੀ ਦ੍ਰਿੜ੍ਹਤਾ ਵੇਖ ਕੇ ਸ਼ਰਮਾਉਂਦੀ ਹੋਈ ਬੋਲੀ, "ਪਿਤਾ ਜੀ, ਕਿਸੇ ਬਜ਼ੁਰਗ ਨੂੰ ਮੈਂ ਝੂਠਾ ਤੇ ਨਹੀਂ ਨਾ ਕਹਿ ਸਕਦੀ।"

"ਤਾਂ ਕੀ ਇਹ ਸੱਚ ਹੈ ?" ਸੇਠ ਨੇ ਕੜਕ ਕੇ ਕਿਹਾ।

ਮੋਹਨੀ ਨੇ ਸਿਰ ਨੀਵਾਂ ਪਾ ਲਿਆ।

"ਡਾਇਰੈਕਟਰ ਸਾਹਿਬ, ਭਾਵੇਂ ਇਹ ਗੱਲ ਸੱਚ ਵੀ ਹੈ, ਪਰ ਮੈਂ ਕੁਝ ਨਹੀਂ ਕਰ ਸਕਦਾ। ਪੈਸਾ ਹੀ ਤਾਂ ਸਭ ਕੁਝ ਨਹੀਂ, ਸ਼ੁਹਰਤ ਹੀ ਤਾਂ ਸਭ ਕੁਝ ਨਹੀਂ। ਜ਼ਾਤਾਂ ਵੀ ਤਾਂ ਕੁਝ ਅਰਥ ਰੱਖਦੀਆਂ ਹਨ ਤੇ ਮਜ਼ਬ ਵੀ।"

ਮੋਹਨੀ ਨੇ ਝਕਦਿਆਂ ਝਕਦਿਆਂ ਆਖਿਆ, "ਮੈਂ ਹੋਰ ਕਿਸੇ ਨਾਲ....."

ਸੇਠ ਨੇ ਵਿਚੋਂ ਟੁਕਦਿਆਂ ਕਿਹਾ, "ਨਿਰਲੱਜ ! ਉਹੋ ਹੋਵੇਗਾ ਜੋ ਮੈਂ ਚਾਹਾਂਗਾ।"

"ਤਾਂ ਮੈਂ ਕਦੀ ਸ਼ਾਦੀ ਨਹੀਂ ਕਰਾਵਾਂਗੀ!" ਮੋਹਨੀ ਨੇ ਕਿਹਾ ਤੇ ਉਸ ਦੀਆਂ ਅੱਖਾਂ ਵਿਚ ਭੀਸ਼ਮ ਵਰਗਾ ਪ੍ਰਣ ਸੀ।

ਮੈਂ ਘਬਰਾ ਕੇ ਉੱਠ ਬੈਠਾ। ਮੇਰਾ ਛੇ ਸਾਲ ਦਾ ਲੜਕਾ ਗੁਆਂਢੀਆਂ ਦੀ ਚਾਰ ਸਾਲ ਦੀ ਮੋਹਨੀ ਨਾਲ ਘਰ ਬਣਾਉਣ ਬਣਾਉਣ ਖੇਡ ਰਿਹਾ ਸੀ। ਟਾਈਮਪੀਸ ਵੱਲ ਦੇਖਿਆ, ਮਸੀਂ ਪੰਦਰ੍ਹਾਂ ਮਿੰਟ ਹੋਏ ਸਨ ਮੇਰੀ ਅੱਖ ਲੱਗੀ ਨੂੰ। ਮੈਂ ਪ੍ਰੀਤਮ ਤੇ ਮੋਹਨੀ ਨੂੰ ਵਾਰੋ ਵਾਰੀ ਚੁੱਕ ਕੇ ਚੁੰਮਿਆ।

ਛੇਤੀ ਹੀ ਮੈਂ ਕਹਾਣੀ ਲਿਖਣ ਲੱਗ ਪਿਆ, "ਕੋਈ ਰਸਾਲਾ ਦਸ ਰੁਪਈਏ, ਭੇਜੇਗਾ", ਮੈਂ ਸੋਚਿਆ, "ਤੇ ਮਾਂ-ਮਹਿੱਟਰ ਪ੍ਰੀਤਮ ਲਈ ਇਕ ਸਵੈਟਰ ਖ਼ਰੀਦਾਂਗਾ ਤੇ ਮੋਹਨੀ ਲਈ ਕੁਝ ਖਿਡੌਣੇ।"

-0-

# ਰਾਸ ਲੀਲ੍ਹਾ

(੧)

ਮੈਂ ਉਦੋਂ ਕੋਈ ਨਵਾਂ-ਦਸਾਂ ਸਾਲਾਂ ਦਾ ਹੋਵਾਂਗਾ। ਜਿਸ ਕੋਠੀ ਵਿਚ ਅਸੀਂ ਰਹਿੰਦੇ ਸਾਂ ਉਸ ਦੇ ਵਿਚ ਰਹਿਣ ਲਈ ਤਿੰਨਾਂ ਟੱਬਰਾਂ ਲਈ ਖੁਲ੍ਹੀ ਥਾਂ ਸੀ। ਇਕ ਹਿੱਸੇ ਵਿਚ ਅਸੀਂ ਰਹਿੰਦੇ ਸਾਂ ਤੇ ਦੂਸਰੇ ਵਿਚ ਅੰਮ੍ਰਿਤਸਰ ਦੇ ਮਸ਼ਹੂਰ ਠੇਕੇਦਾਰ ਸਰਦਾਰ। ਤੀਸਰਾ ਵੀ ਇਕ ਹਿੰਦੂ ਵਪਾਰੀ ਸੀ ਤੇ ਉਸ ਦੀ ਉਮਰ ਹੁਣ ਦੀ ਪਰਖ ਅਨੁਸਾਰ ਕੋਈ ਸੱਠ-ਪੈਂਹਠ ਸਾਲ ਦੀ ਸੀ। ਉਹ ਮੇਰੇ ਜਨਮ ਤੋਂ ਹੀ ਇਸ ਬਾੜੀ ਵਿਚ ਰਹਿੰਦਾ ਸੀ ਤੇ ਮੇਰੇ ਨਾਲ ਬੜਾ ਪਿਆਰ ਕਰਦਾ ਸੀ। ਮੈਂ ਸੁਣਿਆ ਸੀ ਕਿ ਉਸ ਦਾ ਉਸ ਤੋਂ ਸਿਵਾ ਹੋਰ ਕੋਈ ਨਹੀਂ ਸੀ। ਖ਼ਵਰੇ ਇਸੇ ਕਰਕੇ ਉਸ ਨੇ ਆਪਣਾ ਵਿਆਹ ਉੱਥੋਂ ਦੇ ਗ਼ਰੀਬ ਘਰ ਨੂੰ ਪੈਸਾ ਦੇ ਕੇ ਕੀਤਾ ਸੀ। ਤਿੰਨ ਚਾਰ ਮਹੀਨੇ ਤੋਂ ਮੈਂ ਬਾਬੇ ਦਾ ਬੂਹਾ ਹਮੇਸ਼ਾ ਬੰਦ ਦੇਖਦਾ ਸਾਂ, ਭਾਵੇਂ ਬਾਹਰ ਜਿੰਦਾ ਕੁੰਡਾ ਕਦੇ ਨਹੀਂ ਸੀ ਲੱਗਾ ਹੁੰਦਾ।

ਇਕ ਦਿਨ ਜਦ ਮੈਂ ਸਕੂਲੋਂ ਮੁੜਿਆ, ਤਾਂ ਉਹ ਬੂਹਾ ਖੁਲ੍ਹਾ ਸੀ ਤੇ ਮੈਂ ਬਾਬੇ ਨੂੰ ਅੰਦਰ ਦੇਖ ਕੇ ਲਾਡ ਨਾਲ "ਬਾਬਾ! ਬਾਬਾ !" ਕਰਦਾ ਜਿਉਂ ਹੀ ਅੰਦਰ ਵੜਿਆ, ਤਿਉਂ ਹੀ ਉਸ ਘੂਰੀ ਵੱਟ ਕੇ ਚਪੇੜ ਦਿਖਾਈ ਤੇ ਮੂੰਹ ਦੇ ਅੱਗੇ ਉਂਗਲ ਰੱਖ ਕੇ ਚੁੱਪ ਰਹਿਣ ਦਾ ਇਸ਼ਾਰਾ ਕਰਦਿਆਂ ਬਾਹਰ ਨਿਕਲ ਜਾਣ ਨੂੰ ਆਖਿਆ। ਮੈਂ ਹੈਰਾਨ ਸਾਂ ਤੇ ਹੈਰਾਨੀ ਦੇ ਨਿਸ਼ਾਨ ਜ਼ਰੂਰ ਬਾਬੇ ਨੇ ਵੀ ਮੇਰੇ ਚਿਹਰੇ ਤੋਂ ਪੜ੍ਹੇ ਹੋਣਗੇ। ਮੈਂ ਪਿਛਲੀ ਪੈਰੀਂ ਵਾਪਸ ਮੁੜਿਆ ਹੀ ਸਾਂ ਕਿ ਬਾਬੇ ਨੇ ਮੈਨੂੰ ਬਸਤੇ ਸਮੇਤ ਕੁੱਛੜ ਚੁੱਕ ਲਿਆ ਤੇ ਬਾਹਰ ਲਿਆ ਕੇ ਇਕ ਆਨਾ ਮੇਰੀ ਤਲੀ ਤੇ ਰੱਖ ਕੇ ਕਿਹਾ, "ਕ੍ਰਿਸ਼ਨ ! ਹੁਣ ਮੈਨੂੰ ਚਾਚਾ ਆਖਿਆ ਕਰ। ਕਹੇਂਗਾ ਨਾ ?" ਆਪਣੇ ਸਵਾਲ ਦਾ ਜਵਾਬ ਮੇਰੇ 'ਹਾਂ' ਵਿਚ ਸਿਰ ਹਿਲਾਉਣ ਤੋਂ ਲੈ ਕੇ, ਉਸ ਮੈਨੂੰ ਪਿਆਰ ਨਾਲ ਥੱਲੇ ਉਤਾਰ ਦਿੱਤਾ।

ਘਰ ਪਹੁੰਚਦਿਆਂ ਹੀ ਝਾਈ ਜੀ ਨੇ ਦੁੱਧ ਦਾ ਗਿਲਾਸ ਦਿੱਤਾ ਤੇ ਆਖਿਆ ਕਿ ਨਿੱਕੀ ਜਹੀ ਪਰੌਂਠੀ ਹੁਣੇ ਲਾਹ ਦਿੰਦੀ ਹਾਂ। ਇੰਨੇ ਨੂੰ ਬਾਬੇ ਦੀ ਨੌਕਰਾਣੀ ਮੈਨੂੰ ਬੁਲਾਣ ਆ ਗਈ। ਝਾਈ ਨੇ ਆਖਿਆ, "ਜਾਹ ਕਾਕਾ, ਤੇਰੇ ਤਾਏ ਨੇ ਸੱਦਿਆ ਹੋਣਾ ਏ।"

ਮੈਂ ਹੈਰਾਨ ਹੋ ਕੇ ਪੁੱਛਿਆ, "ਕਿਹੜਾ ਤਾਇਆ ? ਠੇਕੇਦਾਰ ਤਾਇਆ ?"

ਝਾਈ ਨੇ ਉੱਤਰ ਦਿੱਤਾ, "ਕੱਪੜੇ ਵਾਲਾ ਤਾਇਆ।"

ਮੈਂ ਕਿਹਾ, "ਬਾਬਾ ਤੇ ਆਖਦਾ ਸੀ, ਮੈਂ ਤੇਰਾ ਚਾਚਾ ਹਾਂ।"

ਝਾਈ ਹੱਸ ਪਈ ਤੇ ਆਖਿਆ, "ਆਹੋ, ਉਸੇ ਸੱਦਿਆ ਹੈ। ਇਹ ਉਸ ਦੀ ਨਵੀਂ ਨੌਕਰਾਣੀ ਹੈ, ਕਾਕਾ ! ਤੇਰੀ ਤਾਈ ਨੇ ਸੱਦਿਆ ਹੋਣਾ ਏਂ।"

ਮੈਂ ਇਹੋ ਜਹੀਆਂ ਗੱਲਾਂ ਸੁਣ ਕੇ ਚਕਰਾ ਗਿਆ ਤੇ ਪਰੌਂਠੀ ਮੁੜ ਖਾਣ ਦੇ ਖ਼ਿਆਲ ਨਾਲ ਮੈਂ ਨੌਕਰਾਣੀ ਨਾਲ ਤੁਰ ਪਿਆ।

ਮੈਂ ਜਦ ਚਾਚੇ ਦੇ ਅੰਦਰ ਵੜਿਆ ਤਾਂ ਉਸ ਨੇ ਮੈਨੂੰ ਪਹਿਲੇ ਵਾਂਗ ਕੁੱਛੜ ਚੁੱਕ ਲਿਆ ਤੇ ਉਸੇ ਤਰ੍ਹਾਂ ਮੈਨੂੰ ਵੱਖੀ ਵਾਲੇ ਕਮਰੇ ਵਿਚ ਲੈ ਗਿਆ। ਲੋਹੇ ਦੇ ਪਲੰਘ ਲਾਗੇ ਇਕ ਲੰਮੀ ਅਲਮਾਰੀ ਦੇ ਕਦ- ਆਦਮ ਸ਼ੀਸ਼ੇ ਵਿਚ ਇਕ ਕਣਕ-ਭਿੰਨੀ ਪਤਲੀ-ਮਲੂਕ ਤੀਵੀਂ ਆਪਣੇ ਗੋਡਿਆਂ ਤੱਕ ਲੰਮੇ, ਕਾਲੇ ਭਾਰੇ ਵਾਲਾਂ ਨੂੰ ਸਵਾਰ ਰਹੀ ਸੀ। ਸ਼ੀਸ਼ੇ ਵਿਚੋਂ ਸਾਨੂੰ ਆਉਂਦਿਆਂ ਦੇਖ ਕੇ ਉਸ ਮੂੰਹ ਸਾਡੇ ਵੱਲ ਕਰਨ ਤੋਂ ਪਹਿਲਾਂ ਪੰਜਾਬੀ ਰਿਵਾਜ ਅਨੁਸਾਰ, ਸਾੜ੍ਹੀ ਦਾ ਪੱਲਾ ਸਿਰ ਤੇ ਲੈ ਲਿਆ। ਚਾਚਾ ਜੀ ਨੇ ਕਿਹਾ, "ਕ੍ਰਿਸ਼ਨ, ਤੇਰੀ ਚਾਚੀ।"

ਮੈਂ ਘਰ ਦੀ ਸਿਖਿਆ ਮੂਜਬ ਚਾਚੀ ਜੀ ਦੇ ਪੈਰਾਂ ਤੇ ਮੱਥਾ ਟੇਕਣ ਲਈ ਉਤਰਿਆ ਤਾਂ ਚਾਚੀ ਨੇ ਪੈਰ ਪਿਛਾਂਹ ਖਿੱਚ ਲਏ ਤੇ ਮੈਨੂੰ ਫੜ ਕੇ ਆਪਣੇ ਨਾਲ ਘੁੱਟ ਲਿਆ। ਮੇਰੀਆਂ ਬਾਹਵਾਂ, ਜੋ ਮਸੀਂ ਉਸ ਦੀ ਕਮਰ ਤੱਕ ਪਹੁੰਚੀਆਂ ਸਨ, ਪਿਆਰ ਨਾਲ ਦੁਆਲੇ ਕੱਸੀਆਂ ਗਈਆਂ। ਉਸ ਨੇ ਮੇਰੇ ਸਿਰ ਦੇ ਵਾਲਾਂ ਵਿਚ ਲੰਮੇ ਲੰਮੇ ਕੋਮਲ ਪੋਟੇ ਫੇਰਦਿਆਂ ਕਿਹਾ, "ਕਿੱਡਾ ਪਿਆਰਾ ਹੈ, ਇਹ ਬਾਲਕ !"

"ਰਾਮ ਪਿਆਰੀ !" ਚਾਚੇ ਨੇ ਕਿਹਾ, "ਇਹ ਮੈਨੂੰ ਵੀ ਬੜਾ ਪਿਆਰਾ ਹੈ। ਮੈਂ ਇਸ ਨੂੰ ਪੋਟਿਆਂ ਨਾਲ ਮਿਣ ਮਿਣ ਕੇ ਪਾਲਿਆ ਹੈ।"

ਮੈਨੂੰ ਚੇਤਾ ਹੈ, ਜਦ ਮੈਂ ਚਾਚੀ ਦੇ ਦਵਾਲਿਓਂ ਆਪਣੀਆਂ ਬਾਹਾਂ ਖੋਲ੍ਹੀਆਂ ਸਨ ਤਾਂ ਉਸ ਇਕ ਡੂੰਘਾ ਸਾਹ ਖਿੱਚਿਆ ਸੀ।

ਚਾਚੇ ਨੇ ਪੁੱਛਿਆ, "ਕਿਉਂ ਕੀ ਗੱਲ ਹੈ, ਪਿਆਰੀ ?"

"ਕੁਝ ਨਹੀਂ !" ਉਸ ਫਿਰ ਉਸੇ ਤਰ੍ਹਾਂ ਕਰਦਿਆਂ ਕਿਹਾ ਤੇ ਕੁਝ ਚਿਰ ਠਹਿਰ ਕੇ ਮੈਨੂੰ ਬੜੇ ਪਿਆਰ ਨਾਲ ਪੁੱਛਿਆ, "ਤੇਰਾ ਨਾਂ ਕੀ ਹੈ, ਬੱਚੇ ?"

ਮੇਰੇ ਦੱਸਣ ਤੇ ਉਸ ਗ਼ੈਰ ਪੰਜਾਬੀਆਂ ਵਾਂਗ ਦੁਹਰਾਇਆ, "ਕ੍ਰਿਸ਼ਨ ਚੰਦ੍ਰ !"

ਵਾਲ ਬਿਨਾਂ ਸਾਂਭਿਆਂ ਸਾਬਣ ਨਾਲ ਹੱਥ ਧੋ ਕੇ ਤੇ ਇਕ ਪਿਰਚ ਵਿਚ ਮਲਾਈ, ਚੌਲ ਪਾ ਕੇ ਉਸ ਮੈਨੂੰ ਖਾਣ ਲਈ ਦਿੱਤੇ। ਬੜੇ ਸੁਆਦਾਂ ਨਾਲ ਖਾ ਕੇ ਪਰੌਂਠੀ ਦਾ ਚੇਤਾ ਭੁਲਾ ਕੇ, ਮੈਂ ਬਾਹਰ ਖੇਡਣ ਤੁਰ ਗਿਆ।

ਕੋਈ ਤੀਸਰੇ ਦਿਨ ਮਗਰੋਂ ਦੀ ਗੱਲ ਹੈ ਕਿ ਜਦ ਮੈਂ ਸਕੂਲੋਂ ਮੁੜ ਰਿਹਾ ਸੀ ਤਾਂ ਚਾਚੇ ਦੇ ਥੋੜੇ ਜਹੇ ਖੁਲ੍ਹੇ ਬੂਹੇ 'ਚੋਂ ਮੈਨੂੰ ਕੋਈ ਪਛਾਣੀ ਹੋਈ ਅਵਾਜ਼ ਬੁਲਾਉਂਦੀ ਜਾਪੀ। ਮੈਂ ਬਸਤੇ ਸਮੇਤ ਬੂਹਾ ਖੋਲ੍ਹ ਕੇ ਅੰਦਰ ਜਾ ਵੜਿਆ। ਅੰਦਰ ਕੋਈ ਨਹੀਂ ਸੀ। ਪਤਾ ਨਹੀਂ ਕਿਉਂ, ਮੈਂ ਬਾਹਰ ਦਾ ਬੂਹਾ ਢੋ ਦਿੱਤਾ ਤੇ ਉਸ ਦਿਨ ਵਾਲੇ ਕਮਰੇ ਵੱਲ ਵਧਿਆ। ਚਾਚੀ ਓਸੇ ਤਰ੍ਹਾਂ ਫੇਰ ਵਾਲ ਸਵਾਰ ਰਹੀ ਸੀ। ਮੈਨੂੰ ਸ਼ੀਸ਼ੇ ਵਿਚੋਂ ਅੰਦਰ ਆਉਂਦਾ ਵੇਖ ਕੇ ਉਸ ਆਪਣਾ ਮੂੰਹ ਮੇਰੇ ਵੱਲ ਮੋੜ ਲਿਆ। ਪਰ ਕਲ੍ਹ ਵਾਂਗ ਉਸ ਸਿਰ ਤੇ ਸਾੜ੍ਹੀ ਕੋਈ ਨਾ ਲਈ। ਕੁਝ ਚਿਰ ਝਿਜਕ ਕੇ ਉਸ, ਉਸ ਦਿਨ ਵਾਂਗ ਬਾਹਾਂ ਖਿਲਾਰ ਦਿੱਤੀਆਂ। ਮੈਂ ਓਥੇ ਖਲੋਤਾ ਹੀ ਉਸ ਦੇ ਗੋਲ, ਸੋਹਣੇ ਚਿਹਰੇ ਵੱਲ ਤੱਕਦਾ ਰਿਹਾ। ਹੌਲੀ ਹੌਲੀ ਉਸ ਦੀਆਂ ਅੱਖਾਂ ਵਿਚ ਦੋ ਮੋਟੇ ਮੋਟੇ ਅੱਥਰੂ ਇਕੱਠੇ ਹੋ ਗਏ। ਮੇਰੇ ਕੋਲੋਂ ਨਾ ਰਿਹਾ ਗਿਆ। ਮੈਂ ਇਹ ਵੀ ਨਾ ਪੁੱਛਿਆ ਕਿ ਉਹ ਰੋਂਦੀ ਕਿਉਂ ਹੈ ਤੇ ਬਾਹਾਂ ਪਸਾਰ ਕੇ ਜਿਉਂ ਹੀ ਅਗਾਂਹ ਵਧਿਆ-ਉਹ ਗੋਡਿਆ ਭਾਰ ਹੋ ਗਈ। ਮੇਰੀਆਂ ਦੋਵੇਂ ਬਾਹਾਂ ਉਸ ਦੀ ਪਿੱਠ ਦੇ ਦੁਆਲੇ ਕੱਸੀਆਂ ਗਈਆਂ ਤੇ ਉਸ ਨੇ ਮੈਨੂੰ ਆਪਣੀ ਕੱਸ ਲਿਆ। ਉਸ ਦਿਨ ਮੈਂ ਪਹਿਲੀ ਵਾਰ ਕੋਮਲਤਾ ਦਾ ਅਹਿਸਾਸ ਕੀਤਾ। ਮੇਰੇ ਪਿੰਡੇ ਵਿਚ, ਸੱਚ ਦੱਸਦਾ ਹਾਂ ਕੰਬਣੀ ਛਿੜ ਗਈ। ਚਾਚੀ ਨੇ ਸੱਜਾ ਹੱਥ ਢਿੱਲਾ ਕਰ ਕੇ ਮੇਰੀ ਗਲ੍ਹ ਆਪਣੀ ਖੱਬੀ ਗਲ੍ਹ ਨਾਲ ਲਾ ਲਈ ਤੇ ਕਿੰਨਾ ਚਿਰ ਹੀ ਅਸੀਂ ਏਸੇ ਤਰ੍ਹਾਂ ਰਹੇ। ਆਖ਼ਰ ਉਸ ਦੇ ਹੰਝੂ ਮੇਰੀ ਗਲ੍ਹ ਤੋਂ ਵਹਿ ਤੁਰੇ। ਇਹ ਗਿੱਲੇ ਵੀ ਸਨ ਤੇ ਕੋਸੇ ਵੀ। ਮੈਂ ਹੋਸ਼ ਵਿਚ ਆ ਗਿਆ ਸਾਂ। ਮੈਂ ਜਦ ਉਸ ਦੇ ਚਿਹਰੇ ਵੱਲ ਨੇੜਿਓਂ ਤੱਕਿਆ ਤਾਂ ਉਸ ਦੇ ਬੁਲ੍ਹ ਕੰਬ ਰਹੇ ਸਨ ਤੇ ਅੱਖਾਂ ਮੀਟੀਆਂ ਹੋਈਆਂ ਸਨ। ਆਖ਼ਰ ਉਸ ਦੀ ਦੂਸਰੀ ਬਾਂਹ ਵੀ ਢਿੱਲੀ ਹੋਈ ਤੇ ਉਸ ਹੌਲੀ ਹੌਲੀ ਅੱਖਾਂ ਖੋਲ੍ਹੀਆਂ। ਅੱਜ-ਕਲ੍ਹ ਦੀ ਸੂਝ ਮੂਜਬ ਮੈਂ ਕਹਿ ਸਕਦਾ ਹਾਂ ਕਿ

ਉਹ ਸੁੱਤੀਆਂ ਉੱਠੀਆਂ ਅੱਖੀਆਂ ਵਾਂਗ ਭਾਰੀਆਂ ਤੇ ਅਲਸਾਈਆਂ ਹੋਈਆਂ ਸਨ। ਮੈਂ ਪੁੱਛਣਾ ਚਾਹਿਆ, "ਚਾਚੀ......"

ਉਸ ਨੇ ਅੱਧ 'ਚੋਂ ਹੀ ਰਲੀ-ਮਿਲੀ ਬੰਗਲਾ ਤੇ ਹਿੰਦੀ ਵਿਚ ਕਿਹਾ, "ਕ੍ਰਿਸ਼ਨ ਚੰਦ੍ਰ, ਮੇਰਾ ਨਾਂ ਰਾਧਾ ਹੈ। ਰਾਧਾ ਕਹਿ ਕੇ ਆਵਾਜ਼ ਮਾਰਿਆ ਕਰੋ।"

ਮੈਂ ਸਿਰ ਨਾਲ ਸੱਤ-ਬਚਨ ਕਰ ਕੇ ਤੇ ਆਪਣੇ ਪਹਿਲੇ ਸੁਆਲ ਨੂੰ ਭੁਲਦਿਆਂ ਪੁੱਛਿਆ, "ਚਾਚਾ ਕਿੱਥੇ ਹੈ ?"

ਰਾਧਾ ਨੇ ਆਖਿਆ, "ਉਹ ਮੰਗਲਾ-ਹਾਟ ਦੁਕਾਨ ਲੈ ਕੇ ਗਿਆ ਹੈ। ਮੱਸਿਆ ਤੋਂ ਸਿਵਾ ਉਹ ਕਦੇ ਐਸ ਵੇਲੇ ਵਿਹਲਾ ਨਹੀਂ ਹੁੰਦਾ।"

"ਨੌਕਰਾਣੀ ?" ਮੈਂ ਪੁੱਛਿਆ।

"ਉਹ ਕੱਢ ਦਿੱਤੀ", ਉਸ ਉੱਤਰ ਦਿੱਤਾ, "ਉਹ ਚੰਗੀ ਨਹੀਂ ਸੀ ਤੇ ਹੁਣ ਮੈਂ ਸਭ ਕੰਮ ਆਪ ਕਰ ਸਕਾਂਗੀ।"

ਅਚਾਨਕ ਉਸ ਨੂੰ ਪਤਾ ਨਹੀਂ ਕੀ ਹੋਇਆ। ਉਸ ਮੇਰੇ ਬਸਤੇ ਨੂੰ, ਜੋ ਹਾਲੀ ਤੱਕ ਮੇਰੇ ਮੋਢੇ ਤੋਂ ਖੱਬੀ ਵੱਖੀ ਵੱਲ ਲਮਕ ਰਿਹਾ ਸੀ, ਉਤਾਰ ਦਿੱਤਾ। ਮੇਰਾ ਕੋਟ ਲਾਹ ਕੇ ਪਲੰਘ ਤੇ ਸੁੱਟ ਪਾਇਆ। ਮੇਰਾ ਬੂਟ ਤਸਮੇ ਖੋਲ੍ਹ ਕੇ ਲਾਹ ਦਿੱਤਾ। ਉਸ ਮੇਰੀ ਸੱਜੀ ਲੱਤ ਨੂੰ ਅਗਾਂਹ ਕਰ ਕੇ ਗੋਡੇ ਤੋਂ ਝੁਕਾ ਦਿੱਤਾ ਤੇ ਲੱਤ ਨੂੰ ਪੱਬ ਪਰਨੇ ਖੜੀ ਰਹਿਣ ਦਿੱਤਾ ਤੇ ਖੱਬੀ ਲੱਤ ਜਿਉਂ ਦੀ ਤਿਉਂ ਸਿੱਧੀ ਰਹਿਣ ਦਿੱਤੀ। ਫੇਰ ਉਹ ਅੱਖਾਂ ਨਾਲ ਚਾਰ-ਚੁਫੇਰੇ ਭਾਲ ਕਰਦੀ ਜਾਪੀ ਫੁਰਤੀ ਨਾਲ ਉਹ ਇਕ ਕਿੱਲੀ ਤੋਂ ਲੱਕੜ ਦੀ ਸੋਟੀ ਲਾਹ ਲਿਆਈ ਤੇ ਮੇਰੇ ਦੋਹਾਂ ਹੱਥਾਂ ਵਿਚ ਲੰਮੇ ਦਾਅ ਫੜਾ ਕੇ ਇਕ ਸਿਰੇ ਵਲੋਂ ਮੇਰੇ ਬੁਲ੍ਹਾਂ ਤੇ ਰੱਖ ਦਿੱਤੀ। ਫਿਰ ਉਹ ਪਿਛਾਂਹ ਹਟ ਕੇ ਦੇਖਣ ਲੱਗ ਪਈ। ਉਸ ਦੇ ਬੁਲ੍ਹਾਂ ਤੇ ਇਕ ਕੋਮਲ ਮੁਸਕ੍ਰਾਹਟ ਆਈ ਤੇ ਉਸ ਲੰਮੀ ਸਾਰੀ 'ਹੂੰ' ਕੀਤੀ। ਕੁਝ ਚਿਰ ਪਿੱਛੋਂ ਉਹ ਆਪਣੇ ਸ਼ਿੰਗਾਰ-ਟੇਬਲ ਦੇ ਦਰਾਜ਼ ਵਿਚੋਂ ਇਕ ਗੁਲਾਬੀ ਰੇਸ਼ਮੀ ਫੀਤਾ ਕੱਢ ਲਿਆਈ ਤੇ ਉਸ ਨੇ ਮੇਰੇ ਸੁਨਹਿਰੀ ਵਾਲ ਪਰ੍ਹੇ, ਹਟਾਉਂਦਿਆਂ ਹੋਇਆਂ ਸਿਰ ਦੁਆਲੇ ਬੰਨ੍ਹ ਕੇ, ਖੱਬੇ ਕੰਨ ਲਾਗੇ ਫੁੱਲ ਬਣਾ ਦਿੱਤਾ। ਸ਼ੀਸ਼ੇ ਵਾਲੀ ਲੰਮੀ ਅਲਮਾਰੀ ਖੋਲ੍ਹ ਕੇ ਉਸ ਇਕ ਪੀਲੀ ਬਨਾਰਸੀ ਸਾੜ੍ਹੀ ਕੱਢੀ। ਉਸ ਨੂੰ ਫੋਲਦੀ ਫੋਲਦੀ ਉਹ ਦੂਸਰੀ ਕੰਧ ਤੇ ਇਕ ਵੱਡੀ ਤਸਵੀਰ ਵੱਲ ਵਧੀ, ਜਿਸ ਨੂੰ ਇਕ ਸਿਹਰਾ ਚੜ੍ਹਾਇਆ ਹੋਇਆ ਸੀ। ਬੜੇ ਗਹੁ ਨਾਲ ਉਸ ਨੂੰ ਦੇਖ ਉਹ ਮੇਰੇ ਵੱਲ ਮੁੜੀ ਤੇ ਮੇਰੇ ਲੱਕ ਦੁਆਲੇ ਉਸ ਨੂੰ ਦੇਖ ਦੇਖ ਕੇ ਧੋਤੀ ਬੰਨ੍ਹਣ ਲੱਗੀ। ਧੋਤੀ ਸਜਾ ਕੇ ਉਹ ਬੜੀ ਪ੍ਰਸੰਨ ਜਹੀ

ਬਿਹਬਲਤਾ ਵਿਚ ਨਿਚੱਲੀ ਦਿੱਸਣ ਲੱਗੀ ਠੇਕੇਦਾਰ ਸਰਦਾਰਾਂ ਦੀ ਨਿੱਕੀ ਕੁੜੀ ਨਵੇਂ ਖਿਡੌਣੇ ਨੂੰ ਆਪਣੇ ਵੱਡੇ ਵੀਰ ਕੋਲੋਂ ਲੈ ਕੇ ਇਸੇ ਤਰ੍ਹਾਂ ਕਰਦੀ ਹੁੰਦੀ ਸੀ। ਮੈਨੂੰ ਤੇ ਰਾਧਾ ਓਹੋ ਜਿਹੀ ਹੀ ਜਾਪੀ।

ਥੋੜ੍ਹੇ ਚਿਰ ਮਗਰੋਂ ਉਸ ਫੁਰਤੀ ਨਾਲ ਸੋਟੀ ਖੋਹ ਕੇ ਬਸਤੇ ਲਾਗੇ ਵਗਾਹ ਮਾਰੀ। ਮੈਨੂੰ ਆਪਣੀਆਂ ਬਾਹਾਂ 'ਚ ਲੱਕ ਨਾਲ ਕੱਸ ਕੇ ਉਸ ਬੜੀ ਤੇਜ਼ੀ ਨਾਲ ਪੰਜ-ਸੱਤ-ਦਸ ਭਾਂ ਭਾਂ ਬਿੱਲੀਆਂ ਕਰ ਕੇ ਖਲ੍ਹਿਆਰ ਦਿੱਤਾ। ਮੈਂ ਡਿੱਗਦਾ ਡਿੱਗਦਾ ਮਸੀਂ ਬਚਿਆ। ਉਸ ਮੇਰੀਆਂ ਤੱਤੀਆਂ ਤੱਤੀਆਂ ਜਾਪਦੀਆਂ ਗੱਲ੍ਹਾਂ ਨੂੰ ਦੋਹਾਂ ਤਲੀਆਂ ਵਿਚ ਘੁੱਟ ਕੇ ਮੇਰਾ ਮੱਥਾ ਤੇ ਵਾਲ ਚੁੰਮ ਲਏ।

ਹੌਲੀ ਹੌਲੀ ਉਸ ਉਹ ਕੱਪੜੇ ਲਾਹ ਕੇ ਮੇਰੇ ਕੱਪੜੇ ਪਾ ਕੇ ਮੈਨੂੰ ਅੱਗੇ ਵਰਗਾ ਬਣਾ ਦਿੱਤਾ। ਬਵਰਚੀ-ਖ਼ਾਨੇ 'ਚੋਂ ਦੁੱਧ ਦਾ ਨਿੱਕਾ ਚਾਂਦੀ ਦਾ ਗਲਾਸ ਤੇ ਇਕ ਛੋਟੀ ਚਾਂਦੀ ਦੀ ਰਕੇਬੀ ਵਿਚ ਅੰਗੂਰ ਲੈ ਕੇ ਉਸ ਮੇਰੇ ਅੱਗੇ ਲਿਆ ਰੱਖੇ। ਮੈਂ ਪਹਿਲੇ ਦਿਨ ਵਾਂਗ, ਮਾਪਿਆਂ ਦੀ ਆਗਿਆ ਦੇ ਵਿਰੁੱਧ, ਸਭ ਕੁਝ ਖਾ ਪੀ ਗਿਆ। ਇਸ਼ਨਾਨ-ਕਮਰੇ ਵਿਚ ਮੇਰੇ ਹੱਥ, ਤੇ ਨਾਲ ਮੂੰਹ ਵੀ ਧੁਆਇਆ ਗਿਆ। ਬਰਫ਼-ਚਿੱਟੇ ਤੌਲੀਏ ਨਾਲ ਮੂੰਹ ਸਾਫ਼ ਕਰ ਕੇ ਮੈਂ ਬਾਹਰ ਨਿਕਲਿਆ। ਰਾਧਾ ਮੇਰੇ ਮਗਰ ਸੀ। ਉਹ ਮੈਨੂੰ ਸਰਦਾਰਾਂ ਦੀ ਕੁੜੀ ਵਾਂਗ ਇਹ ਕਹਿੰਦੀ ਜਾਪੀ ਸੀ ਕਿ ਕੱਲ੍ਹ ਫਿਰ ਵੀ ਖੇਡਣ ਆਉਣਾ ਤੇ ਮੈਂ ਤੁਹਾਨੂੰ ਬੜਾ ਸੋਹਣਾ ਨਾਚ ਨੱਚ ਕੇ ਦਿਖਾਵਾਂਗੀ।

ਬੂਹਿਓਂ ਬਾਹਰ ਮੀਂਹ ਵਸ ਰਿਹਾ ਸੀ। ਤੇਜ਼ ਹਵਾ ਨਾਰੀਅਲ ਦੇ ਦਰੱਖ਼ਤ ਨੂੰ ਦੂਹਰਿਆਂ ਕਰੀ ਜਾਂਦੀ ਸੀ। ਮੈਂ ਭਿੱਜਦਾ ਭਿੱਜਦਾ ਆਪਣੀ ਨੁੱਕਰ ਮੁੜ ਕੇ ਅੰਦਰ ਵੜਿਆ। ਝਾਈ ਘਬਰਾਈ ਹੋਈ ਉਡੀਕ ਰਹੀ ਸੀ। ਮੈਨੂੰ ਪਿਆਰ ਨਾਲ ਆਪਣੇ ਨਾਲ ਘੁੱਟ ਕੇ ਓਪਰੇ ਗੁੱਸੇ ਨਾਲ ਉਸ ਪੁੱਛਿਆ, "ਕਿੱਥੇ ਰਿਹਾ ਵੇਂ ਏਨਾ ਚਿਰ ?"

ਮੈਂ ਮਾਪਿਆਂ ਤੇ ਕਿਤਾਬਾਂ ਦੀ ਸਿੱਖਿਆ ਦੇ ਉਲਟ ਪਹਿਲੀ ਵਾਰ ਝੂਠ ਬੋਲਦਿਆਂ ਉੱਤਰ ਦਿੱਤਾ, "ਅਵਿਨੇਂਦਰ ਦੇ ਘਰ। ਉਸ ਮਸ਼ੀਨੀ ਲਾਟੂ ਆਂਦੈ, ਝਾਈ ਜੀ !"

ਝਾਈ ਸ਼ਾਂਤ ਹੋ ਗਈ।

(੨)

ਦੂਸਰੇ ਦਿਨ ਮੇਰਾ ਸਕੂਲ ਵਿਚ ਬਿਲਕੁਲ ਦਿਲ ਨਾ ਲੱਗਾ, ਮਸੀਂ ਮਸੀਂ ਛੁੱਟੀ ਦੀ ਘੰਟੀ ਵੱਜੀ। ਬਿਪਨ ਨੇ ਆਪੇ ਚੱਲਣ ਵਾਲੀ ਮੋਟਰ ਬਸਤੇ ਵਿਚ ਪਾ ਕੇ ਆਂਦੀ ਹੋਈ ਸੀ।

ਉਹ ਚਾਹੁੰਦਾ ਸੀ ਕਿ ਸੜਕ ਦੇ ਫ਼ੁਟ-ਪਾਥਾਂ ਤੇ ਅਸੀਂ ਉਸ ਨੂੰ ਚਲਾ ਕੇ ਖੇਡੀਏ, ਪਰ ਮੈਂ ਅੱਜ ਉਸ ਨੂੰ ਸੁੱਕਾ ਜਵਾਬ ਦੇ ਦਿੱਤਾ। ਮੈਂ ਰਾਧਾ ਨਾਲ ਖੇਡਣਾ ਚਾਹੁੰਦਾ ਸਾਂ ਤੇ ਦੇਖਣਾ ਚਾਹੁੰਦਾ ਸਾਂ। ਉਹ ਹੋਣ ਵਾਲਾ ਨਾਚ।

ਮੈਂ ਘਰ ਜਾ ਕੇ ਦੁੱਧ ਨਾ ਪੀਣ ਦਾ ਬਹਾਨਾ ਘੜ ਸੁਣਾਇਆ। ਅਵਿਨੇਂਦਰ ਦੇ ਘਰ ਖੇਡਣ ਦਾ ਝੂਠ ਬੋਲ ਕੇ ਮੈਂ ਰਾਧਾ ਦੇ ਘਰ ਆਣ ਵੜਿਆ। ਰਾਧਾ ਅੱਗੇ ਹੀ ਖੜੀ ਉਡੀਕਦੀ ਸੀ। ਉਸ ਦੀ ਪੁਸ਼ਾਕ ਅੱਜ ਹੱਦ ਈ ਸੀ। ਮੈਂ ਕਦੇ ਕਿਸੇ ਤੀਵੀਂ ਨੂੰ ਇਹੋ ਜਹੀ ਸੁਹਣੀ ਸਾੜ੍ਹੀ ਤੇ ਸ਼ਿੰਗਾਰ ਵਿਚ ਨਹੀਂ ਸੀ ਦੇਖਿਆ। ਉਹ ਮੈਨੂੰ ਆਪਣੀ ਉਂਗਲ ਫੜਾ ਕੇ ਬਵਰਚੀ ਖ਼ਾਨੇ ਵੱਲ ਲੈ ਗਈ। ਇਕ ਆਸਣ ਤੇ ਮੈਨੂੰ ਬਿਠਾ ਕੇ ਉਹ ਆਪ ਭੁੰਜੇ ਹੀ ਬਹਿ ਗਈ। ਸਾਹਮਣੇ ਪਏ ਚਾਂਦੀ ਦੇ ਭਾਂਡਿਆਂ ਵਿਚ ਦੁੱਧ, ਮਲਾਈ, ਚੌਲ, ਇਥੋਂ ਤੱਕ ਕਿ ਫੁਲਕੇ, ਸਬਜ਼ੀ ਤੇ ਮੱਖਣ ਵੀ ਪਏ ਸਨ। ਇਕ ਸੁਨਹਿਰੀ ਝਾਲ ਵਾਲੀ ਰਕੇਬੀ ਵਿਚ ਰੁੱਤ ਦੇ ਫਲ ਪਏ ਸਨ। ਮੇਰੀ ਨਾਂਹ-ਨੁੱਕਰ ਦਾ ਕੋਈ ਖ਼ਿਆਲ ਨਾ ਕਰਦਿਆਂ ਉਸ ਚਮਚਿਆਂ ਤੇ ਬੁਰਕੀਆਂ ਨਾਲ ਮੈਨੂੰ ਖ਼ਵਾਉਣਾ ਸ਼ੁਰੂ ਕਰ ਦਿੱਤਾ। ਮੈਂ ਝੱਟ ਹੀ ਰੱਜ ਗਿਆ। ਰਾਧਾ ਨੇ ਇਸ਼ਨਾਨ-ਕਮਰੇ ਵਿਚ ਮੇਰਾ ਮੂੰਹ ਹੱਥ ਸਾਫ਼ ਕਰਾਇਆ।

ਅਸੀਂ ਵੱਖੀ ਵਾਲੇ ਕਮਰੇ ਵਿਚ ਵੜੇ। ਅਗਰਬੱਤੀ ਨਾਲ ਕਮਰਾ ਮਹਿਕਿਆ ਹੋਇਆ ਸੀ। ਸ਼ਿੰਗਾਰ ਟੇਬਲ ਤੇ ਇਕ ਚਾਂਦੀ ਦੀ ਥਾਲੀ ਵਿਚ ਸਿਹਰੇ, ਫੁੱਲ, ਤੇ ਘਿਓ ਦੇ ਅਣਜਗੇ ਦੀਵੇ ਸਨ। ਮੇਰੇ ਦੇਖਦਿਆਂ ਸਾੜ੍ਹੀ ਦੇ ਲੜ ਵਾਲੇ ਚਾਬੀਆਂ ਦੇ ਗੁੱਛੇ ਵਿਚੋਂ ਇਕ ਚਾਬੀ ਚੁਣ ਕੇ ਵਾਰਡ-ਰੋਬ ਖੋਲ੍ਹੀ ਗਈ। ਉਸ ਵਿਚੋਂ ਇਕ ਨਵੀਂ ਪੀਲੀ ਰੇਸ਼ਮੀ ਧੋਤੀ ਕੱਢ ਕੇ ਰਾਧਾ ਨੇ ਪਲੰਘ ਤੇ ਰੱਖੀ। ਇਕ ਕਿੱਲੀ ਤੋਂ ਮੋਰ ਦੇ ਖੰਭਾਂ ਦਾ ਇਕ ਮੁਕਟ ਲਾਹੁੰਦਿਆਂ ਰਾਧਾ ਨੇ ਕਿਹਾ, “ਕ੍ਰਿਸ਼ਨ ਚੰਦ, ਇਹ ਮੈਂ, ਆਪਣੀ ਹੱਥੀਂ ਤੁਹਾਡੇ ਲਈ ਬਣਾਇਆ ਹੈ।

ਮੈਂ ਹਾਲੀ ਵੀ ਹੈਰਾਨ ਖੜਾ ਸਾਂ, ਜਦ ਰਾਧਾ ਨੇ ਸ਼ਿੰਗਾਰ-ਟੇਬਲ ਦੇ ਦਰਾਜ਼ 'ਚੋਂ ਇਕ ਮੁਰਲੀ ਕੱਢ ਲਿਆਂਦੀ। ਦਸਾਂ ਮਿੰਟਾਂ ਦੇ ਅੰਦਰ ਧੋਤੀ, ਮੁਕਟ, ਸਿਹਰੇ ਤੇ ਬੰਸਰੀ ਨਾਲ ਸਜਾ ਕੇ ਮੈਨੂੰ ਕਲ੍ਹ ਵਾਂਗ ਖੜਾ ਕੀਤਾ ਗਿਆ। ਇਕ ਸਿਹਰਾ ਸਾਹਮਣੀ ਤਸਵੀਰ ਦੇ ਗਲ ਵੀ ਪਾਇਆ ਗਿਆ। ਮੈਂ ਆਪਣਾ ਮੂੰਹ ਜਦ ਸਾਹਮਣੇ ਸ਼ੀਸ਼ੇ ਵਿਚ ਦੇਖਿਆ ਤਾਂ ਉਹ ਹੂ-ਬ-ਹੂ ਸਾਹਮਣੀ ਤਸਵੀਰ ਵਰਗਾ ਸੀ।

ਮੈਂ ਪੁੱਛਿਆ, “ਰਾਧਾ, ਉਹ ਕਿਸ ਦੀ ਮੂਰਤ ਹੈ ?

ਉਸ ਮੁਸਕ੍ਰਾਉਂਦਿਆਂ ਕਿਹਾ, “ਤੁਹਾਨੂੰ ਪਤਾ ਹੀ ਨਹੀਂ ? ਕ੍ਰਿਸ਼ਨ ਚੰਦ ਦੀ।”

“ਮੇਰੀ ?” ਮੈਂ ਪੁੱਛਿਆ।

"ਹਾਂ... ਹਾਂ, ਕ੍ਰਿਸ਼ਨ ਚੰਦ੍ਰ ਦੀ।"

ਮਾਚਸ ਬਾਲ ਕੇ ਥਾਲੀ ਵਿਚਲੇ ਪੰਜੇ ਦੀਵੇ ਜਗਾਏ ਗਏ ਤੇ ਰਾਧਾ ਦੋਹਾਂ ਹੱਥਾਂ ਵਿਚ ਉਨ੍ਹਾਂ ਨੂੰ ਲੈ ਕੇ ਹਾਜ਼ਰ ਹੋਈ। ਮੇਰੇ ਸਾਹਮਣੇ ਖੜੋ ਕੇ ਉਸ ਦੋਵੇਂ ਅੱਖਾਂ ਮੀਟ ਲਈਆਂ। ਅੱਖਾਂ ਖੋਲ੍ਹ ਕੇ ਥਾਲੀ ਦੇ ਇਕ ਕੰਢੇ ਤੇ ਘੋਲੇ ਹੋਏ ਕੇਸਰ ਤੇ ਚੌਲਾਂ ਦਾ, ਉਸ ਆਪਣੀ ਚੀਚੀ ਨਾਲ ਦੀ ਉਂਗਲੀ ਨਾਲ ਮੈਨੂੰ ਟਿੱਕਾ ਲਾ ਦਿੱਤਾ। ਮੈਨੂੰ ਖ਼ਬਰੇ ਕੀ ਸੁਝੀ, ਮੈਂ ਵੀ ਆਪਣੀ ਉਸੇ ਉਂਗਲੀ ਨੂੰ ਕੇਸਰ ਲਾ ਕੇ ਹੱਥ ਉਸ ਦੇ ਮੱਥੇ ਵੱਲ ਵਧਾਇਆ। ਉਸ ਮੱਥਾ ਝੁਕਾ ਦਿੱਤਾ। ਮੇਰੀ ਉਂਗਲੀ ਲੱਗਦਿਆਂ ਹੀ ਉਹ ਕੰਬ ਉੱਠੀ, ਉਸ ਦੀ ਦੀਵਿਆਂ ਵਾਲੀ ਥਾਲੀ ਉਸ ਦੇ ਹੱਥਾਂ ਵਿਚ ਕੰਬੀ,. ਦੀਵਿਆਂ ਦੀਆਂ ਲਾਟਾਂ ਕੰਬੀਆਂ, ਧੂਫ਼ ਦਾ ਧੂੰਆਂ ਕੰਬਿਆ ਤੇ ਘੁੰਗਰੂਆਂ ਵਰਗੀ ਛਣਕਦੀ ਅਵਾਜ਼ ਖ਼ਬਰੇ ਕਿਵੇਂ ਉਸ ਦੇ ਪੈਰਾਂ ਵਿਚੋਂ ਕੰਬੀ। ਇਕ-ਦਮ ਉਹ ਆਪਣੀ ਥਾਂ ਤੋਂ ਹਿੱਲੀ ਤੇ ਇਉਂ ਅਗਾਂਹ ਵਧੀ ਜਿਵੇਂ ਤਿਲਕ ਕੇ ਡਿੱਗਣ ਲੱਗੀ ਹੋਵੇ, ਪਰ ਉਹ ਝੱਟ ਹੀ ਸੰਭਲ ਗਈ। ਹੌਲੀ ਹੌਲੀ ਉਸ ਦੇ ਤਿਲ੍ਹਕਣ ਸੰਭਲਣ ਦੀ ਚਾਲ ਵਧਦੀ ਗਈ। ਮੈਂ ਸਮਝ ਗਿਆ ਕਿ ਨਾਚ' ਸ਼ੁਰੂ ਹੈ। ਉਸ ਦੇ ਲੱਕ ਝੁਕਾਉਣ ਨਾਲ ਉਸ ਦੇ ਖੁਲ੍ਹੇ ਵਾਲ ਧਰਤੀ ਨੂੰ ਛੁਹ ਜਾਂਦੇ ਸਨ। ਉਹ ਹਵਾ ਦੀ ਪੁਤਲੀ ਲਹਿਰਾਂ ਵਾਂਗ ਦੂਹਰੀ ਹੋ ਹੋ ਜਾਂਦੀ ਸੀ। ਚਾਲ ਤੇਜ਼ ਹੋਣੀ ਸ਼ੁਰੂ ਹੋਈ। ਘੁੰਗਰੂਆਂ ਦੀ ਘੂਕਰ ਨਾਲ ਕਮਰੇ ਵਿਚ ਇਕ-ਸੁਰਤਾ ਜਹੀ ਛਾ ਗਈ। ਚਾਲ ਹੋਰ ਤੇਜ਼ ਹੋ ਗਈ। ਜਗਦੀਆਂ ਜੋਤਾਂ ਦਾ ਇਕ ਚੱਕਰ ਮੇਰੇ ਦੁਆਲੇ ਬੱਝ ਗਿਆ। ਮੇਰੀਆਂ ਅੱਖਾਂ ਅੱਗੇ ਭੰਬਰ-ਤਾਰੇ ਉੱਡਣ ਲੱਗ ਪਏ। ਮੇਰੇ ਦੁਆਲੇ ਕਈ ਰਾਧਾਂ ਦਿੱਸਣ ਲੱਗ ਪਈਆਂ। ਮੇਰੀ ਆਪਣੀ ਸ਼ਕਲ ਦੇ ਕਈ ਮੁੰਡੇ ਮੇਰੀ ਹੁਣ ਦੀ ਪੁਸ਼ਾਕ ਵਿਚ ਉਨ੍ਹਾਂ ਨਾਲ ਸਨ। ਮੇਰੇ ਉੱਤੇ ਮੇਰਾ ਆਪਣਾ ਕਾਬੂ ਘਟ ਮਲੂਮ ਹੁੰਦਾ ਸੀ। ਐਉਂ ਮਲੂਮ ਹੋਣ ਲੱਗਾ ਜਿਵੇਂ ਕਿਸੇ ਨੇ ਮੇਰੀਆਂ ਉਂਗਲਾਂ ਮੁਰਲੀ ਦਿਆਂ ਛੇਕਾਂ ਤੇ ਬਦੋ-ਬਦੀ ਰੱਖ ਦਿੱਤੀਆਂ ਹਨ। ਮੈਂ ਵੱਡੇ ਛੇਕ ਤੇ ਹੇਠਲਾ ਬੁਲ੍ਹ ਰੱਖ ਕੇ ਫੂਕ ਮਾਰੀ। ਮੇਰੀਆਂ ਨਿੱਕੀਆਂ ਨਿੱਕੀਆਂ ਉਂਗਲਾਂ ਖ਼ਬਰੇ ਕਿੱਦਾਂ ਉਨ੍ਹਾਂ ਛੇਕਾਂ ਤੇ ਨਾਚ ਕਰਨ ਲੱਗ ਪਈਆਂ। ਮੈਂ ਕਦੇ ਬੰਸਰੀ ਨਹੀਂ ਵਜਾਈ ਸੀ ਤੇ ਨਾ ਹੀ ਹੁਣ ਕੋਈ ਸਾਜ਼ ਵਜਾ ਸਕਦਾ ਹਾਂ, ਪਰ ਉਸ ਵੇਲੇ ਵਰਗੀ ਬੰਸਰੀ ਮੈਂ ਕਦੇ ਕਿਸੇ ਉਸਤਾਦ ਕੋਲੋਂ ਵੀ ਨਹੀਂ ਸੁਣ ਸਕਿਆ।

ਹੌਲੀ ਹੌਲੀ ਮੇਰੀਆਂ ਉਂਗਲਾਂ ਢਿੱਲੀਆਂ ਪੈਣੀਆਂ ਸ਼ੁਰੂ ਹੋ ਗਈਆਂ। ਨਾਚ ਦੀ ਚਾਲ ਘੱਟਦੀ ਘੱਟਦੀ ਘੱਟ ਗਈ। ਰਾਧਾ ਇਕ ਰਹਿ ਗਈ, ਮੈਂ ਵੀ ਇਕ ਰਹਿ ਗਿਆ। ਕਮਰੇ ਵਿਚ ਕਬਰ ਵਰਗੀ ਚੁੱਪ ਛਾ ਗਈ। ਰਾਧਾ ਸ਼ਰਾਬੀਆਂ ਵਾਂਗ ਹੁਲਾਰੇ ਖਾ ਰਹੀ ਸੀ, ਪਰ ਦੀਵਿਆਂ ਵਾਲੀ ਥਾਲੀ ਨੂੰ ਨਹੀਂ ਸੀ ਡਿੱਗਣ ਦੇਂਦੀ। ਮੈਂ ਆਪਣੀ ਥਾਂ ਛੱਡ ਕੇ ਅਗਾਂਹ

ਵਧਿਆ। ਥਾਲੀ ਉਸ ਦੇ ਹੱਥੋਂ ਫੜ ਕੇ ਸ਼ਿੰਗਾਰ-ਟੇਬਲ ਤੇ ਰੱਖਣ ਦੀ ਦੇਰ ਸੀ ਕਿ ਉਹ ਘੜੱਮ ਕਰ ਕੇ ਭੁੰਜੇ ਡਿੱਗ ਪਈ। ਮੁਰਲੀ ਮੰਜੇ ਤੇ ਸੁਟ ਕੇ ਮੈਂ ਉਸ ਨੂੰ ਸਾਂਭਿਆ। ਪਤਾ ਨਹੀਂ ਉਦੋਂ ਮੇਰੇ ਵਿਚ ਇੰਨਾ ਬਲ ਕਿੱਥੋਂ ਆ ਗਿਆ ਸੀ। ਮੈਂ ਹਰ ਹਾਲਤ ਵਿਚ ਆਪਣੇ ਆਪ ਨੂੰ ਪੂਰਾ ਆਦਮੀ ਸਮਝਦਾ ਸਾਂ। ਆਪਣੀ ਧੋਤੀ ਦੇ ਪੱਲੇ ਨਾਲ ਮੈਂ ਉਸ ਨੂੰ ਪੱਖਾ ਕਰ ਕੇ ਪੂਰੀ ਹੋਸ਼ ਵਿਚ ਆਂਦਾ। ਉਸ ਉਠ ਕੇ ਮੇਰੀ ਗਲ੍ਹ ਚੁੰਮ ਲਈ। ਕੰਬਣੀਆਂ ਦਾ ਹੜ੍ਹ ਮੇਰੀ ਨਸ ਨਸ ਵਿਚ ਫਿਰ ਗਿਆ। ਮੈਂ ਨੀਮ ਬੇਹੋਸ਼ੀ ਦੀ ਹਾਲਤ ਵਿਚ ਉਸ ਨੂੰ ਆਪਣੀ ਗਲਵੱਕੜੀ ਵਿਚ ਲੈ ਲਿਆ। ਉਹ ਵੀ ਫੇਰ ਕੰਬੀ ਤੇ ਇਕ ਵਾਰੀ ਆਪਣੀਆਂ ਬਾਹਾਂ ਨਾਲ ਮੈਨੂੰ ਘੁੱਟ ਕੇ, ਮੇਰੀਆਂ ਬਾਹਾਂ ਵਿਚ ਆਪਣੇ ਆਪ ਨੂੰ ਨਿੱਸਲ ਸੁਟ ਦਿੱਤਾ। ਮੈਂ ਉਸ ਦੀਆਂ ਗੱਲ੍ਹਾਂ ਚੁੰਮੀਆਂ, ਬੁਲ੍ਹ ਚੁੰਮੇ, ਅੱਖਾਂ ਚੁੰਮੀਆਂ, ਵਾਲ ਚੁੰਮੇ, ਪਰ ਉਹ ਨਿੱਸਲ ਪਈ ਸੀ। ਮੈਂ ਉਸ ਦੇ ਚਿਹਰੇ ਵੱਲ ਦੇਖਣ ਲੱਗ ਪਿਆ। ਕੁਝ ਚਿਰ ਮਗਰੋਂ ਉਸ ਆਪਣੀਆਂ ਨੀਮ ਬੇਹੋਸ਼ ਅੱਖਾਂ ਖੋਲ੍ਹੀਆਂ ਤੇ ਝੱਟ ਹੀ ਬੰਦ ਕਰ ਲਈਆਂ।

ਅਚਾਨਕ ਬੂਹਾ ਖੜਕਿਆ, ਅਸੀਂ ਉਠ ਖਲੋਤੇ। ਕੋਈ ਆਵਾਜ਼ ਨਾ ਆਈ। ਮੈਂ ਫੇਰ ਪਹਿਲਾ ਕ੍ਰਿਸ਼ਨ ਬਣਾਇਆ ਗਿਆ। ਕਾਫ਼ੀ ਦੇਰ ਹੋ ਗਈ ਸੀ ਜਦ ਮੈਂ ਆਪਣੇ ਘਰ ਪਹੁੰਚਾ।

(੩)

ਡਾਕਟਰ ਨੂੰ ਦਿਖਾਇਆ ਗਿਆ। ਉਸ ਦੱਸਿਆ ਕਿ ਮੇਰੀ ਸਿਹਤ ਬਿਲਕੁਲ ਠੀਕ ਹੈ।

"ਭੁਖ ਕਿਉਂ ਨਹੀਂ ਲੱਗਦੀ ਇਸ ਨੂੰ ?" ਮੇਰੇ ਪਿਤਾ ਜੀ ਨੇ ਡਾਕਟਰ ਤੋਂ ਪੁੱਛਿਆ।

"ਹਾਜ਼ਮਾ ਤਾਂ ਦਰੁਸਤ ਹੈ", ਡਾਕਟਰ ਨੇ ਜਵਾਬ ਦਿੱਤਾ।

ਸਕੂਲ ਦੇ ਇਮਤਿਹਾਨ ਦੀ ਰਿਪੋਟ ਚੰਗੀ ਸੀ, ਪਰ ਫਿਰ ਭੀ ਮੇਰੀ ਨਿਗਰਾਨੀ ਰੱਖੀ ਜਾਣ ਲੱਗ ਪਈ।

ਮੈਂ ਰੋਜ਼ ਰਾਧਾ ਦੇ ਜਾਂਦਾ ਸਾਂ, ਇਸ ਦਾ ਕਦੇ ਕਿਸੇ ਨੂੰ ਸ਼ੱਕ ਹੀ ਨਹੀਂ ਸੀ। ਪਰ ਮੇਰੀ ਝਾਈ ਜੀ, ਜਿਨ੍ਹਾਂ ਨੂੰ ਮੇਰੀ ਰਾਤ ਦੀ ਰੋਟੀ ਰੋਜ਼ ਨਾ ਖਾਣ ਕਰਕੇ ਫ਼ਿਕਰ ਲੱਗਾ ਰਹਿੰਦਾ ਸੀ, ਖ਼ੁਫ਼ੀਆ ਪੁਲਸ ਵਾਂਗ ਮੇਰੇ ਮਗਰ ਲੱਗ ਗਏ। ਇਕ ਦਿਨ ਜਦ ਮੈਂ ਰਾਧਾ ਵੱਲ ਗਿਆ ਤਾਂ ਉਹ ਦੱਬੀਂ ਪੈਰੀਂ ਲੁਕ ਲੁਕ ਕੇ ਮੇਰੇ ਪਿੱਛੇ ਗਏ। ਬੂਹਾ ਅੰਦਰੋਂ ਬੰਦ ਹੋ ਜਾਣ ਦੀ ਹਾਲਤ ਵਿਚ ਉਹ ਅੰਦਰ ਨਾ ਆ ਸਕੇ। ਬਾਹਰ ਬੂਹੇ ਨਾਲ ਕੰਨ ਲਾ ਕੇ ਖ਼ਬਰੇ ਕਿੰਨਾ ਚਿਰ

ਸੁਣਦੇ ਰਹੇ ਹੋਣਗੇ। ਨਾਚ ਮੁੱਕਣ ਤੋਂ ਮਗਰੋਂ ਸਾਨੂੰ ਉਹਨਾਂ ਦੀਆਂ ਤੇਜ਼ ਅਵਾਜ਼ਾਂ ਸੁਣਾਈ ਦਿੱਤੀਆਂ। ਉਹ ਉੱਚੀ ਉੱਚੀ ਕਹਿ ਰਹੇ ਸਨ, "ਰਾਮ ਪਿਆਰੀ ! ਰਾਮ ਪਿਆਰੀ !"

ਮੈਂ ਤਾਂ ਡਰ ਗਿਆ, ਪਰ ਰਾਧਾ ਨੇ ਉਹ ਕੱਪੜੇ ਛੇਤੀ ਹੀ ਲਾਹ ਦਿੱਤੇ ਤੇ ਮੇਰੇ ਪਾ ਦਿੱਤੇ। ਮੂੰਹ-ਹੱਥ ਵਾਜਾਂ ਦੀ ਵਾਛੜ ਵਿਚ ਹੀ ਧੁਆ ਦਿੱਤੇ ਗਏ। ਮੈਨੂੰ ਫੇਰ ਉਸੇ ਅੰਦਰ ਲੁਕਾ ਕੇ ਉਹ ਬਾਹਰ ਨਿਕਲੀ ਤੇ ਬੂਹਾ ਖੋਲ੍ਹ ਕੇ ਮੇਰੀ ਝਾਈ ਜੀ ਨੂੰ ਪੁੱਛਿਆ ਕਿ ਕੀ ਗੱਲ ਹੈ।

ਝਾਈ ਜੀ ਨੇ ਗੁੱਸੇ-ਭਰੀਆਂ ਅੱਖਾਂ ਨਾਲ ਪੁੱਛਿਆ, "ਕ੍ਰਿਸ਼ਨ ਕਿੱਥੇ ਹੈ?" ਰਾਧਾ ਨੇ ਆਖਿਆ, "ਐਥੇ ਕਿਤੇ ਹੋਏਗਾ।" "ਮੈਂ ਆਪ ਅੰਦਰ ਵੜਦਾ ਦੇਖਿਆ ਹੈ", ਝਾਈ ਨੇ ਕੜਕ ਕੇ ਕਿਹਾ।

"ਮੈਂ ਅੰਦਰ ਦੇਖਦੀ ਹਾਂ", ਰਾਧਾ ਨੇ ਬੜੀ ਸ਼ਾਂਤੀ ਨਾਲ ਕਿਹਾ, "ਮੇਰੇ ਸੁੱਤਿਆਂ ਸੁੱਤਿਆਂ ਕਈ ਵਾਰੀ ਅੰਦਰ ਦਾ ਬੂਹਾ ਅੜਾ ਕੇ ਕੱਲਾ ਖੇਡਦਾ ਰਹਿੰਦਾ ਹੈ।"

ਅੰਦਰ ਆ ਕੇ ਉਸ ਮੈਨੂੰ ਬਾਹਾਂ ਤੋਂ ਫੜ ਲਿਆ। ਮੈਂ ਡਰ ਨਾਲ ਨਿਤਾਣਿਆਂ ਵਾਂਗ ਕੰਬ ਰਿਹਾ ਸਾਂ। ਰਾਧਾ ਨੇ ਹੌਲੀ ਜਿਹੀ ਕਿਹਾ, "ਡਰੋ ਨਾ ਮੇਰੇ ਕ੍ਰਿਸ਼ਨ ! ਅਸੀਂ ਚੋਰੀ ਨਹੀਂ ਕੀਤੀ, ਪਾਪ ਨਹੀਂ ਕੀਤਾ।

ਮੈਂ ਹੌਂਸਲਾ ਕਰ ਕੇ, ਉਸੇ ਤਰ੍ਹਾਂ ਧਰੀਕੀਦਾ ਉਸ ਨਾਲ ਬਾਹਰ ਆਂਦਾ ਗਿਆ। ਮੇਰੀ ਬਾਂਹ ਝਾਈ ਜੀ ਨੂੰ ਫੜਾਉਂਦਿਆਂ ਉਸ ਆਖਿਆ, "ਆਹ ਲਉ ਫੜੋ ਆਪਣਾ ਮੱਖਣ-ਚੋਰ ਅੰਦਰਲੇ ਕਮਰੇ ਵਿਚ ਲੁਕਿਆ ਹੋਇਆ ਸੀ।

ਮੇਰੀ ਝਾਈ ਮੈਨੂੰ ਛੱਡ ਕੇ ਅੰਦਰ ਵੜ ਗਈ। ਵੱਖੀ ਵਾਲੇ ਕਮਰੇ ਵਿਚ ਖਿਲਰੀਆਂ ਚੀਜ਼ਾਂ ਤੇ ਜਗਦੀਆਂ ਜੋਤਾਂ ਦੇਖ ਕੇ ਉਸ ਉੱਚੀ ਦਿੱਤੀ ਹੂੰ ਊਂ...ਊਂ" ਕੀਤਾ ਤੇ ਇਕ ਸ਼ੱਕ-ਭਰੀ ਨਜ਼ਰ ਰਾਧਾ ਤੇ ਸੁੱਟ, ਬੜੀ ਆਕੜ ਨਾਲ ਮੁੜ ਆਈ। ਆਉਂਦਿਆਂ ਹੀ ਮੈਨੂੰ ਪੈਣੀਆਂ ਸ਼ੁਰੂ ਹੋ ਗਈਆਂ। ਰਾਧਾ ਛੁਡਾਉਣ ਵਾਸਤੇ ਬਾਹਰ ਆਈ, ਪਰ ਫਿਰ ਅੰਦਰ ਮੁੜ ਗਈ। ਫਿਰ ਆਈ, ਫਿਰ ਮੁੜ ਗਈ। ਮੇਰੀ ਗਲ੍ਹ ਤੇ ਇਕ ਚਪੇੜ ਪੈਂਦਿਆਂ ਹੀ ਉਹ ਇਕੱਠੀ ਹੋ ਜਾਂਦੀ ਸੀ।

(੪)

ਕਮਰੇ ਵਿਚ ਮੈਨੂੰ ਡੱਕ ਕੇ ਝਾਈ ਜੀ ਪਿਤਾ ਜੀ ਨੂੰ ਉਡੀਕਦੇ ਰਹੇ। ਮੈਂ ਜਾਣ ਕੇ ਘੁਰਾੜੇ ਮਾਰਨ ਲੱਗ ਪਿਆ। ਬੜੇ ਪ੍ਰੇਮ ਨਾਲ ਝਾਜੀ ਜੀ ਨੇ ਪਿਤਾ ਜੀ ਨੂੰ ਰੋਟੀ ਖੁਆਈ। ਰੋਟੀ ਖਾ ਕੇ ਕੁਝ ਚਿਰ ਬਰਾਂਡੇ ਵਿਚ ਟਹਿਲਣ ਮਗਰੋਂ ਪਿਤਾ ਜੀ ਆਪਣੇ ਪਲੰਘ ਤੇ ਆ ਲੇਟੇ। ਝਾਈ ਜੀ ਨੇ ਵੀ ਬਾਕੀ ਦੇ ਕੰਮ ਖ਼ਤਮ ਕਰ ਕੇ ਆਪਣੀ ਮੰਜੀ ਮੱਲੀ। ਕੁਝ ਚਿਰ ਮਗਰੋਂ ਝਾਈ ਜੀ ਨੇ ਹੌਲੀ ਜਿਹੀ ਕਿਹਾ, “ਏ ਜੀ ! ਜਾਗਦੇ ਓ ?”

ਪਿਤਾ ਜੀ ਨੇ ਪਾਸਾ ਮੋੜ ਕੇ ਕਿਹਾ, “ਆਹੋ।”

“ਮੈਂ ਇਕ ਗੱਲ ਕਰਨੀ ਸੀ”, ਝਾਈ ਜੀ ਨੇ ਇਸ ਲਹਿਜੇ ਵਿਚ ਕਿਹਾ ਜਿਵੇਂ ਗੱਲ ਬੜੀ ਜ਼ਰੂਰੀ ਹੋਵੇ।

“ਕੀ ਗੱਲ ਹੈ ?”

ਝਾਈ ਜੀ ਨੇ ਅੱਜ ਜੋ ਕੁਝ ਦੇਖਿਆ-ਸੁਣਿਆ ਸੀ, ਆਖ ਸੁਣਾਇਆ ਤੇ ਅੰਤ ਵਿਚ ਕਿਹਾ, “ਖ਼ਬਰੇ ਕੀ ਕਰਦੀ ਰਹਿੰਦੀ ਏ ਬੰਗਾਲਣ ਜਾਦੂਗਰਨੀ, ਮੇਰੇ ਲਾਲ ਨੂੰ ਅੰਦਰ ਵਾੜ ਕੇ !"

ਪਿਤਾ ਜੀ ਨੇ ਉੱਤਰ ਦਿੱਤਾ, “ਸ਼ੁਦੈਣ ਨਾ ਬਣਿਆ ਕਰ, ਸੋਧਾਂ।”

ਝਾਈ ਜੀ ਦੇ ਬਹੁਤ ਜ਼ੋਰ ਦੇਣ ਤੇ ਪਿਤਾ ਜੀ ਨੇ ਆਖਿਆ, “ਹੱਛਾ, ਮਿਲਾਂਗੇ ਬੁੱਢੇ ਨੂੰ ਸਵੇਰੇ।”

(੫)

ਤੀਜੇ ਦਿਨ ਜਦ ਮੈਂ ਸਕੂਲੋਂ ਮੁੜਿਆ, ਮੈਂ ਆਪਣੇ ਘਰ ਜਾਣ ਦੀ ਥਾਂ ਪਹਿਲੋਂ ਹੀ ਰਾਧਾ ਦੇ ਘਰ ਵੱਲ ਮੁੜਿਆ। ਬੂਹਾ ਚੌੜ-ਚਪੱਟ ਖੁਲ੍ਹਾ ਸੀ। ਅੰਦਰ ਕੋਈ ਸਮਾਨ ਨਹੀਂ ਸੀ। ਮੈਂ ਅੱਖਾਂ ਮਲ ਕੇ ਗਹੁ ਨਾਲ ਤੱਕਿਆ, ਫਿਰ ਵੀ ਨਹੀਂ ਸੀ। ਮੈਂ ਨਾਲ ਦੇ ਕਮਰੇ ਵਿਚ ਗਿਆ, ਉਥੇ ਵੀ ਕੋਈ ਨਹੀਂ ਸੀ। ਮੈਨੂੰ ਇੱਦਾਂ ਪ੍ਰਤੀਤ ਹੋਣ ਲੱਗਾ ਜਿਵੇਂ ਮੇਰੇ ਸਰੀਰ ਨਾਲੋਂ ਕੋਈ ਅੰਗ ਕੱਟ ਲਿਆ ਗਿਆ ਹੈ। ਮੈਂ ਬਸਤੇ ਸਮੇਤ ਕਮਰੇ ਦੀ ਇਕ ਨੁੱਕਰ ਵਿਚ ਧਸ ਗਿਆ। ਇਦਾਂ ਮਲੂਮ ਹੁੰਦਾ ਸੀ ਜਿਵੇਂ ਮੈਂ ਪਾਤਾਲ ਵੱਲ ਜਾ ਰਿਹਾ ਹਾਂ। ਅਚਾਨਕ ਮੇਰੀ ਕਿਸੇ ਬਾਂਹ ਆਣ ਪਕੜੀ। ਪਹਿਲੋਂ ਮੈਂ ਸਮਝਿਆ, ਰਾਧਾ ਹੋਏਗੀ। ਪਰ ਬਾਂਹ ਬੜੇ ਜ਼ੋਰ ਦੀ

ਫੜੀ ਗਈ ਸੀ। ਮੈਂ ਉਤਾਂਹ ਤੱਕਿਆ, ਝਾਈ ਸੀ। ਮੈਂ ਰੋ ਰਿਹਾ ਸਾਂ। ਝਾਈ ਮੈਨੂੰ ਧੂਹ ਕੇ ਆਪਣੇ ਪਾਸੇ ਵੱਲ ਲਿਜਾ ਰਹੀ ਸੀ।

-0-

## ਦੂਜਾ ਵਿਆਹ

ਕਿਸ਼ਨ ਨਾਨੀ ਵਾਲਾ ਮੇਰਾ ਪੱਕਾ ਯਾਰ ਸੀ। ਅਸੀਂ ਜਮਾਤੀ ਰਹੇ ਸਾਂ। ਪਰ ਜਮਾਤੀ ਤਾਂ ਹੋਰ ਵੀ ਸਨ। ਉਨ੍ਹਾਂ ਵਿਚੋਂ ਬਹੁਤਿਆਂ ਦੇ ਨਾਂ ਤੇ ਕਈਆਂ ਦੀਆਂ ਸ਼ਕਲਾਂ ਵੀ ਮੈਨੂੰ ਯਾਦ ਨਹੀਂ। ਸ਼ਾਇਦ ਉਸ ਨਾਲ ਮੇਰਾ ਪਿਆਰ ਨਾਨੀ ਵਾਲਾ ਹੋਣ ਕਰਕੇ ਸੀ। ਨਾਨੀ ਵਾਲੇ ਤੋਂ ਭਾਵ ਨਾਨੀ ਦਾ ਪਾਲਿਆ ਹੋਇਆ ਸੀ। ਮੈਂ ਵੀ ਆਪਣੀ ਨਾਨੀ ਦਾ ਮੁਤਬੰਨਾ ਸਾਂ ਤੇ ਇਹੋ ਅਗਿਆਤ ਸੰਬੰਧ ਸੀ ਜੋ ਸ਼ਾਇਦ ਸਾਨੂੰ ਇਕ ਦੂਜੇ ਦੇ ਕਰੀਬ ਖਿੱਚਦਾ ਸੀ।

ਨਾਨੀ ਵਾਲੇ ਦੀ ਸ਼ਾਦੀ ਚਾਰ ਪੰਜ ਦਿਨ ਨੂੰ ਹੋਣ ਵਾਲੀ ਸੀ, ਜਦ ਉਸ ਮੈਨੂੰ ਸੱਦਿਆ। ਮੈਂ ਛੁੱਟੀ ਲੈ ਕੇ ਉਥੇ ਪਹੁੰਚ ਗਿਆ। ਮੈਂ ਭਾਵੇਂ ਹਾਲੀ ਤਕ ਆਪਣਾ ਕੁਝ ਨਹੀਂ ਬਣਾ ਸਕਿਆ ਸਾਂ ਪਰ ਨਾਨੀ ਵਾਲਾ ਚੰਗਾ ਗੁਜ਼ਾਰੇ ਵਾਲਾ ਕਪੜੇ ਦਾ ਵਪਾਰੀ ਬਣ ਚੁੱਕਾ ਸੀ ਤੇ ਉਸ ਦੀ ਆਹਲੂਵਾਲੇ ਕਟੜੇ ਵਿਚ ਥੋਕ ਦੀ ਹੱਟੀ ਸੀ। ਜਦ ਮੈਂ ਘਰ ਪਹੁੰਚਿਆ, ਵਿਆਹ ਦਾ ਸਮਾਨ ਤਿਆਰ ਹੋ ਰਿਹਾ ਸੀ। ਬੈਠਕ ਵਿਚ ਜਰੀ ਦੇ ਕੱਪੜੇ ਕੱਢੇ ਜਾ ਰਹੇ ਸਨ। ਅੰਦਰਲੇ ਵਿਹੜੇ ਵਿਚ ਮਠਿਆਈ ਲਈ ਕੜਾਹੀ ਤਪ ਰਹੀ ਸੀ। ਕਿਸ਼ਨ ਨੇ ਮੇਰੀ ਅਵਾਜ਼ ਕੋਠੇ ਤੋਂ ਹੀ ਪਛਾਣ ਲਈ ਤੇ ਨੰਗੇ ਪੈਰੀਂ ਦੌੜਿਆ ਆਇਆ। ਜੱਫੀ ਪਾ ਕੇ ਉਹ ਬੜੇ ਪਿਆਰ ਨਾਲ ਮਿਲਿਆ। "ਭਰਾ ਜੀ, ਤੁਸੀਂ ਆ ਗਏ। ਬਸ ਹੁਣ ਮੈਨੂੰ ਕੋਈ ਫ਼ਿਕਰ ਨਹੀਂ।"

ਮੈਨੂੰ ਪਤਾ ਸੀ ਕਿ ਉਸ ਦਾ ਉਸ ਦੀ ਭੈਣ ਤੇ ਉਸ ਦੀ ਬਾਰ੍ਹਾਂ ਸਾਲ ਦੀ ਭਣੇਵੀਂ ਤੋਂ ਬਿਨਾਂ ਕੋਈ ਰਿਸ਼ਤੇਦਾਰ ਨਹੀਂ ਸੀ। ਨਾਨੀ ਮਰ ਚੁੱਕੀ ਸੀ। ਪਿਤਾ ਮਰਿਆਂ ਬਰਾਬਰ ਸੀ, ਜੋ ਉਸ ਦੇ ਜਨਮ ਤੋਂ ਕੁਝ ਹੀ ਚਿਰ ਮਗਰੋਂ ਬਰਮਾ ਚਲਾ ਗਿਆ ਸੀ। ਕਿਸ਼ਨ ਦੀ ਮਾਤਾ ਉਸ ਦੇ ਵਿਛੋੜੇ ਵਿਚ ਘੁਲ ਘੁਲ ਕੇ ਮਰ ਗਈ ਸੀ। ਪਰ ਉਸ ਦਾ ਕੋਈ ਪਤਾ ਨਹੀਂ ਸੀ ਲੱਗਾ। ਕਿਸ਼ਨ ਦੀ ਭੈਣ ਕ੍ਰਿਸ਼ਨਾ ਦੇ ਵਿਆਹ ਤੋਂ ਕੁਝ ਚਿਰ ਪਹਿਲੋਂ ਉਸ ਦਾ ਪਤਾ ਲੱਗਾ ਸੀ ਕਿ ਉਸ ਬਰਮਾ ਵਿਚ ਕਿਸੇ ਬ੍ਰਾਹਮਣ ਨਾਲ ਸ਼ਾਦੀ ਕਰਾਈ ਹੋਈ ਹੈ ਅਤੇ ਉਥੇ ਅਮੀਰੀ ਠਾਠ ਵਿਚ ਰਹਿੰਦਾ ਹੈ।

ਕ੍ਰਿਸ਼ਨਾ ਦੇ ਵਿਆਹ ਤੋਂ ਦੋ ਦਿਨ ਪਹਿਲਾਂ ਕਿਸ਼ਨ ਦੀ ਨਾਨੀ ਦੇ ਪਤੇ ਤੇ ਉਸ ਦਾ ਦੋ ਹਜ਼ਾਰ ਰੁਪਈਆਂ ਦਾ ਡ੍ਰਾਫ਼ਟ ਆਇਆ ਸੀ, ਪਰ ਅਣਖੀਲੀ ਨਾਨੀ ਨੇ ਉਹ ਵਾਪਸ ਕਰ ਦਿੱਤਾ ਸੀ। "ਮੇਰੀ ਧੀ ਰੋਲ ਕੇ ਮਾਰ ਦਿੱਤੀ। ਮੈਂ ਤੇ ਕਦੇ ਉਸ ਪਾਪੀ ਦਾ ਆਪਣੀ ਦੋਹਤ੍ਰੀ ਦੇ ਵਿਆਹ ਤੇ ਧੇਲਾ ਨਾ ਲੁਆਵਾਂ। ਰੱਬ ਦਰਸ਼ਨ ਨਾ ਕਰਾਵੇ ਐਸੇ ਦੁਸ਼ਟ ਦਾ !" ਉਸ ਲੋਕਾਂ ਨੂੰ ਆਖਿਆ ਸੀ।

ਮੈਨੂੰ ਇੰਨਾ ਪਤਾ ਸੀ ਕਿ ਕ੍ਰਿਸ਼ਨਾ ਦਾ ਵਿਆਹ ਹੋ ਗਿਆ ਸੀ ਤੇ ਮਗਰੋਂ ਨਾਨੀ ਚਲ ਵਸੀ ਸੀ। ਪਰ ਕ੍ਰਿਸ਼ਨਾ ਨੂੰ ਮੈਂ ਹਮੇਸ਼ਾ ਨਾਨੀ ਵਾਲੇ ਘਰ ਵਿਚ ਹੀ ਵੇਖਿਆ ਸੀ। ਪਹਿਰਾਵੇ ਤੇ ਚਲਣ ਤੋਂ ਉਹ ਵਿਧਵਾ ਮਲੂਮ ਹੁੰਦੀ ਸੀ। ਹੈਰਾਨ ਹਾਂ ਕਿ ਮੈਂ ਕਿਸ਼ਨ ਤੋਂ ਕਿਉਂ ਕਦੇ ਉਸ ਦੇ ਜੀਵਨ ਬਾਬਤ ਨਹੀਂ ਸੀ ਪੁੱਛਿਆ। ਉਹ ਮੈਨੂੰ ਭਰਾ ਤੋਂ ਵਧ ਪਿਆਰ ਕਰਦੀ ਸੀ ਤੇ ਮੈਂ ਵੀ ਉਸ ਨੂੰ "ਭੈਣ ਜੀ" ਕਹਿ ਕੇ ਸਦਦਾ ਹੁੰਦਾ ਸਾਂ। ਉਹ ਮਸੂਮ ਇਸਤ੍ਰੀ ਮੈਨੂੰ ਦੇਵੀ-ਭੈਣ ਜਾਪਦੀ ਸੀ, ਖ਼ਬਰੇ ਇਸ ਕਰਕੇ ਕਿ ਮੇਰੀ ਕੋਈ ਭੈਣ ਨਹੀਂ ਸੀ। ਹਾਂ ਇੰਨਾ ਮੈਨੂੰ ਜ਼ਰੂਰ ਪਤਾ ਸੀ ਕਿ ਕਿਸ਼ਨ ਨੂੰ ਜਦ ਉਸ ਦੇ ਪਿਤਾ ਨੇ ਬਰਮਾ ਸਦ ਭੇਜਿਆ ਸੀ ਤਾਂ ਉਸ ਨੇ ਪਿਤਾ ਨੂੰ ਕਰੜਾ ਜਵਾਬ ਦੇ ਕੇ ਨਾਂਹ ਕਰ ਦਿੱਤੀ ਸੀ।

ਅੱਜ ਨੌਕਰਾਂ ਤੋਂ ਸਿਵਾ ਕੋਈ ਮਰਦ ਤੇ ਕ੍ਰਿਸ਼ਨਾ ਤੋਂ ਬਿਨਾਂ ਕੋਈ ਤੀਵੀਂ ਉਸ ਦੇ ਸੋਹਣੇ ਸਜਾਏ ਘਰ ਵਿਚ ਨਹੀਂ ਸੀ। ਕਮਲਾ, ਕਿਸ਼ਨ ਦੀ ਭਣੇਵੀਂ ਕੋਈ ਬਾਰ੍ਹਾਂ ਕੁ ਸਾਲ ਦੀ ਸੀ ਤੇ ਉਸ ਦਾ ਚਾਅ ਅਥਾਹ ਸੀ। "ਮਾਮੀ ਆਏਗੀ, ਮਾਮੀ ਆਏਗੀ" ਕਰਦੀ ਉਹ ਵਿਹੜੇ ਵਿਚ, ਕਦੇ ਚੁਬਾਰੇ ਵਿਚ, ਕਦੀ ਦੀਵਾਨ-ਖ਼ਾਨੇ ਵਿਚ ਤੇ ਕਦੇ ਗਲੀ ਵਿਚ ਭੱਜੀ ਫਿਰਦੀ ਸੀ। ਗਵਾਂਢੀ ਰਿਸ਼ਤੇਦਾਰ ਤਾਂ ਨਹੀਂ ਸਨ, ਜੋ ਚਾਰ ਦਿਨ ਪਹਿਲੋਂ ਦੁਕਾਨਾਂ ਬੰਦ ਕਰ ਕੇ ਜਾਂ ਛੁੱਟੀਆਂ ਲੈ ਕੇ ਉਥੇ ਬੈਠੇ ਰਹਿੰਦੇ, ਹਾਂ ਗੁਆਂਢਣਾਂ ਜ਼ਰੂਰ ਕ੍ਰਿਸ਼ਨਾ ਭੈਣ ਨੂੰ ਕਹਿ ਕਹਿ ਜਾਂਦੀਆਂ ਸਨ, "ਬੀਬੀ ਕੰਮ-ਕਾਰ ਹੋਊ ਤਾਂ ਸਾਨੂੰ ਦੱਸੀਂ।" ਉਨ੍ਹਾਂ ਨੂੰ ਪਤਾ ਸੀ ਕੰਮ-ਕਾਰ ਨੂੰ ਨੌਕਰ ਬਥੇਰੇ ਹਨ।

"ਹੁਣ ਕੋਈ ਡਰ ਨਹੀਂ, ਮੇਰਾ ਵੱਡਾ ਵੀਰ ਆ ਗਿਆ ਹੈ। ਮਾਮੀ, ਤੁਸੀਂ ਹੀ ਕਰਦੀਓ ਜੇ ਨਾ" ਉਹ ਕਹਿੰਦੀ ਸੀ ਤੇ ਗੁਆਂਢਣਾਂ ਮਾਮੀਆਂ, ਭਰਜਾਈਆਂ ਤੇ ਮਾਸੀਆਂ ਹਿੰਦੂਆਂ ਦੇ ਸਿੱਖ ਭਰਾ ਨੂੰ ਦੇਖ ਕੇ ਹੈਰਾਨ ਹੁੰਦੀਆਂ, ਕਿਉਂਕਿ ਉਨ੍ਹਾਂ ਨੂੰ ਪਤਾ ਸੀ, ਕਿਸ਼ਨ ਤੋਂ ਬਿਨਾਂ ਕ੍ਰਿਸ਼ਨਾ ਦਾ ਹੋਰ ਕੋਈ ਸਕਾ ਭਰਾ ਨਹੀਂ।

ਵਿਆਹ ਦੇ ਸਾਰੇ ਇੰਤਜ਼ਾਮ ਦਾ ਭਾਰ ਮੇਰੇ ਤੇ ਸੁੱਟਿਆ ਗਿਆ। ਕਿਸ਼ਨ ਦਾ ਵਿਸ਼ਵਾਸ਼-ਪਾਤਰ ਬਣਨ ਵਿਚ ਮੈਨੂੰ ਐਨੀ ਖ਼ੁਸ਼ੀ ਸੀ ਕਿ ਬਹੁਤਾ ਕੰਮ ਕਰਨ ਦਾ ਮੈਨੂੰ ਕੋਈ ਅਕੇਵਾਂ-ਥਕੇਵਾਂ ਨਹੀਂ ਸੀ ਜਾਪਦਾ।

ਵਿਆਹ ਤੋਂ ਇਕ ਦਿਨ ਪਹਿਲੋਂ ਸਾਡੇ ਇਕ ਦੋ ਹੋਰ ਯਾਰ-ਦੋਸਤ ਆ ਗਏ ਤੇ ਮੈਨੂੰ ਕੁਝ ਅਰਾਮ ਮਿਲਿਆ। ਮੈਂ ਕੁਝ ਸਿਰ ਭਾਰਾ ਭਾਰਾ ਮਹਿਸੂਸ ਕਰ ਰਿਹਾ ਸਾਂ। ਕ੍ਰਿਸ਼ਨਾ

ਮੇਰੀ ਮਿਆਨੀ ਵਿਚ ਆਈ, “ਵੀਰਾ ਜੀ, ਬਸ ਹੁਣ ਤੁਸੀਂ ਕੋਈ ਕੰਮ ਨਹੀਂ ਕਰਨਾ। ਆਪੇ ਦੂਸਰੇ ਭਰਾ ਸੰਭਾਲ ਲੈਣਗੇ ਕੰਮ। ਤੁਸੀਂ ਅੱਜ ਪੂਰਾ ਅਰਾਮ ਲਓ।”

“ਕੋਈ ਇਹੋ ਜਹੀ ਗੱਲ ਨਹੀਂ, ਭੈਣ।”

ਕ੍ਰਿਸ਼ਨਾ ਸਕੂਲ ਮਾਸਟਰਾਣੀਆਂ ਵਾਂਗ ਰੁਹਬ ਵਿਚ ਬੋਲੀ, “ਬਸ ਭਰਾ ਜੀ, ਮੇਰਾ ਹੁਕਮ। ਮੈਂ ਭਲਾ ਜਾਣਦੀ ਨਹੀਂ, ਥੱਕੇ ਹੋਏ ਆਦਮੀ ਦੇ ਕੀ ਚਿੰਨ੍ਹ ਹੁੰਦੇ ਹਨ।”

ਮੈਂ ਮੁਸਕਾ ਕੇ ਕਿਹਾ, “ਬੀਬੀ, ਮੈਂ ਤੇਰਾ ਵਿਦਿਆਰਥੀ ਨਹੀਂ ਜੋ ਰੁਹਬ ਪਾਵੇਂਗੀ।”

ਉਸ ਵੇਲੇ ਮੇਰੀ ਨਜ਼ਰ ਉਸ ਦੀਆਂ ਅੱਖਾਂ ਤੇ ਪਈ। ਤੁਸੀਂ ਹੈਰਾਨ ਹੋਵੋਗੇ ਤੇ ਇਸ ਬਿਆਨ ਨੂੰ ਝੂਠਾ ਸਮਝ ਕੇ ਸੁੱਟ ਪਾਓਗੇ, ਪਰ ਅਸਲੀਅਤ ਇਹੋ ਸੀ ਕਿ ਉਸ ਦੇ ਮੱਥੇ ਗਲ੍ਹਾਂ ਆਦਿ ਤੇ ਕਿਸ਼ਨ ਦੇ ਵਿਆਹ ਦੀ ਖ਼ੁਸ਼ੀ ਮੋਟੇ ਅੱਖਰਾਂ ਵਿਚ ਲਿਖੀ ਜਾਪਦੀ ਸੀ, ਪਰ ਉਸ ਦੀਆਂ ਅੱਖਾਂ ਵਿਚ ਇਕ ਸੂਖਮ ਪ੍ਰਭਾਵ ਸੀ, ਜੋ ਖ਼ੁਸ਼ੀ ਦੇ ਉਲਟ ਸੀ। ਉਸ ਦੀ ਧੀ ਕਮਲਾ ਨਾਲ, ਜਿਸ ਦੇ ਚਿਹਨ-ਚੱਕਰ ਪੂਰੇ ਉਸ ਤੇ ਸਨ, ਉਸ ਦਾ ਮੁਕਾਬਲਾ ਮੈਂ ਮਨ ਹੀ ਮਨ ਕੀਤਾ। ਪਰ ਕਮਲਾ ਦੀਆਂ ਮਾਂ ਵਰਗੀਆਂ ਅੱਖਾਂ ਮੁਸਕਰਾ ਰਹੀਆਂ ਸਨ, ਹੱਸ ਰਹੀਆਂ ਸਨ। ਖਿੜੇ ਹੋਏ ਫੁੱਲ ਦੇ ਮੁਕਾਬਲੇ ਤੇ ਮੁਰਝਾਏ ਹੋਏ ਫੁੱਲ ਵਾਲੀ ਗੱਲ ਸੀ, ਜਿਨ੍ਹਾਂ ਦੇ ਪੱਤੇ ਕਰੂੰਬਲਾਂ ਇਕੋ ਜਿਹੇ ਸਰ-ਸਬਜ਼ ਤੇ ਲਾਲ ਹੋਣ।

“ਕੀ ਦੁੱਖ ਭਰੀ ਗੱਲ ਲੁਕਾਈ ਫਿਰਦੀ ਹੈਂ, ਕ੍ਰਿਸ਼ਨਾ, ਤੂੰ ਇਸ ਖ਼ੁਸ਼ੀ ਦੇ ਆਲੇ-ਦੁਆਲੇ ਵਿਚ?"

“ਕੀ ਪਏ ਕਹਿੰਦੇ ਹੋ ? ਗੱਲ ? ਕੋਈ ਗੱਲ ਨਹੀਂ।” ਤੇ ਉਸ ਨੇ ਆਪਣੀਆਂ ਅੱਖਾਂ ਇਕ ਪਾਸੇ ਹਟਾ ਕੇ, ਨੀਵੀਆਂ ਹੀ ਨਹੀਂ ਪਾ ਲਈਆਂ ਸਗੋਂ ਉਹ ਥੋੜ੍ਹਾ ਜਿਹਾ ਕੰਧ ਵੱਲ ਮੁੜ ਵੀ ਗਈ।

“ਸ਼ਾਇਦ” ਮੇਰੇ ਮੂੰਹੋਂ ਬਦੋ-ਬਦੀ ਨਿਕਲ ਗਿਆ, “ਤੁਸੀਂ ਸੋਚ ਰਹੇ ਹੋ ਕਿ ਮੇਰੇ ਪਤੀ ਇਸ ਸੰਸਾਰ ਤੇ ਹੁੰਦੇ.....।”

“ਕੀ ਕਹਿ ਰਹੇ ਹੋ, ਵੀਰਾ ਜੀ ? ਰੱਬ ਉਨ੍ਹਾਂ ਦੀ ਵੱਡੀ ਵੱਡੀ ਉਮਰ ਕਰੇ ! ਮੈਂ ਸੁਹਾਗਣ ਹਾਂ।”

ਮੈਂ ਹੈਰਾਨ ਸਾਂ। ਉਸ ਦੇ ਪਤੀ ਨੂੰ ਮੈਂ ਕਦੇ ਨਹੀਂ ਸੀ ਦੇਖਿਆ। ਉਹ ਕਦੇ ਸਹੁਰੇ ਜਾਂਦੀ ਵੀ ਨਹੀਂ ਸੀ ਦੇਖੀ।

"ਮੁਆਫ਼ ਕਰਨਾ, ਭੈਣ ਜੀ", ਮੈਂ ਕਿਹਾ, "ਮੈਨੂੰ ਪਤਾ ਨਹੀਂ ਸੀ। ਕਿਸ਼ਨ ਨੇ ਵੀ ਮੈਨੂੰ ਕਦੇ ਕੁਝ ਨਹੀਂ ਦੱਸਿਆ। ਪਰ ਉਹ ਹਨ ਕਿਥੇ ? ਉਹ ਆਏ ਕਿਉਂ ਨਹੀਂ ?"

"ਵੀਰਾ ਜੀ, ਕਿਸ਼ਨ ਨੂੰ ਆਪ ਬਹੁਤ ਕੁਝ ਪਤਾ ਨਹੀਂ। ਉਹ ਬਾਲ ਸੀ ਜਦੋਂ ਮੇਰੀ-ਸ਼ਾਦੀ ਹੋਈ ਸੀ। ਉਹ ਹਾਲੀ ਬਾਲ ਹੀ ਸੀ, ਜਦ ਮੈਂ ਮੁੜ ਨਾਨੀ ਦੇ ਘਰ ਆ ਗਈ ਸਾਂ।"

ਏਨੇ ਨੂੰ ਨੌਕਰ ਕੋਈ ਜ਼ਰੂਰੀ ਸਲਾਹ ਦੇਣ ਲਈ ਆਇਆ। ਮੈਂ ਕਿਹਾ, "ਭੈਣ, ਮੈਂ ਜਾਣ ਨਹੀਂ ਦੇਣਾ। ਜਾ ਬਈ, ਕਿਸ਼ਨ ਤੋਂ ਪੁੱਛ ਲੈ।"

"ਬਾਊ ਜੀ ਥੱਲੇ ਨਹੀਂ ਹਨ", ਉਸ ਕਿਹਾ।

"ਭੈਣ ਜੀ ਹਾਲੀ ਵਿਹਲੇ ਨਹੀਂ, ਠਹਿਰ ਕੇ ਆਈਂ। ਜੇ ਕੁਝ ਲੈਣਾ ਹੈ ਤੇ ਮਨੋਹਰ ਬਾਊ ਥੱਲੇ ਹਨ, ਲੈ ਲੈ।"

"ਹੱਛਾ ਜੀ", ਕਹਿ ਕੇ ਸਿਰ ਨੀਵਾਂ ਪਾਈ ਨੌਕਰ ਚਲਾ ਗਿਆ।

"ਵੀਰਾ ਜੀ, ਐਸ ਵੇਲੇ ਮੈਂ ਕੁਝ ਨਹੀਂ ਜੇ ਸੁਣਾਉਣਾ। ਮੇਰੇ ਨਿੱਕੇ ਵੀਰ ਦੇ ਵਿਆਹ ਵਿਚ ਮੇਰੇ ਵਰਗੀ ਭਾਗਾਂ-ਸੜੀ ਦੀ ਕਥਾ ਨਹੀਂ ਹੋਣੀ ਚਾਹੀਦੀ। ਸ਼ੁਭ......!"

ਮੈਂ ਅਧੀਰ ਹੋ ਕੇ ਆਖਿਆ, "ਦੁਖੀ ਹੋਵੇ ਭੈਣ ਤੇ ਭਰਾ ਦੀ ਹੋਵੇ ਸ਼ਾਦੀ !"

"ਨਾ ਵੀਰਾ ਜੀ", ਉਸ ਨੇ ਤਰਲੇ ਲੈਂਦਿਆਂ ਕਿਹਾ, "ਕਿਸ਼ਨ ਸੱਚੀ-ਮੁੱਚੀ ਸ਼ਾਦੀ ਕਰਨੋਂ ਨਾਂਹ ਕਰ ਦੇਵੇਗਾ। ਜੇ ਉਹ ਮੇਰਾ ਕਿਹਾ ਨਹੀਂ ਮੋੜਦਾ ਤਾਂ ਤੁਹਾਡਾ ਵੀ ਨਹੀਂ ਮੋੜਦਾ। ਕੁਝ ਹੋਰ....।"

"ਅੱਛਾ, ਫੇਰ ਮੈਂ ਅਜ ਚਲਾ ਜਾਵਾਂਗਾ। ਸੌਦਾ ਇਵੇਂ ਹੀ ਮੁਕਦਾ ਹੈ।" ਤੇ ਮੈਂ ਢਾਸਣਾ ਹਟਾ ਲਈ।

"ਵੀਰਾ ਜੀ, ਮੈਂ ਸੁਣਾਉਨੀ ਹਾਂ। ਕਿਸ਼ਨ ਵੀਰ ਦਾ ਵਿਆਹ ਨਾ ਰੁਕੇ। ਇਹੋ ਮੇਰੀ ਚਾਹ ਹੈ। ਮੈਂ ਇਕ ਸੁੱਖੀ ਵਸਦਾ ਜੋੜਾ ਘਰ ਵਿਚ ਵੇਖਣਾ ਚਾਹੁੰਦੀ ਹਾਂ। ਲਓ ਸੁਣੋ।" ਇਹ ਕਹਿ ਕੇ ਉਹ ਸਾਹਮਣੀ ਕੁਰਸੀ ਤੇ ਬੈਠ ਗਈ।

"ਮੈਂ ਜਦ ਦਸਵੀਂ ਜਮਾਤ ਪਾਸ ਕਰ ਚੁੱਕੀ ਤਾਂ ਦੂਸਰੇ ਵਰ੍ਹੇ ਹੀ ਮੇਰੀ ਨਾਨੀ ਨੇ ਮੇਰੇ ਲਈ ਇਕ ਸੁਹਣਾ ਵਰ ਲੱਭਿਆ। ਉਹ ਵੀ ਮੇਰੇ ਜਿੰਨਾ ਪੜ੍ਹੇ ਹੋਏ ਸਨ ਤੇ ਕੱਪੜੇ ਦਾ

ਵਪਾਰ ਕਰਦੇ ਸਨ। ਆਮਦਨ ਉਨ੍ਹਾਂ ਦੀ ਕਾਫ਼ੀ ਤੋਂ ਜ਼ਿਆਦਾ ਸੀ। ਮੇਰੇ ਵਿਆਹ ਉੱਤੇ ਉਨ੍ਹਾਂ ਬੜਾ ਖ਼ਰਚ ਕੀਤਾ ਸੀ। ਗਹਿਣਿਓਂ ਕਪੜਿਓਂ ਉਨ੍ਹਾਂ ਮੈਨੂੰ ਵਾਂਜੀ ਨਹੀਂ ਸੀ ਰਹਿਣ ਦਿੱਤਾ। ਮੇਰੀ ਸੱਸ ਤਾਂ ਮੈਨੂੰ ਦੇਖ ਕੇ ਬਾਗ਼ ਬਾਗ਼ ਹੋ ਗਈ ਸੀ। ਸਹੁਰਾ ਮੇਰਾ ਹੈ ਨਹੀਂ ਸੀ। ਸੱਸ ਮੇਰੀ ਹੱਥੀਂ ਛਾਵਾਂ ਕਰਦੀ ਸੀ। ਪਤੀ ਮੇਰੇ ਮੈਨੂੰ ਹਦੋਂ ਬਹੁਤਾ ਪਿਆਰ ਕਰਦੇ ਸਨ, ਤੇ ਇੱਜ਼ਤ ਵੀ। ਮੈਂ ਸਮਝਦੀ ਸਾਂ।"

ਇਥੇ ਸ਼ਰਮਾ ਕੇ ਕ੍ਰਿਸ਼ਨਾ ਕੁਝ ਰੁੱਕ ਗਈ। ਮੈਂ ਕਿਹਾ, "ਭੈਣ, ਮਾਵਾਂ-ਧੀਆਂ ਹੀ ਨਹੀਂ,. ਭੈਣ-ਭਰਾਵਾਂ ਦਾ ਵੀ ਇਕੋ ਪੜਦਾ ਹੁੰਦਾ ਹੈ।"

"ਮੈਂ ਸਮਝਦੀ ਸਾਂ" ਉਸ ਨੇ ਬਾਲਾਂ ਵਾਂਗ ਸੰਗਦਿਆਂ ਸ਼ੁਰੂ ਕੀਤਾ "ਕਿ ਮੈਂ ਉਨ੍ਹਾਂ ਬਿਨਾਂ ਜੀ ਨਹੀਂ ਸਕਦੀ। ਵਿਆਹ ਤੋਂ ਦੋ ਮਹੀਨੇ ਮਗਰੋਂ ਇਕ ਦਿਨ ਉਹ ਲੜਖੜਾਉਂਦੇ ਹੋਏ ਘਰ ਆਏ। ਉਨ੍ਹਾਂ ਦੇ ਮੂੰਹ ਵਿਚੋਂ ਬੋ ਆ ਰਹੀ ਸੀ। ਸੱਚ ਜਾਣੋ ਭਰਾ ਜੀ, ਉਹ ਬੋ ਮੈਨੂੰ ਬੜੀ ਬੁਰੀ ਲੱਗੀ। ਪਰ ਉਨ੍ਹਾਂ ਦੇ ਪਿਆਰ ਪਿੱਛੇ ਮੈਂ ਬਰਦਾਸ਼ਤ ਕਰ ਲਈ। ਪਰ ਮੈਨੂੰ ਉਲਟੀ ਆਉਣ ਵਾਲੀ ਹੋ ਗਈ। ਦੂਸਰੇ-ਤੀਸਰੇ ਉਹ ਇਵੇਂ ਆਉਂਦੇ। ਮੈਂ ਸੱਸ ਤੋਂ ਤੇ ਨਾਨੀ ਤੋਂ ਇਹ ਗੱਲ ਲੁਕਾਉਂਦੀ। ਆਖ਼ਰ ਆਦਤ ਵਧਦੀ ਗਈ। ਹਾਰ ਕੇ ਮੈਂ ਸੱਸ ਨੂੰ ਕਿਹਾ। ਉਨ੍ਹਾਂ ਆਪ ਆ ਕੇ ਦੇਖਿਆ। ਕਹਿਣ ਲੱਗੇ, ਸ਼ਰਾਬ ਪੀਣ ਲੱਗ ਪਿਆ ਹੈ। ਸਵੇਰੇ ਉਨ੍ਹਾਂ ਮੇਰੇ ਸਾਹਮਣੇ ਝਾੜ- ਝਪਾੜ ਕੀਤੀ। ਉਹ ਕ੍ਰੋਧ-ਭਰੀਆਂ ਅੱਖਾਂ ਨਾਲ ਮੇਰੀ ਵੱਲ ਦੇਖਦੇ ਰਹੇ। ਰਾਤੀਂ ਅੰਨ੍ਹੇ-ਵਾਹ ਪੀ ਕੇ ਉਹ ਘਰ ਆਏ। ਬੂਹਾ ਬੰਦ ਕਰ ਕੇ ਮੈਨੂੰ ਬੜਾ ਕੁਟਿਆ। ਆਖੀ ਜਾਂਦੇ ਸਨ, "ਪੀਂਦਾ ਹਾਂ, ਤੇ ਤੇਰੇ ਪਿਓ ਦੇ ਪੈਸਿਆਂ ਦੀ ਪੀਂਦਾ ਹਾਂ ?" ਪਤਾ ਨਹੀਂ ਉਨ੍ਹਾਂ ਨੂੰ ਕੀ ਹੋ ਗਿਆ। ਆਪਣਾ ਕੰਮ ਉਹ ਠੀਕ ਕਰਦੇ ਸਨ, ਪਰ ਸ਼ਾਮ ਨੂੰ ਪੀ ਕੇ ਮੈਨੂੰ ਮਾਰਦੇ ਸਨ। ਉਹ ਮੇਰੀ ਸੱਸ ਦੇ ਹੱਥਾਂ ਵਿਚੋਂ ਵੀ ਨਿਕਲ ਗਏ। ਮੈਂ ਨਾਨੀ ਨੂੰ ਕੁਝ ਨਹੀਂ ਦਸਦੀ ਸਾਂ। ਕਮਲਾ ਹਾਲੀ ਮਹੀਨੇ ਦੀ ਸੀ ਕਿ ਇਕ ਦਿਨ ਰਾਤੀਂ ਮੈਨੂੰ ਉਨ੍ਹਾਂ ਬੁਰੀ ਤਰ੍ਹਾਂ ਮਾਰਿਆ। ਕਹਿਣ ਲੱਗੇ, "ਨਿਕਲ ਜਾ ਮੇਰੇ ਘਰੋਂ। ਮੈਨੂੰ ਮੁੰਨੀ ਸਮੇਤ ਪੌੜੀਆਂ ਵਿਚੋਂ ਧੱਕਾ ਦੇ ਦਿੱਤਾ। ਮੁੰਨੀ ਨੂੰ ਬਚਾਉਣ ਲਈ ਮੈਂ ਸਿਰ ਅਗਾਂਹ ਸੁੱਟ ਦਿੱਤਾ। ਮੇਰਾ ਸਿਰ ਪਾਟ ਗਿਆ। ਮੈਂ ਉਠ ਕੇ ਉਪਰ ਚੜ੍ਹਨਾ ਚਾਹੁੰਦੀ ਸਾਂ ਕਿ ਉਨ੍ਹਾਂ ਕਿਹਾ, 'ਗਈ ਨਹੀਂ ਹਾਲੇ ? ਜਾ ਨਿਕਲ ਜਾ ਮੇਰੇ ਘਰੋਂ। ਮੈਂ ਕਿਹਾ 'ਤੁਸੀਂ ਸ਼ਰਾਬ ਪੀਤੀ ਹੋਈ ਹੈ। ਤੁਸੀਂ ਹੋਸ਼ ਵਿਚ ਨਹੀਂ। ਮੇਰਾ ਸਿਰ ਪਾਟ ਗਿਆ ਹੈ।' 'ਪਾਟ ਗਿਆ ਹੈ ਤਾਂ ਪਾਟ ਜਾਏ', ਉਹ ਕਹਿਣ ਲੱਗੇ, 'ਤੇਰੇ ਜਹੀਆਂ ਹੋਰ ਬਥੇਰੀਆਂ।' ਮੈਂ ਕਿਹਾ 'ਜੀ ਮੈਂ ਤੁਹਾਡੀ ਧਰਮ ਪਤਨੀ ਹਾਂ।' ਹੁਣ ਗੁਆਂਢੀ ਆਣ ਇਕੱਠੇ

ਹੋਏ ਸਨ। ਸੱਸ ਆਪਣੇ ਕਮਰੇ ਅੰਦਰ ਦਿੱਤੀ ਹਾਲ ਹਾਲ ਕਰ ਰਹੀ ਸੀ। ਲੋਕਾਂ ਕਿਹਾ, ‘ਮੂਰਖਾ, ਕੀ ਕਰਦਾ ਹੈਂ, ਇਹੋ ਜਹੀ ਵਹੁਟੀ ਤੈਨੂੰ ਕਿਥੋਂ ਮਿਲਣੀ ਹੈ ? ਮੈਂ ਫੇਰ ਉਪਰ ਚੜ੍ਹਨ ਲੱਗੀ, ਉਨ੍ਹਾਂ ਬਾਹੋਂ ਫੜ ਕੇ ਥੱਲੇ ਝੰਜੋੜ ਮਾਰਿਆ। ਤੀਸਰੀ ਵਾਰੀ ਮੈਂ ਫਿਰ ਹੀਲਾ ਕੀਤਾ, ਪਰ ਉਨ੍ਹਾਂ ਲੋਕਾਂ ਦੇ ਸਾਹਮਣੇ ਮੈਨੂੰ ਪਟਕਾ ਮਾਰਿਆ। ਲੋਕੀਂ ਉਨ੍ਹਾਂ ਨੂੰ ਮਾਰਨ ਲੱਗੇ, ਮੈਂ ਰੋਕ ਦਿੱਤਾ। ਪਰ ਮੇਰਾ ਗੁੱਸਾ ਵੱਧ ਰਿਹਾ ਸੀ। ਮੈਂ ਉਚੀ ਦਿਤੀ ਪੁੱਛਿਆ, 'ਕੀ ਤੁਸੀਂ ਹੋਸ਼ ਵਿਚ ਹੋ?” ‘ਕੁੱਤੀ ਸਮਝਦੀ ਹੈ ਮੈਂ ਬੇਹੋਸ਼ ਹਾਂ’, ਉਨ੍ਹਾਂ ਗੱਜਦਿਆਂ ਕਿਹਾ। ‘ਕੀ ਤੁਸੀਂ ਮੇਰੇ ਪਤੀ ਨਹੀਂ ਜੁ ਮੇਰੀ ਇਸ ਤਰ੍ਹਾਂ ਬੇਪਤੀ ਕਰਦੇ ਹੋ ?’ ‘ਨਹੀਂ, ਮੈਂ ਤੇਰਾ ਪਤੀ ਨਹੀਂ, ਉਨ੍ਹਾਂ ਜ਼ੋਰ ਦੀਂਦਿਆ ਕਿਹਾ। ‘ਮੈਂ ਅੱਜ ਜਾ ਕੇ ਫੇਰ ਕਦੀ ਨਹੀਂ ਆਵਾਂਗੀ’, ਮੈਂ ਭੀਸ਼ਮ-ਪ੍ਰਤੱਗਿਆ ਧਾਰ ਕੇ ਕਿਹਾ। ‘ਜਾ ਜਾ, ਰੁਅਬ ਕਿਸੇ ਹੋਰ ਨੂੰ ਦਿਖਾ’ ਉਨ੍ਹਾਂ ਕਿਹਾ। ਮੈਂ ਤੁਰ ਪਈ। ਲੋਕਾਂ ਉਨ੍ਹਾਂ ਨੂੰ ਲਾਹਨਤਾਂ ਪਾਈਆਂ। ਮੈਨੂੰ ਆਪਣੇ ਘਰਾਂ ਵਿਚ ਠਹਿਰਨ ਨੂੰ ਕਿਹਾ। ਸਿਆਲੀ ਰਾਤ ਵਿਚ ਠਰੂੰ ਠਰੂੰ ਕਰਦੀ ਮੈਂ ਨਾਨੀ ਨੂੰ ਅਵਾਜ਼ ਮਾਰੀ। ਉਸ ਬਿਪਤਾ ਦੀ ਮਾਰੀ ਨੇ ਜਦ ਮੇਰੀ ਇਹ ਹਾਲਤ ਦੇਖੀ ਤਾਂ ਢਾਹਾਂ ਮਾਰ ਮਾਰ ਰੋਈ। ਫੇਰ ਰੇਸ਼ਮ ਸਾੜ ਕੇ ਜ਼ਖ਼ਮ ਵਿਚ ਦਿੱਤਾ। ਮੁੰਨੀ ਨੂੰ ਗੱਲ ਲਾਇਆ। ਮੈਨੂੰ ਨਿੱਘਿਆ ਕੀਤਾ। ਮੇਰੀ ਕਹਾਣੀ ਸੁਣ ਕੇ ਕਹਿਣ ਲੱਗੀ, ‘ਨਹੀਂ ਜਾਣਾ ਉਸ ਦੁਸ਼ਟ ਦੇ। ਤੇਰੇ ਪਿਉ ਵਰਗਾ ਹੀ ਨਿਕਲਿਆ, ਪਾਪੀ ! ਪਰ ਆਖ਼ਰ ਉਥੇ ਹੀ ਜਾਣਾ ਪਏਗਾ। ਸਾਡੇ ਵਿਚ ਦੂਸਰਾ ਵਿਆਹ ਤੇ ਕਿਤੇ ਰਿਹਾ, ਵਿਧਵਾ ਵਿਆਹ ਵੀ ਪਾਪ ਹੈ।’ ਮੈਂ ਕਿਹਾ, ‘ਮੈਂ ਤੇ ਮਾਂ ਜੀ, ਕਦੇ ਨਹੀਂ ਜਾਣਾ ਉਸ ਦੇ ਘਰ ! ਮੈਂ ਵੀ ਪ੍ਰਤਿੱਗਿਆ ਕਰ ਚੁੱਕੀ ਹਾਂ।

“ਉਹ ਸ਼ਰਾਬ ਪੀਂਦੇ ਰਹੇ। ਸ਼ਰਾਬੀ ਹੋ ਕੇ ਮੋਰੀਆਂ ਵਿਚ ਢਹਿੰਦੇ, ਸਾਰੀ ਸਾਰੀ ਰਾਤ ਬਜ਼ਾਰਾਂ ਵਿਚ ਪਏ ਰਹਿੰਦੇ। ਇਸ ਦਾ ਉਨ੍ਹਾਂ ਦੀ ਵਪਾਰ ਦੀ ਸਾਖ ਤੇ ਵੀ ਅਸਰ ਪਿਆ। ਮੈਨੂੰ ਸਕੂਲ-ਮਾਸਟਰੀ ਦੀ ਨੌਕਰੀ ਮਿਲ ਗਈ। ਮੇਰੀ ਸੱਸ ਮੈਨੂੰ ਬਾਹਰ ਕਿਤੇ ਕਦੇ ਕਦੇ ਮਿਲਦੀ। ਪਿਆਰ ਨਾਲ ਗਲੇ ਲਾਉਂਦੀ, ਅਸੀਸਾਂ ਦਿੰਦੀ, ‘ਪਰਮਾਤਮਾ ਤੇਰੇ ਪਤੀ ਨੂੰ ਸੁਮਤ ਬਖਸ਼ੇ। ਉਹ ਆਖ ਕੇ ਇਕ ਡੂੰਘਾ ਸਾਹ ਲੈਂਦੀ। ਕਮਲਾ ਨੂੰ ਚੁੱਕ ਕੇ ਗੁੱਡੀਆਂ ਵਾਂਗ ਹੱਥਾਂ ਵਿਚ ਨਚਾਉਂਦੀ।’

ਕੁਝ ਚਿਰ ਠਹਿਰਨ ਤੋਂ ਮਗਰੋਂ ਡੂੰਘਾ ਸਾਹ ਲੈ ਕੇ ਕ੍ਰਿਸ਼ਨਾ ਨੇ ਫਿਰ ਕਹਿਣਾ ਸ਼ੁਰੂ ਕੀਤਾ, “ਇਕ ਦਿਨ ਮੈਨੂੰ ਸੱਸ ਦਾ ਸੁਨੇਹਾ ਆਇਆ ਕਿ ਮੈਂ ਕਮਲਾ ਨੂੰ ਦੇਖਣਾ ਚਾਹੁੰਦੀ

ਹਾਂ। ਨੌਕਰ ਦੇ ਹੱਥ ਮੈਂ ਦੋ ਸਾਲਾਂ ਦੀ ਕਮਲਾ ਨੂੰ ਭੇਜ ਦਿੱਤਾ। ਮੇਰੀ ਸੱਸ ਮਰਨ ਵਾਲੀ ਸੀ। ਕਮਲਾ ਨੂੰ ਦੇਖ ਕੇ ਉਸ ਕਿਹਾ, ਧੀਏ, ਭਾਗਾਂ ਵਾਲੀ ਹੋਈਂ। ਆਪਣੀ ਮਾਂ ਨੂੰ ਘਰ ਲਿਆਈਂ। ਨੌਕਰ ਨੇ ਸਭ ਕੁਝ ਆ ਕੇ ਦੱਸਿਆ ਸੀ। ਮਗਰੋਂ ਮੇਰੀ ਸੱਸ ਸੁਰਗਵਾਸ ਹੋ ਗਈ। ਮੈਨੂੰ 'ਉਨ੍ਹਾਂ' ਦਾ ਸੁਨੇਹਾ ਆਇਆ, ਮੈਂ ਨਾ ਗਈ। ਪਰ ਜਦ ਦਾਹ ਦੇ ਕੇ ਸਾਰੇ ਸ਼ਮਸ਼ਾਨ-ਭੂਮੀ ਤੋਂ ਮੁੜ ਆਏ ਤਾਂ ਮੈਂ ਤੇ ਨਾਨੀ ਜੀ ਉਥੇ ਗਏ। ਇਹੋ ਜਿਹੀ ਸੱਸ ਦੀ ਚਿੱਖਾ ਲਾਗੇ ਬੈਠ ਕੇ ਮੈਂ ਜੀ ਭਰ ਕੇ ਰੋਈ। ਮੈਂ ਦੇਖਿਆ, 'ਉਹ' ਆ ਰਹੇ ਹਨ। ਮੈਂ ਉਠ ਖੜੋਤੀ। ਉਨ੍ਹਾਂ ਮੈਨੂੰ ਦੇਖ ਲਿਆ, ਪਰ ਮੈਨੂੰ ਕੁਝ ਨਹੀਂ ਆਖਿਆ। ਮੈਂ ਰੋਂਦੀ ਹਾਤਿਓਂ ਬਾਹਰ ਨਿਕਲ ਆਈ।

ਮੈਂ ਦੇਖਿਆ, ਕ੍ਰਿਸ਼ਨਾ ਰੋ ਰਹੀ ਸੀ।

"ਉਸ ਤੋਂ ਮਗਰੋਂ ਮੈਨੂੰ ਪਤਾ ਲੱਗਾ", ਕ੍ਰਿਸ਼ਨਾ ਚਾਲ ਨੂੰ ਹੌਲੀ ਕਰ ਕੇ ਕਹਿਣ ਲੱਗੀ, "ਉਨ੍ਹਾਂ ਸ਼ਰਾਬ ਛੱਡ ਦਿੱਤੀ। ਉਨ੍ਹਾਂ ਦਾ ਕੰਮ ਫਿਰ ਵੱਧ ਰਿਹਾ ਸੀ। ਮੈਂ ਵੀ ਜੇ. ਏ. ਵੀ, ਪਾਸ ਕਰ ਲਈ ਸੀ ਤੇ ਕਿਸ਼ਨ ਦੇ ਸਕੂਲ ਦੇ ਖ਼ਰਚ ਤੇ ਆਪਣੇ ਤੇ ਕਮਲਾ ਜੋਗਾ ਕਾਫ਼ੀ ਕਮਾ ਲੈਂਦੀ ਸਾਂ। ਨਾਨੀ ਨੇ ਮੈਨੂੰ ਆਪਣੀ ਪੈਰੀਂ ਖੜਾ ਦੇਖ ਕੇ ਪਰਲੋਕ ਦੀ ਤਿਆਰੀ ਸ਼ੁਰੂ ਕਰ ਦਿੱਤੀ। ਪੂਜਾ ਪਾਠ ਕਰਦੇ ਆਖ਼ਰ ਨਾਨੀ ਜੀ ਤੁਰ ਹੀ ਗਏ। ਮੈਂ ਪੁੱਤਰਾਂ ਵਾਂਗ ਉਸ ਨੂੰ ਵੱਡਿਆ ਕੀਤਾ। ਕਿਸ਼ਨ ਨੇ ਚੋਰੀ ਫੜੀ। ਕਮਲਾ ਨੇ ਘੰਟੇ ਖੜਕਾਏ।

ਕ੍ਰਿਸ਼ਨਾ ਹੁਣ ਨਾ ਸਹਾਰ ਸਕੀ। ਉਹ ਖੁਲ੍ਹ ਕੇ ਰੋ ਪਈ। ਮੈਂ ਚੁੱਪ ਕਰਾਉਣ ਦਾ ਜਤਨ ਨਾ ਕੀਤਾ, ਤਾਂ ਜੁ ਉਸ ਦਾ ਗਮ ਅਥਰੂ ਬਣ ਕੇ ਵਹਿ ਜਾਏ ਤੇ ਦਿਲ ਥੋੜਾ ਹੌਲਾ ਹੋ ਜਾਏ। ਰੋਣਾ ਛੱਡ ਕੇ ਉਹ ਚੁੱਪ ਸੀ, ਜਦ ਮੈਂ 'ਅੱਗੇ ਕੀ ਹੋਇਆ ?' ਪੁੱਛਿਆ।

ਇਕ ਠੰਢਾ ਸਾਹ ਲੈ ਕੇ ਉਸ ਕਿਹਾ, "ਇਕ ਦਿਨ ਮੈਂ ਕਮਲਾ ਨੂੰ ਉਂਗਲੀ ਲਾਈ ਸਕੂਲ ਜਾ ਰਹੀ ਸਾਂ ਕਿ ਉਹ ਮੇਰਾ ਰਸਤਾ ਘੇਰ ਖੜੋਤੇ, ਕਹਿਣ ਲੱਗੇ, 'ਕ੍ਰਿਸ਼ਨਾ, ਚੱਲ ਘਰ ਚੱਲ। ਮੇਰਾ ਘਰ ਤੇਰੇ ਬਿਨਾਂ ਵੀਰਾਨ ਹੋ ਰਿਹਾ ਹੈ। ਸੜ ਜਾਏ ਜੀਭ ਮੇਰੀ ! ਮੈਂ ਕਿਹਾ, 'ਤੂੰ ਕੌਣ ਹੈ ? ਛੱਡ ਦੇਹ ਬਾਂਹ ਮੇਰੀ। ਰਾਹ ਜਾਂਦੀਆਂ ਤੀਵੀਆਂ ਦੀਆਂ ਬਾਹਾਂ ਨਹੀਂ ਪਕੜੀਦੀਆਂ।' ਉਹ ਡੌਰ-ਭੌਰ ਕਿੰਨਾ ਚਿਰ ਮੇਰੇ ਵੱਲ ਤਕਦੇ ਰਹੇ। ਫਿਰ ਕਮਲਾ ਵੱਲ ਦੇਖਿਆ, ਫਿਰ ਮੇਰੇ ਵੱਲ। ਆਖ਼ਰ ਉਹ ਬੋਲੇ, 'ਕੀ ਤੁਸੀਂ ਮੇਰੀ ਧਰਮ-ਪਤਨੀ ਕ੍ਰਿਸ਼ਨਾ ਨਹੀਂ ਹੋ ?' 'ਕ੍ਰਿਸ਼ਨਾ ਤੇ ਹਾਂ, ਪਰ ਮੈਂ ਕਿਸੇ ਦੀ ਧਰਮ-ਪਤਨੀ ਨਹੀਂ। ਉਹਨਾਂ ਦੀ ਪਕੜ

ਢਿੱਲੀ ਪੈ ਗਈ। ਲੋਕਾਂ ਨੇ ਤਾੜੀਆਂ ਲਾ ਦਿੱਤੀਆਂ। ਸੱਚ ਜਾਣਨਾ ਭਰਾ ਜੀ, ਮੇਰਾ ਮਤਲਬ ਉਹ ਕੁਝ ਨਹੀਂ ਸੀ ਜੋ ਮੈਂ ਉਸ ਵੇਲੇ ਬਕ ਦਿੱਤਾ। ਉਨ੍ਹਾਂ ਦੇ ਚਿਹਰੇ ਤੋਂ ਮਲੂਮ ਹੁੰਦਾ ਸੀ ਕਿ ਉਨ੍ਹਾਂ ਨੂੰ ਬੜੀ ਚੋਟ ਲੱਗੀ ਹੈ। ਪਤਾ ਨਹੀਂ ਕਿਉਂ ਮੇਰਾ ਮੂੰਹ ਬੰਦ ਰਿਹਾ। ਸਕੂਲ ਦਾ ਵਕਤ ਹੋ ਰਿਹਾ ਸੀ। ਉਹ ਸਿਰ ਸੁੱਟੀ ਦੂਸਰੇ ਪਾਸੇ ਤੁਰੀ ਜਾ ਰਹੇ ਸਨ। ਸਕੂਲ ਜਾ ਕੇ ਮੈਂ ਕਿਸੇ ਜਮਾਤ ਨੂੰ ਚੰਗੀ ਤਰ੍ਹਾਂ ਨਾ ਪੜ੍ਹਾ ਸਕੀ। ਅੱਧੀ ਛੁੱਟੀ ਤੱਕ ਮੈਨੂੰ ਸਿਰ ਪੀੜ ਹੁੰਦੀ ਰਹੀ। ਹੈੱਡ-ਮਾਸਟਰਾਣੀ ਨੇ ਮੈਨੂੰ ਕੋਈ ਜ਼ਨਾਨੀਆਂ ਵਾਲੀ ਅਹੁਰ ਸਮਝ ਕੇ ਛੁੱਟੀ ਦਿੱਤੀ ਤੇ ਮਾਈ ਮੈਨੂੰ ਘਰ ਤੱਕ ਛੱਡਣ ਆਈ।

"ਉਸ ਦਿਨ ਤੋਂ ਮੇਰੇ ਪ੍ਰਣ ਤੇ ਉਨ੍ਹਾਂ ਦੇ ਮੇਰੇ ਨਾਲ ਕੀਤੇ ਜਾ ਰਹੇ ਵਰਤਾ ਵਿਚ ਜੰਗ ਸ਼ੁਰੂ ਹੋ ਗਿਆ। ਮੈਂ ਉਨ੍ਹਾਂ ਦੀ ਦੁਕਾਨ ਵਾਲੇ ਬਜ਼ਾਰ ਵਿਚੋਂ ਕਦੇ ਨਹੀਂ ਸੀ ਲੰਘਦੀ। ਇਕ ਦਿਨ ਸਕੂਲੋਂ ਆ ਰਹੀਆਂ ਮਾਸਟਰਾਣੀਆਂ ਨੇ ਮੈਨੂੰ ਉਧਰੋਂ ਲੰਘਣ ਲਈ ਮਜਬੂਰ ਕਰ ਲਿਆ। ਉਨ੍ਹਾਂ ਨੂੰ ਮੇਰੀ ਕਹਾਣੀ ਦਾ ਕੋਈ ਪਤਾ ਨਹੀਂ ਸੀ। ਉਹ ਵੀ ਤੁਹਾਡੇ ਵਾਂਗੂੰ ਮੈਨੂੰ ਰੱਬ ਨਾ ਕਰੇ, ਵਿਧਵਾ ਹੀ ਸਮਝਦੀਆਂ ਸਨ। ਤੇ ਮੈਂ ਅੱਜ ਤੋਂ ਪਹਿਲੋਂ ਸੁਹਾਗ ਦੀ ਬਿੰਦੀ ਵੀ ਕਦੇ ਨਹੀਂ ਸੀ ਲਾਈ।"

ਮੈਂ ਦੇਖਿਆ ਕਿ ਜਿਹੜੀਆਂ ਅੱਖਾਂ ਭੈਣ ਕ੍ਰਿਸ਼ਨਾ ਦੀਆਂ ਅੱਖਾਂ ਵਿਚੋਂ ਦੁੱਖ ਤੇ ਅਤੇ ਸੂਖਮ ਅਸਰ ਨੂੰ ਪੜ੍ਹ ਸਕੀਆ ਸਨ, ਉਨ੍ਹਾਂ ਹਾਲੀ ਤੱਕ ਕ੍ਰਿਸ਼ਨਾ ਦੇ ਮੱਥੇ ਵਿਚਕਾਰ ਬਰੀਕ ਜਹੀ ਲਾਲ ਬਿੰਦੀ ਨੂੰ ਨਹੀਂ ਦੇਖਿਆ ਸੀ।

ਭੈਣ ਨੇ ਗੱਲ ਜਾਰੀ ਰੱਖਦਿਆਂ ਕਿਹਾ, "ਮੈਂ ਉਸ ਬਜ਼ਾਰ ਵਿਚੋਂ ਲੰਘੀ। ਜਿਸ ਪਾਸਿਓਂ ਮੈਂ ਜਾ ਰਹੀ ਸਾਂ ਉਸੇ ਪਾਸੇ ਉਨ੍ਹਾਂ ਦੀ ਨਜ਼ਰ ਸੀ। ਉਨ੍ਹਾਂ ਆਮ ਤੁਰੇ ਜਾਂਦੇ ਲੋਕਾਂ ਵਾਂਗ ਮੇਰੇ ਨਾਲ ਉਸਤਾਦਨੀਆਂ ਨੂੰ ਦੇਖਿਆ। ਉਨ੍ਹਾਂ ਦੀ ਨਜ਼ਰ ਮੇਰੇ ਤੇ ਆਣਕੇ ਅਟਕ ਗਈ। ਅਚਾਨਕ ਇਕ ਝਟਕੇ ਨਾਲ ਉਨ੍ਹਾਂ ਮੇਰੇ ਵਲੋਂ ਨਜ਼ਰ ਪਰਤ ਲਈ ਤੇ ਉੱਚੀ ਜਹੀ ਬੋਲੇ, 'ਓਇ ਕਾਕਾ, ਤੈਨੂੰ ਕਦੇ ਕੋਈ ਚੀਜ਼ ਨਹੀਂ ਲੱਭੇਗੀ।' ਇਹ ਕਹਿ ਕੇ ਅੰਦਰ ਚਲੇ ਗਏ। ਮੈਂ ਹੱਟੀ ਦੇ ਅੰਦਰ ਤੱਕਿਆ, ਕੋਈ ਮੁੰਡਾ ਅੰਦਰ ਨਹੀਂ ਸੀ। ਕੇਵਲ ਉਹ ਘਬਰਾਏ ਹੋਏ ਥਾਨਾਂ ਦੇ ਖ਼ਾਨਿਆਂ ਵਿਚ ਹੱਥ ਮਾਰ ਰਹੇ ਸਨ। ਇਕ ਦੋ ਹੋਰ ਦੁਕਾਨਦਾਰ ਮੈਨੂੰ ਪਛਾਣਦੇ ਸਨ ਤੇ ਮੈਂ ਨੰਗੇ ਮੂੰਹ ਸਾਂ। ਉਨ੍ਹਾਂ ਵੀ ਮੈਨੂੰ ਦੇਖਿਆ ਤੇ ਫੇਰ ਖ਼ਾਲੀ ਗੱਦੀ ਵੱਲ ਨਜ਼ਰ ਮਾਰ ਕੇ ਮੇਰੀ ਵੱਲ ਦੇਖਣ ਲੱਗ ਪਏ। ਮੈਂ ਰੁਕੀ, ਤੁਰੀ, ਫਿਰ ਰੁਕੀ, ਤੁਰੀ ਤੇ ਲੰਘ ਆਈ। ਘਰ ਆ ਕੇ ਮੇਰੀ ਬੁਰੀ ਦਸ਼ਾ ਹੋਈ। ਮੈਂ ਪ੍ਰਣ ਤੋੜ ਦੇਣ ਨੂੰ ਤਿਆਰ ਸਾਂ। "ਉਨ੍ਹਾਂ ਜ਼ਿਆਦਤੀ ਨਸ਼ੇ ਦੇ ਅਸਰ ਹੇਠ ਕੀਤੀ ਸੀ। ਹੁਣ ਉਹ ਨਸ਼ਾ ਨਹੀਂ ਪੀਂਦੇ। ਪਰ ਮੈਂ ਤੇ ਪ੍ਰਣ

ਨਸ਼ੇ ਦੇ ਅਸਰ ਹੇਠ ਨਹੀਂ ਕੀਤਾ ? ਉਹ ਇਕ ਛੱਡ ਕੇ ਦੱਸ ਵਿਆਹ ਕਰ ਸਕਦੇ ਸਨ, ਪਰ ਉਨ੍ਹਾਂ ਵਿਆਹ ਨਹੀਂ ਸੀ ਕੀਤਾ। “ਉਨ੍ਹਾਂ ਨੂੰ ਬੜੀ ਮਾਨਸਕ ਤਕਲੀਫ਼ ਹੈ, ਇਹੋ ਜਿਹਾ ਕੁਝ ਮੈਂ ਉਨ੍ਹਾਂ ਦਿਨਾਂ ਵਿਚ ਸੋਚਦੀ ਸਾਂ। ਮੈਂ ਚਾਹੁੰਦੀ ਸਾਂ ਕਿ ਕਿਸੇ ਦਿਨ ਉਹ ਮੇਰੀ ਬਾਂਹ ਫੇਰ ਪਕੜ ਲੈਣ ਤੇ ਉਸੇ ਤਰ੍ਹਾਂ ਪੁੱਛਣ ਕਿ ਤੂੰ ਮੇਰੀ ਪਤਨੀ ਨਹੀਂ ਤੇ ਮੈਂ ਉਨ੍ਹਾਂ ਦੇ ਚਰਨਾਂ ਵਿਚ ਡਿੱਗ ਕੇ ਆਖਾਂ ਕਿ ਮੈਂ ਤੁਹਾਡੀ ਦਾਸੀ ਹਾਂ। ਪਰ ਫਿਰ ਪਤਾ ਨਹੀਂ ਦਿਲ ਨੂੰ ਕੀ ਹੋ ਜਾਂਦਾ ਸੀ। ਉਹ ਕਰੜਾ ਹੋ ਜਾਂਦਾ ਸੀ-ਪੱਥਰ, ਮੈਂ ਕਹਾਂਗੀ, ਪੱਥਰ !”

ਮੈਂ ਸੋਚ ਰਿਹਾ ਸਾਂ, ‘ਇਹ ਗੱਲ ਤਾਂ ਉਨ੍ਹਾਂ ਦੇ ਖ਼ਾਨਦਾਨ ਵਿਚ ਟੁਰੀ ਆ ਰਹੀ ਹੈ। ਨਾਨੀ ਵਿਚ ਸੀ, ਮਾਂ ਵਿਚ ਸੀ, ਭਰਾ ਵਿਚ ਹੈ ਤੇ ਪਿਓ ਵੀ ਕਿਹੜਾ ਘੱਟ ਸੀ। ਤੇ ਮੈਂ ਸੋਚਿਆ ਕਿ ਇਸ ਵਿਚ ਨਰਮਾਈ ਸ਼ਾਇਦ ਕੁਝ ਕੁਝ ਵਿਦਿਆ ਦੇ ਅਸਰ ਨਾਲ ਆਈ ਹੈ-ਵਿਦਿਆ ਦਾ ਅਸਰ, ਫਿਰ ਇਸਤਰੀ-ਦਿਲ ਤੇ.......।’

ਕਹਾਣੀ ਤੁਰੀ ਜਾ ਰਹੀ ਸੀ ਕੁਝ ਤੇਜ਼ ਵੇਗ ਨਾਲ। “ਮੈਂ ਫੇਰ ਇਕ ਵਾਰ ਉਥੋਂ ਲੰਘੀ। ਇਕੱਲੀ ਸਾਂ ਮੈਂ। ਕਮਲਾ ਵੀ ਨਾਲ ਨਹੀਂ ਸੀ। ਉਹ ਫੇਰ ਬਹਾਨਾ ਕਰ ਕੇ ਉੱਠ ਗਏ। ਮੇਰੇ ਦਿਲ ਤੇ ਧੱਕ ਕਰ ਕੇ ਚੋਟ ਲੱਗੀ। ਮੈਂ ਉਨ੍ਹਾਂ ਦੀ ਹੱਟੀ ਤੇ ਚੜ੍ਹ ਜਾਣਾ ਚਾਹੁੰਦੀ ਸਾਂ। ਪਰ ਸ੍ਵੈਮਾਨ, ਪ੍ਰਣ, ਨਾਨੀ ਦੇ ਸਾਹਮਣੇ ਕੀਤਾ ਪ੍ਰਣ ਵਿਚ ਆ ਖਲੋਤਾ। ਮੈਂ ਤੁਰ ਆਈ। ਮੇਰੇ ਪਛਾਣੂਆਂ ਫੇਰ ਮੈਨੂੰ ਦੇਖਿਆ। ਤੀਸਰੀ ਵਾਰ ਮੈਂ ਲੰਘੀ। ਪਹਿਲ ਉਹ ਕਰਨ, ਮੈਂ ਮੰਨ ਜਾਵਾਂਗੀ। ਪਰ ਐਤਕੀਂ ਉਹ ਉਠੇ ਨਹੀਂ। ਉਹ ਮੇਰੇ ਵੱਲ ਤੱਕਦੇ ਰਹੇ ਜਿੰਨਾ ਚਿਰ ਮੈਂ ਉਨ੍ਹਾਂ ਦੀ ਨਜ਼ਰ ਦੇ ਜ਼ਾਵੀਏ ਵਿਚ ਰਹੀ, ਉਵੇਂ ਜਿਵੇਂ ਕੋਈ ਅਣਪਛਾਤੀ, ਪਹਿਲੀ ਵਾਰੀ ਤੱਕੀ ਚੀਜ਼ ਵੱਲ ਤੱਕਦਾ ਹੈ। ਇਹ ਮੇਰੇ ਲਈ ਅਸਹਿ ਸੀ। ਮੈਂ ਅੰਦਰੋਂ ਅੰਦਰ ਕੁਰਲਾ ਉਠੀ। ਮੇਰੀਆਂ ਚੀਕਾਂ ਬਾਹਰ ਕਿਸੇ ਨਾ ਸੁਣੀਆਂ। ਹੈਰਾਨ ਹਾਂ ਉਨ੍ਹਾਂ ਵੀ ਨਾ ਸੁਣੀਆਂ !”

ਭੈਣ ਕ੍ਰਿਸ਼ਨਾ ਅੱਜ ਜਜ਼ਬਾਤੀ ਹੋ ਰਹੀ ਸੀ। ਕਹਾਣੀ ਪਹਾੜੀ ਤੋਂ ਨਿਵਾਣ ਵੱਲ ਵਗਦੇ ਪਾਣੀ ਵਾਂਗ ਜਾ ਰਹੀ ਸੀ। ਕ੍ਰਿਸ਼ਨਾ ਕਹਿ ਰਹੀ ਸੀ, “ਉਸ ਮੇਰੇ ਦਿਲ ਦੇ ਮਾਲਕ ਨੇ ਵੀ ਨਾ ਸੁਣੀਆਂ ! ਉਨ੍ਹਾਂ ਦਾ ਇਹ ਰਵੱਈਆ ! ਪੱਥਰਾਈਆਂ ਅੱਖਾਂ ਨਾਲ ਦੇਖਣ! ਉਸ ਵੱਲ, ਜਿਹੜੀ ਉਨ੍ਹਾਂ ਦੀ ਆਪਣੀ ਸੀ...... ਆਪਣੀ ਹੈ। ਕਿੰਨਾ ਤਰਸ-ਹੀਨ ਕੰਮ ਹੈ ਇਹ? ਦਿਲ ਦਾ ਖ਼ੂਨ ਛਾਤੀ ਦੇ ਅੰਦਰ ਨੁੱਚੜ ਰਿਹਾ ਸੀ। ਕਿਤੇ ਛਾਤੀ ਪਾੜ ਕੇ ਬਾਹਰ ਆ ਜਾਂਦਾ, ਮੇਰੇ ਕਪੜੇ ਰੰਗੇ ਜਾਂਦੇ। ਉਹ ਵੀ ਦੇਖ ਲੈਂਦੇ। ਮੈਨੂੰ ਡਿਗਦੀ ਨੂੰ ਬੋਚ ਲੈਂਦੇ। ਮੇਰਾ ਦਵਾ-ਦਾਰੂ ਕਰਦੇ। ਪਰ ਮੈਂ ਐਨੀ ਭਾਗਾਂ ਵਾਲੀ ਕਿੱਥੇ ਸਾਂ ! ਮੈਂ ਤੁਰ ਆਈ। ਮੈਂ ਬੀਮਾਰ ਹੋ

ਗਈ। ਕਿਸ਼ਨ ਨੇ ਬੜੀ ਸੇਵਾ ਕੀਤੀ। ਤੁਸੀਂ ਵੀ ਪਹਿਲੀ ਵਾਰ ਓਦੋਂ ਆਏ ਸਾਓ। ਮੈਂ ਤਕੜੀ ਹੋ ਗਈ ਸਾਂ। ਮੈਂ ਐਤਕੀਂ ਇਸ ਇਰਾਦੇ ਨਾਲ ਗਈ ਸਾਂ ਕਿ ਐਤਕੀਂ ਮੈਂ ਆਪ ਬੁਲਾ ਲਵਾਂਗੀ, ਉਨ੍ਹਾਂ ਦੀ ਧੀ ਉਨ੍ਹਾਂ ਦੀ ਗੋਦ ਵਿਚ ਬਿਠਾ ਦੇਵਾਂਗੀ, ਗਲ ਵਿਚ ਪੱਲਾ ਪਾ ਕੇ ਮੁਆਫ਼ੀ ਮੰਗਾਂਗੀ, ਪ੍ਰਣ ਤੋੜ ਦੇਵਾਂਗੀ,। ਆਪਣੇ ਸਵਾਮੀ ਨੂੰ ਨਰਾਜ਼ ਜੀਉਂਦੇ ਸਵਾਮੀ ਨੂੰ ਨਰਾਜ਼ ਰੱਖ ਕੇ, ਮੈਂ ਮੋਈ ਨਾਨੀ ਨੂੰ ਖ਼ੁਸ਼ ਨਹੀਂ ਰੱਖ ਸਕਦੀ। ਮੈਂ ਪਰਲੋਕ ਵਿਚ ਝੂਠੀ ਹੋ ਜਾਵਾਂਗੀ, ਇਹ ਕੁਝ ਸੋਚ ਕੇ ਮੈਂ ਉਸ ਬਜ਼ਾਰ ਪਹੁੰਚੀ। ਹੱਟੀ ਬੰਦ ਸੀ। ਕਿਰਾਏ ਕੇ ਲੀਏ ਖ਼ਾਲੀ ਦਾ ਬੋਰਡ ਲੱਗਾ ਹੋਇਆ ਸੀ। ਮੈਂ ਘਬਰਾ ਕੇ ਉਸੇ ਥੜੇ ਤੇ ਬੈਠ ਗਈ। ਮੈਂ ਲੇਟ ਜਾਣਾ ਚਾਹੁੰਦੀ ਸਾਂ। ਮਸੀਂ ਮਸੀਂ ਮੈਂ ਆਪਣੇ ਆਪ ਨੂੰ ਕਾਬੂ ਕੀਤਾ। ਮੈਂ ਸਾਹਮਣੀ ਹੱਟੀ ਤੋਂ ਪੁੱਛਿਆ। ਉਹ ਹੱਟੀ ਛੱਡ ਕੇ ਕਿਤੇ ਚਲੇ ਗਏ ਸਨ। ਕਿਸੇ ਨੂੰ ਕੋਈ ਪਤਾ ਨਹੀਂ ਸੀ।

ਕ੍ਰਿਸ਼ਨਾ ਰੋ ਰਹੀ ਸੀ। ਅੱਥਰੂ ਗੱਲ੍ਹਾਂ ਤੋਂ ਵਹਿ ਕੇ ਕੀਮਤੀ ਗੁਲਾਬੀ ਸਾੜ੍ਹੀ ਨੂੰ ਭਿਉਂ ਰਹੇ ਸਨ। ਮੈਂ ਉਸਨੂੰ ਧੀਰਜ ਬੰਨ੍ਹਾਇਆ। ਕੁਝ ਚਿਰ ਮਗਰੋਂ ਮੈਂ ਪੁੱਛਿਆ, “ਭੈਣ ਕ੍ਰਿਸ਼ਨਾ, ਜੇ ਹੁਣ ਉਹ ਆ ਜਾਣ ਤਾਂ ਤੂੰ ਉਨ੍ਹਾਂ ਨੂੰ ਮਾਫ਼ੀ ਦੇ ਦੇਵੇਂਗੀ ?”

ਕ੍ਰਿਸ਼ਨਾ ਸੰਭਲ ਗਈ। ਉਹ ਪੱਥਰ ਦੀ ਮੂਰਤੀ ਬਣ ਰਹੀ ਸੀ। ਹਾਂ ਤੋਂ ਬਹੁਤੀ ਨਾਂਹ ਮੈਨੂੰ ਉਸ ਦੀਆਂ ਅੱਖਾਂ ਤੇ ਉਸ ਦੇ ਸਖ਼ਤ ਹੋ ਰਹੇ ਚਿਹਰੇ ਤੋਂ ਦਿਸ ਰਹੀ ਸੀ। ਫਿਰ ਉਹ ਨਰਮ ਹੋ ਰਹੀ ਸੀ, ਬਹੁਤ ਨਰਮ। ਉਹ ਬੋਲੀ, “ਮੈਂ ਉਨ੍ਹਾਂ ਨੂੰ ਅੱਜ ਇੱਥੇ ਦੇਖਣਾ ਚਾਹੁੰਦੀ ਹਾਂ।”

ਮੈਨੂੰ ਕਵੀ ਟੈਨੀਸਨ ਯਾਦ ਆ ਰਿਹਾ ਸੀ—ਉਹ ਤੁਕ ਮੈਨੂੰ ਯਾਦ ਆ ਰਹੀ ਸੀ ਨਾਲੇ

Let what broken so remain
The gods are to reconcile.

ਉਸ ਕੈਦੀ ਦੀ, ਜੋ ਬੈਸਟੀਲ ਦੇ ਕੈਦਖ਼ਾਨੇ ਦੇ ਤੋੜੇ ਜਾਣ ਤੇ ਵੀ ਕੈਦ ਤੋਂ ਨਹੀਂ ਨਿਕਲਣਾ ਚਾਹੁੰਦਾ ਸੀ; ਉਸ ਨੂੰ ਇੰਨਾ ਪਿਆਰ ਹੋ ਗਿਆ ਸੀ ਕੈਦ ਦੀ ਕਾਲ-ਕੋਠੜੀ ਨਾਲ।

ਇੰਨੇ ਨੂੰ ਨੌਕਰ ਨੇ ਆਣ ਕੇ ਕਿਹਾ, “ਸੇਠ ਜੀ ਨੂੰ ਕੋਈ ਮਿਲਣਾ ਚਾਹੁੰਦਾ ਹੈ।”

ਮੈਂ ਕਿਹਾ “ਉਪਰ ਲੈ ਆ, ਉਸ ਨੂੰ।”

ਇਸ ਤੋਂ ਪਹਿਲੋਂ ਕਿ ਕ੍ਰਿਸ਼ਨਾ ਬਾਹਰ ਜਾਏ, ਉਹ ਆਦਮੀ ਉਪਰ ਹੀ ਆ ਗਿਆ ਸੀ। ਸੁਹਣਾ ਭਾਰਾ, ਗੋਰਾ ਜਵਾਨ। ਕੁਝ ਫ਼ਿਕਰ ਦੇ ਚਿੰਨ੍ਹ ਉਸ ਦੀਆਂ ਅੱਖਾਂ ਦੇ ਆਲੇ ਦੁਆਲੇ ਨਾ ਹੁੰਦੇ ਤਾਂ ਉਸਨੂੰ ਪੰਝੀਆਂ ਤੋਂ ਉਪਰ ਨਹੀਂ ਸੀ ਕਿਹਾ ਜਾ ਸਕਦਾ। ਮੈਂ ਕਿਹਾ, "ਆਓ ਦਰਸ਼ਨ ਦਿਓ, ਬਾਊ ਜੀ ਕੁਰਸੀ ਲਓ।"

ਕ੍ਰਿਸ਼ਨਾ ਬਾਹਰ ਜਾਣਾ ਚਾਹੁੰਦੀ ਸੀ। ਉਹ ਘਬਰਾਈ ਹੋਈ ਸੀ, ਪਰ ਉਹ ਆਦਮੀ ਕੁਰਸੀ ਖਿੱਚ ਕੇ ਬੂਹੇ ਵਿਚ ਬੈਠ ਗਿਆ। ਮੇਰੀ ਵੱਲ ਦੇਖ ਕੇ ਉਸ ਕਿਹਾ, "ਸਰਦਾਰ ਜੀ, ਬਰਖ਼ੁਰਦਾਰ ਕਿਸ਼ਨ ਦੀ ਸ਼ਾਦੀ ਕਦੋਂ ?"

"ਕਲ੍ਹ ਹੀ, ਬਾਬੂ ਜੀ।"

"ਮੈਨੂੰ ਕੰਮ ਹੈ। ਕਿੱਥੇ ਹਨ ਉਹ ?" ਤੇ ਉਸ ਵੇਲੇ ਉਸ ਕ੍ਰਿਸ਼ਨਾ ਦੇ ਝੁਕੇ ਹੋਏ ਚਿਹਰੇ ਵੱਲ ਦੇਖਿਆ। ਉਹ ਸ਼ੁਦਾਈਆਂ ਵਾਂਗ ਉਠ ਖੜੋਤਾ। "ਬੁਝਾ ਦੇ ਉਹ ਬਿੰਦੀ, ਕ੍ਰਿਸ਼ਨਾ ! ਬੁਝਾ ਦੇ, ਨਹੀਂ ਤੇ ਮੈਂ ਆਪ ਬੁਝਾ ਦੇਵਾਂਗਾ। ਵਿਧਵਾ ਦਾ ਕੋਈ ਹੱਕ ਨਹੀਂ ਕਿ ਉਹ ਬਿੰਦੀਆਂ ਲਾਵੇ।"

ਉਹ ਅਗਾਂਹ ਵਧਿਆ। ਕ੍ਰਿਸ਼ਨਾ ਚੀਕ ਮਾਰ ਕੇ ਗਈ। "ਇਹ ਕਦੀ ਨਹੀਂ ਹੋ ਸਕਦਾ ! ਕਦੀ ਨਹੀਂ ?" ਜੀਉਂਦੇ ਹਨ, ਜੁਗ ਜੁਗ ਜੀਉਣ ਉਹ !" ਚਿਹਰੇ ਨੂੰ ਗੋਡਿਆਂ ਵਿਚ ਲੈ ਕੇ ਬੈਠ ਉਹ ਰੋ ਰਹੀ ਸੀ, "ਮੇਰੇ ਪਤੀ ਹਨ।

ਆਦਮੀ ਬਾਹਰ ਨਿਕਲ ਰਿਹਾ ਸੀ। ਜਦ ਕਿਸ਼ਨ ਅੰਦਰ ਦਾਖ਼ਲ ਹੋਇਆ। ਮੈਂ ਨੱਸ ਕੇ ਉਸ ਨੂੰ ਜੱਫੀ ਪਾ ਲਈ, "ਜੀਜਾ ਜੀ", ਮੈਂ ਕਿਹਾ, "ਤੁਹਾਡੀ ਸਾਨੂੰ ਬੜੀ ਲੋੜ ਹੈ।" ਜੀਜਾ ਜੀ ਜ਼ੋਰ ਲਾ ਰਹੇ ਸਨ। ਮੈਂ ਕ੍ਰਿਸ਼ਨਾ ਭੈਣ ਵੱਲ ਤੱਕਿਆ, ਉਹ ਪੱਥਰ ਦੀ ਮੂਰਤ ਵਾਂਗ ਖੜੀ ਸੀ, ਮੈਂ ਪੁਕਾਰ ਉਠਿਆ, "ਕ੍ਰਿਸ਼ਨਾ ਭੈਣ !" ਮੈਂ ਵਿਜੈ ਪ੍ਰਾਪਤ ਕਰ ਰਿਹਾ ਸਾਂ। ਉਹ ਹਿੱਲੀ, ਵਧੀ, ਜੀਜਾ ਜੀ ਦੇ ਸਾਹਮਣੇ ਝੁਕੀ। ਉਨ੍ਹਾਂ ਦੇ ਪੰਪ-ਸ਼ੂ ਨੂੰ ਹੱਥ ਲਾਇਆ। ਜੀਜਾ ਜੀ ਦੀ ਸਾਰੀ ਤਾਕਤ ਖ਼ਤਮ ਹੋ ਗਈ।

ਥੋੜ੍ਹੇ ਚਿਰ ਮਗਰੋਂ ਕ੍ਰਿਸ਼ਨਾ ਉਨ੍ਹਾਂ ਲਈ ਖਾਣ-ਪੀਣ ਦਾ ਪ੍ਰਬੰਧ ਕਰ ਰਹੀ ਸੀ। ਕਮਲਾ ਜੀਜਾ ਜੀ ਦੀ ਗੋਦ ਵਿਚ ਸੀ ਤੇ ਜੀਜਾਂ ਜੀ ਮੇਰੇ ਨਾਲ ਸ਼ਾਨਦਾਰ ਜੰਵ ਬਣਾਉਣ ਦੀ ਸਲਾਹ ਕਰ ਰਹੇ ਸਨ।

# ਰੱਬ ਦੀ ਮੌਤ

ਕਾਲੀ ਬੋਲੀ ਰਾਤ ਵਿਚ ਗੋਪਾਲ ਕ੍ਰਿਸ਼ਨ ਜਿਨਿੰਗ ਫ਼ੈਕਟਰੀ ਚਲ ਰਹੀ ਸੀ। ਇਹੋ ਜਿਹੀ ਰਾਤ ਵਿਚ ਚਿਮਨੀ ਵਿਚੋਂ ਨਿਕਲਦਾ ਧੂੰਆਂ ਦੂਰੋਂ ਤਾਂ ਕਿਤੇ ਰਿਹਾ, ਲਾਗਿਓਂ ਦਿਸਣਾ ਵੀ ਅਸੰਭਵ ਹੁੰਦਾ ਹੈ। ਯਾਰ੍ਹਾਂ ਕੁ ਵਜੇ ਦਾ ਸਮਾਂ ਹੋਵੇਗਾ, ਬਾਹਰਵਾਰ ਸਭ ਬਿਜਲੀਆਂ ਬੁੱਝੀਆਂ ਹੋਈਆਂ ਸਨ : ਦਫ਼ਤਰ ਦੀ, ਡਿਉਢੀ ਵਿਚੋਂ, ਖ਼ਜ਼ਾਨੇ ਦੇ ਬੂਹੇ ਅੱਗੋਂ ਤੇ ਵੱਡੇ ਬੂਹੇ ਤੇ ਖੜੀ ਗਊ-ਗ਼ਰੀਬ ਦੇ ਰਖਿਅਕ ਕ੍ਰਿਸ਼ਨ ਭਗਵਾਨ ਦੀ ਮੂਰਤੀ ਦੇ ਮੋਰ-ਮੁਕਟ ਉਤੋਂ ਵੀ।

ਜਿੰਨਿੰਗ-ਪਲੇਟ ਫਾਰਮ ਤੇ ਗਹਿਮਾ-ਗਹਿਮ ਸੀ ਅਤੇ ਸਾਰਾ ਹਾਲ ਜਗਮਗ ਜਗਮਗ ਕਰ ਰਿਹਾ ਸੀ। ਜਤਨ ਕੀਤਾ ਗਿਆ ਸੀ ਕਿ ਚਾਨਣ ਦੀ ਇਕ ਰਿਸ਼ਮ ਵੀ ਬਾਹਰ ਨਾ ਜਾ ਸਕੇ। ਕੇਵਲ ਜੇ ਪਰਦਾ ਨਹੀਂ ਸੀ ਕੀਤਾ ਜਾ ਸਕਦਾ ਤਾਂ ਉਹ ਇੰਜਣ, ਝਾਂਬਾ-ਮਸ਼ੀਨ ਤੇ ਵੇਲਣਾ- ਮਸ਼ੀਨਾਂ ਦੀ ਫਕ ਫਕ, ਫਟ ਫਟ ਤੇ ਛਕ ਛਕ ਦੀ ਅਵਾਜ਼ ਤੇ। ਫ਼ੈਕਟਰੀਆਂ ਦੇ ਰੱਬ ਜਾਣਦੇ ਸਨ ਕਿ ਇਨ੍ਹਾਂ ਦੀ ਚੋਰੀ ਫੜਨ ਵਾਲੇ ਫ਼ੈਕਟਰੀ-ਇਨਸਪੈਕਟਰਾਂ, ਆਦਿ ਦੀ ਅਵਾਜ਼ ਇਕ ਜਾਂ ਦੋ ਹਰਿਆਂ ਨੋਟਾਂ ਨਾਲ ਬੰਦ ਕੀਤੀ ਜਾ ਸਕਦੀ ਹੈ ਤੇ ਉਹ ਰਕਮ ਗ਼ਰੀਬ ਮਜ਼ਦੂਰਾਂ ਤੇ ਜੁਰਮਾਨੇ ਕਰ ਕੇ ਕੱਢੀ ਜਾ ਸਕਦੀ ਹੈ।

ਤੇਰ੍ਹਾਂ ਨੰਬਰ ਵੇਲਣਾ-ਮਸ਼ੀਨ ਉਤੇ ਜਿਹੜੀ ਕੁੜੀ ਬੈਠੀ ਹੈ, ਉਸ ਨੂੰ ਰੇਸ਼ਮੋ ਰੇਸ਼ਮੋ ਸੱਦਦੇ ਹਨ। ਕੁੜੀ ਮਸ਼ੀਨ ਵਿਚ ਫੁਟੀਆਂ ਨਹੀਂ ਸੁੱਟ ਰਹੀ, ਅੱਖਾਂ ਵੀ ਖੁਲ੍ਹੀਆਂ ਹਨ। ਪਰ ਸਤਾਰ੍ਹਾਂ ਨੰਬਰ ਮਸ਼ੀਨ ਉਤੇ ਇਕ ਬੁੱਢੀ ਮਾਈ ਨੂੰ ਰੂੰ-ਤੋਲਾ ਬਾਬੂ ਗੁੱਸੇ ਹੋ ਰਿਹਾ ਹੈ, “ਮਾਈ! ਸੌਣ ਆਈ ਹੈ? ਕੰਮ ਕਰਨਾ ਹੁੰਦਾ ਤੇ ਆਇਆ ਕਰ, ਨਹੀਂ ਤੇ ਨਾ ਆਇਆ ਕਰ। ਹੁਣੇ ਜੇ ਛੋਟਾ ਮਾਲਕ ਆ ਜਾਵੇ ਤਾਂ ਤੈਨੂੰ ਪਤਾ ਲਗ ਜਾਵੇ, ਕਿਹੜੇ ਭਾ ਵਿਕਦੀ ਹੈ।”

ਬਾਬੂ ਦੀ ਕੋਈ ਜੁਰਅਤ ਨਹੀਂ ਕਿ ਰੇਸ਼ਮੋ ਨੂੰ ਕੁਝ ਕਹਿ ਸਕੇ। ਮਿਸਤਰੀ, ਤੇਲ ਵਾਲੇ ਬਾਬੂ ਤੇ ਪਲੇਦਾਰਾਂ ਦੀਆਂ ਨਜ਼ਰਾਂ ਦਾ ਇਹ ਕੁੜੀ ਕੇਂਦਰ ਹੈ। ਕੱਦ-ਬੁੱਤ, ਨਕਸ਼ਾਂ ਤੇ ਰੰਗ ਦੇ ਖ਼ਿਆਲ ਨਾਲ ਇਹ ਕੁੜੀ ਕੋਈ ਸ਼ਾਹਜ਼ਾਦੀ ਹੋਣੀ ਚਾਹੀਦੀ ਸੀ। ਇਸ ਦੇ ਕਪੜੇ

ਆਮ ਮਜ਼ਦੂਰਨੀਆਂ ਤੋਂ ਸਾਫ਼ ਸਨ, ਪਰ ਜਿਨ੍ਹਾਂ ਨੇ ਉਸ ਨੂੰ ਦਿਨੇ ਦੇਖਿਆ ਹੈ, ਉਹ ਜਾਣਦੇ ਹਨ ਕਿ ਉਸ ਦੇ ਕਪੜੇ ਕਈ ਥਾਵਾਂ ਤੋਂ ਪਾਟੇ ਤੇ ਸੀਤੇ ਹੋਏ ਹੁੰਦੇ ਹਨ।

ਉਸ ਦੀ ਮਾਤਾ ਨੇ ਉਸ ਦਾ ਨਾਂ ਹੁਸੈਨੋ ਰਖਿਆ ਸੀ, ਪਰ ਜਦ ਉਹ ਤਿੰਨਾਂ ਵਰ੍ਹਿਆਂ ਦੀ ਹੋਈ ਸੀ ਤਾਂ ਉਸ ਦੇ ਪਿਤਾ ਨੇ ਉਸ ਦਾ ਨਾਂ ਰੇਸ਼ਮੋ ਵਿਚ ਬਦਲ ਦਿੱਤਾ ਸੀ। ਮਲੂਮ ਹੁੰਦਾ ਹੈ ਕਿ ਉਹ ਕੋਈ ਸੁਹਜ-ਸੁਆਦ ਵਾਲਾ ਬੰਦਾ ਸੀ, ਨਹੀਂ ਤਾਂ ਇੱਡਾ ਢੁਕਵਾਂ ਨਾਂ ਉਹ ਕਦੇ ਨਾ ਰਖ ਸਕਦਾ। ਉਸ ਦਾ ਪਿਤਾ ਉਨ੍ਹਾਂ ਮੁਗਲਾਂ ਦੀ ਔਲਾਦ ਵਿਚੋਂ ਸੀ ਜਿਨ੍ਹਾਂ ਹਿੰਦੁਸਤਾਨ ਵਿਚ ਆ ਕੇ ਆਪਣਾ ਰਾਜ ਕਾਇਮ ਕੀਤਾ ਸੀ। ਹਿੱਸੇ ਵੰਡੀਦਿਆਂ ਵੰਡੀਦਿਆਂ ਉਸ ਦੀ ਜ਼ਮੀਨ ਕੁਲ ਤੇਰ੍ਹਾਂ ਵਿਘੇ ਰਹਿ ਗਈ ਸੀ। ਉਸ ਵਿਚੋਂ ਛੇ ਵਿਘੇ ਇਕ ਵਾਰੀ ਸ਼ਾਹਾਂ ਦੇ ਟੇਟੇ ਚੜ੍ਹ ਗਈ ਸੀ। ਜੇ ਉਸ ਨੂੰ ਰੇਲਵੇ ਲਾਈਨ ਦੇ ਮਜ਼ਦੂਰਾਂ ਦੀ ਜਮਾਦਾਰੀ ਨਾ ਮਿਲ ਗਈ ਤਾਂ ਉਹ ਖ਼ਬਰੇ ਜ਼ਮੀਨ ਛੁਡਾਉਣ ਦੀ ਥਾਂ ਸਾਰੀ ਕਰਜ਼ੇ ਵਿਚ ਵੇਚ ਕੇ ਮਰਦਾ। ਉਸ ਨੇ ਰੇਸ਼ਮਾਂ ਨੂੰ ਚਾਰ ਜਮਾਤਾਂ ਪੜ੍ਹਾਇਆ ਸੀ ਤੇ ਫੇਰ ਮੌਲਵੀ ਕੋਲੋਂ ਵੀ ਉਹ ਮਸੀਤੇ ਜਾ ਕੇ ਪੜ੍ਹਦੀ ਰਹੀ ਸੀ। ਰੇਸ਼ਮਾਂ ਨਾਲ ਪਿਤਾ ਦਾ ਬੜਾ ਪ੍ਰੇਮ ਸੀ ਤੇ ਉਸ ਨੇ ਆਪਣੇ ਸਬੰਧੀ ਛੱਡ ਕੇ ਉਸ ਨੂੰ ਇਕ ਹੋਰ ਪਿੰਡ ਦੇ ਆਪਣੇ ਵਰਗੇ ਖ਼ਾਨਦਾਨ ਵਿਚੋਂ ਇਕ ਦੇਖਣੇ-ਚਾਖਣੇ ਮੁੰਡੇ ਨਾਲ ਮੰਗ ਦਿੱਤਾ ਸੀ। ਮੁੰਡਾ ਲਾਹੌਰ ਕਿਸੇ ਕਾਲਜ ਵਿਚ ਪੜ੍ਹਦਾ ਸੀ। ਅਜ ਤੋਂ ਛੇ ਮਹੀਨੇ ਪਹਿਲੋਂ ਜਦ ਉਹ ਇਕ ਪੁਲ ਬਣਵਾ ਰਿਹਾ ਸੀ, ਰੇਸ਼ਮੋ ਦੇ ਪਿਤਾ ਦਾ ਪੈਰ ਤਿਲ੍ਹਕਿਆ ਸੀ ਤੇ ਉਹ ਥੱਲੇ ਫ਼ਰਸ਼ ਉੱਤੇ ਸਿਰ- ਪਰਨੇ ਪੈਂਦਾ ਹੀ ਚਲ ਵਸਿਆ ਸੀ। ਸ਼ਰੀਕ ਇਸ ਮੌਤ ਉੱਤੇ ਖ਼ੁਸ਼ ਹੋਏ ਸਨ। ਤੇਰ੍ਹਾਂ ਘਰਾਂ ਵਿਚ ਤੇਰ੍ਹਾਂ ਵਿਘੇ ਜ਼ਮੀਨ ਵੰਡੀ ਜਾਵੇਗੀ। ਉਨ੍ਹਾਂ ਦੀ ਖੁਸ਼ੀ ਵਿਚੇ ਰਹਿ ਗਈ ਜਦ ਮੌਤ ਤੋਂ ਮਹੀਨਾ ਮਗਰੋਂ ਰੇਸ਼ਮੋ ਦੇ ਭਰਾ ਜੰਮਿਆ। ਰੇਸ਼ਮੋ ਦੀ ਮਾਂ ਨੂੰ ਸ਼ਾਇਦ ਇਸ ਅਮੋਲਕ ਵਾਧੇ ਦੀ ਕੋਈ ਖ਼ੁਸ਼ੀ ਨਹੀਂ ਸੀ ਜਾਪਦੀ, ਪਰ ਰੇਸ਼ਮੋ ਨੂੰ ਬੜੀ ਖ਼ੁਸ਼ੀ ਸੀ, ਭਾਵੇਂ ਉਹ ਉਸ ਨੂੰ ਘਟ ਹੀ ਜ਼ਾਹਰ ਕਰਦੀ ਸੀ।

ਲੜਕੇ ਦੇ ਜਨਮ ਤੋਂ ਮਗਰੋਂ ਛੇਤੀ ਹੀ ਇਸ ਤਿੰਨਾਂ ਜੀਆਂ ਦੇ ਟੱਬਰ ਨੂੰ ਮਾਇਕ ਔਕੜਾਂ ਨੇ ਤੰਗ ਕਰਨਾ ਸ਼ੁਰੂ ਕੀਤਾ। ਰੇਸ਼ਮੋ ਦਾ ਪਿਤਾ ਜੋ ਕੁਝ ਆਸਾਂ ਉਸ ਦੇ ਵਿਆਹ ਲਈ ਜੋੜ ਗਿਆ, ਉਸ ਨੂੰ ਜ਼ੀਨਤ ਛੇੜਨਾ ਨਹੀਂ ਸੀ ਚਾਹੁੰਦੀ। ਸ਼ਰੀਕ ਦੁਸ਼ਮਣੀ ਕਰਨ ਤੇ ਤੁਲੇ ਹੋਏ ਸਨ। ਉਹਨਾਂ ਦੀ ਫ਼ਸਲ ਖ਼ਰਾਬ ਕਰਦੇ ਸਨ ਤੇ ਉਨ੍ਹਾਂ ਦੇ ਮੁਜ਼ਾਰੇ ਨੂੰ ਡਰਾ ਧਮਕਾ ਕੇ ਕੱਢ ਛੱਡਿਆ ਸੀ ਤੇ ਕਿਸੇ ਨਵੇਂ ਨੂੰ ਆਉਣ ਨਹੀਂ ਸਨ ਦਿੰਦੇ।

ਇਕ ਦਿਨ ਰੇਸ਼ਮੋ ਦੀ ਮਾਂ ਪਿੰਡ ਦੀ ਵਿਧਵਾ ਪੰਡਿਤਾਣੀ ਸੋਭਾਂ ਨਾਲ ਬੈਠੀ ਆਪਣੇ ਦੁਖ ਸੁਖ ਫੋਲ ਰਹੀ ਸੀ ਕਿ ਰਹਿਮਤੇ ਉਥੇ ਆ ਗਈ ਤੇ ਜ਼ੀਨਤ ਨੂੰ ਦਿਲਾਸਾ ਦੇਣ

ਲੱਗ ਪਈ। ਇਹ ਗੋਪਾਲ ਕ੍ਰਿਸ਼ਨ ਫ਼ੈਕਟਰੀ ਦੀਆਂ ਮਜ਼ਦੂਰਨੀਆਂ ਦੀ ਜਮਾਦਾਰਨੀ ਸੀ। ਆਖਣ ਲੱਗੀ, "ਰੰਨੇ ਮੇਰੇ ਵੱਲ ਵੇਖ ਖਾਂ। ਕਦੋਂ ਦੀ ਸਿਰੋਂ ਨੰਗੀ ਹੋਈ ਹੋਈ ਹਾਂ। ਬੱਚਾ ਜੀਵੇ ਮਸ਼ੀਨ ਵਾਲਿਆਂ ਦਾ। ਉਨ੍ਹਾਂ ਦੇ ਆਸਰੇ ਆਹ ਦਿਨ ਕਟ ਲਏ ਹਨ। ਨਹੀਂ ਤੇ ਮੇਰਾ ਕੌਣ ਸੀ ? ਕੁਝ ਲੰਘ ਗਈ ਹੈ, ਬਾਕੀ ਵੀ ਇਦਾਂ ਹੀ ਲੰਘ ਜਾਏਗੀ। ਸੱਤ ਆਨੇ ਦਿਹਾੜੀ ਦਿੰਦੇ ਨੇ ਤੇ ਝੁੰਗੇ ਵਿਚੋਂ ਕੰਮ ਕੀ ਹੈ, ਮਸ਼ੀਨ ਵਿਚ ਫੁੱਟੀ ਫੁੱਟੀ ਕਪਾਹ ਸੁੱਟਣੀ।"

ਰੇਸ਼ਮੋ ਦੀ ਮਾਂ ਨੇ ਉਸ ਨੂੰ ਅਸਮਾਨੋਂ ਉਤਰਿਆ ਇਮਦਾਦੀ ਫ਼ਰਿਸਤਾ ਸਮਝਿਆ ਤੇ ਆਖਣ ਲੱਗੀ, "ਭੈਣ ਮੈਂ ਕਲ ਤੋਂ ਹੀ ਤੇਰੇ ਨਾਲ ਚੱਲਿਆ ਕਰਾਂਗੀ।"

ਰਹਿਮਤੇ ਹਮਦਰਦੀ ਨਾਲ ਉਬਲਦੀ ਉਬਲਦੀ ਬੋਲੀ, "ਭੈਣ ! ਬਲੂਰ ਜਿੰਨਾ ਤੇਰਾ ਮੁੰਡਾ ਹੈ। ਇਸ ਜਾਤਕ ਨੂੰ ਤੂੰ ਪਾਲਣਾ ਹੈ। ਏਦਾਂ ਨਾ ਕਰ।"

ਜ਼ੀਨਤ ਬੇਗਮ ਦਾ ਹੌਂਸਲਾ ਢਹਿ-ਢੇਰੀ ਹੋ ਗਿਆ ਤੇ ਦੁਖ ਭਰੇ ਲਹਿਜੇ ਵਿਚ ਬੋਲੀ, "ਤਾਂ ਫਿਰ ਅਸੀਂ ਤਾਂ ਭੁੱਖੇ ਮਰ ਜਾਵਾਂਗੇ। ਮੰਡੇ ਨੇ ਸੁੱਖੀ-ਸਾਂਦੀ ਕੀ ਪਲਣਾ ਏਂ।"

"ਨਾ ਨੀ! ਮੁੰਡੇ ਵਲ ਵੇਖ ਤੇ ਸਾਡੇ ਸਾਹਮਣੇ ਨ ਸੁਖੀ ਸਾਂਦੀ ਇਹੋ ਜਹੀਆਂ ਗੱਲਾਂ ਮੂੰਹੋ ਕੱਢ!" ਰਹਿਮਤੇ ਨੇ ਬੱਚਾ ਜ਼ੀਨਤ ਤੋਂ ਲੈਂਦਿਆ ਕਿਹਾ, "ਜੀਊਂਦਾ ਰਹੇ ਮੇਰਾ ਬਲੂੰਗੜਾ! ਮੈਂ ਆਪਣੀ ਧੀ ਨੂੰ ਨਾਲ ਲੈ ਜਾਵਾਂਗੀ।"

"ਨਾ ਭੈਣੇ!" ਰੇਸ਼ਮੋ ਦੀ ਮਾਂ ਨੇ ਮੁੜ ਕੇ ਆਪਣੀ ਸੁਹਲ ਧੀ ਵਲ ਪਰਤ ਕੇ ਕਿਹਾ, ਜੋ ਦਲੀਜਾਂ ਵਿਚ ਖੜੀ ਹੰਝੂ ਕੇਰ ਰਹੀ ਸੀ, "ਮੈਂ ਤੇ ਆਪਣੀ ਸੁਖੀਂ ਲਧੀ ਧੀ ਨੂੰ ਕਦੇ ਨਾ ਭੇਜਾਂ! ਮੈਂ ਥੋੜ੍ਹੀ ਆਂ ਕੰਮ ਕਰਨ ਨੂੰ।"

"ਤੇ ਮੈਨੂੰ ਕੋਈ ਦੁਪਰਿਆਰੀ ਹੋਣੀ ਐ ਨਾ ?" ਰਹਿਮਤੇ ਨੇ ਹੇਜ ਵੰਡਾਉਂਦਿਆਂ ਕਿਹਾ, "ਜਹੀ ਤੇਰੀ ਧੀ ਤਹੀ ਮੇਰੀ ਧੀ! ਜੈਨਾਂ ਵਿਚ ਤੇ ਇਹਦੇ ਵਿਚ ਕੀ ਫ਼ਰਕ ਹੈ?"

ਰੇਸ਼ਮੋ ਨੇ ਵੀ ਭਰੇ ਗੱਲ ਨਾਲ ਕਿਹਾ ਸੀ, "ਅੰਮਾ! ਜੇ ਮੈਂ ਉੱਨਾ ਚਿਰ ਜਾਇਆ ਕਰਾਂ ਜਿੰਨਾ ਚਿਰ ਮੇਰਾ ਵੀਰ ਤੁਰਨ ਫਿਰਨ ਨਹੀਂ ਲੱਗ ਜਾਂਦਾ ਤੇ ਹਰਜ ਵੀ ਕੀ ਹੈ? ਤਾਈ ਮੇਰੇ ਨਾਲ ਹੋਵੇਗੀ।"

ਅਸਲ ਵਿਚ ਰੇਸਮੋ ਕਾਕੇ ਪਿੱਛੇ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਲਈ ਤਿਆਰ ਸੀ। ਉਹ ਉਸ ਨੂੰ ਬੜਾ ਸੁਹਣਾ ਤੇ ਪਿਆਰਾ ਲੱਗਦਾ ਸੀ। ਉਹ ਨਹੀਂ ਚਾਹੁੰਦੀ ਸੀ ਕਿ ਔੜ ਨਾਲ ਫੁੱਲ ਸਮੇਤ ਵੇਲ ਕੁਮਲਾ ਜਾਏ। ਸ਼ਾਇਦ ਕਈ ਲੋਕ ਇਹ ਕਹਿਣ ਕਿ ਤਰਸੇਵੇਂ ਦੇ

ਭਰਾ ਨਾਲ ਭੈਣਾਂ ਦਾ ਪਿਆਰ ਬਹੁਤਾ ਹੀ ਹੁੰਦਾ ਹੈ, ਕਈ ਦੂਜੇ ਕਹਿਣ ਕਿ ਇਹ ਲਹੂ ਦੀ ਖਿੱਚ ਹੁੰਦੀ ਹੈ ਤੇ ਕਈ ਹੋਰ ਆਖਣ ਕਿ ਇਹ ਰੇਸ਼ਮੋ ਦੇ ਅੱਬਾ ਜਾਨ ਦੀ ਇਕੋ-ਇਕ ਮਰਦ-ਕਿਸ਼ਾਨੀ ਹੋਣ ਕਾਰਨ ਸੀ। ਪਰ ਅਸਲ ਗੱਲ ਤਾਂ ਇਹ ਹੈ ਕਿ ਇਸ ਨੰਨ੍ਹੀ ਕੋਮਲਤਾ ਨਾਲ ਰੇਸ਼ਮੋ ਨੂੰ ਦਿਲੀ ਇਸ਼ਕ ਸੀ, ਜੋ ਕਿਸੇ ਕੁੜੀ ਜਾਂ ਮੁੰਡੇ ਦਾ ਕਿਸੇ ਹੋਰ ਲਹੂ, ਕਿਸੇ ਹੋਰ ਮਾਤਾ-ਪਿਤਾ ਦੀ ਨਿਸ਼ਾਨੀ ਨਾਲ ਵੀ ਹੋ ਸਕਦਾ ਹੈ।

ਰੇਸ਼ਮੋ ਦੇ ਚਿਹਰੇ ਤੇ ਉਸ ਦੇ ਪਿਛਲੇ ਜੀਵਨ ਦਾ ਸਾਇਆ ਸਿਆਣੀਆਂ ਅੱਖਾਂ ਨੂੰ ਹਰ ਵੇਲੇ ਦਿਸ ਸਕਦਾ ਸੀ। ਹੁਣ ਉਹ ਥੋੜ੍ਹਾ ਜਿਹਾ ਖੰਘੀ ਤੇ ਉਸ ਦੀਆਂ ਲੰਮੀਆਂ ਉਂਗਲਾਂ ਦੇ ਨਾਜ਼ਕ ਪਰ ਬਲਵਾਨ ਪੋਟੇ ਉਸ ਦੀਆਂ ਗੁਲਾਬੀ ਸਿਕਰਾਈਆਂ ਬੁਲ੍ਹੀਆਂ ਤੇ ਚਲੇ ਗਏ। ਇਸ ਖੰਘ ਨੇ ਉਸ ਦਾ ਚੁਸਤ ਪਰ ਬਹੁਤੇ ਕੰਮ ਕਰਨ ਨਾਲ ਢਿੱਲਾ ਪਿਆ ਸਰੀਰ ਕੰਬਾ ਦਿੱਤਾ, ਪਰ ਰੇਸ਼ਮੋ ਦੀ ਨੈਣ-ਸਮਾਧੀ ਨਾ ਟੁੱਟੀ। ਮਸ਼ੀਨ ਛਕਾ-ਛਕ ਛਕਾ-ਛਕ ਚਲੀ ਜਾ ਰਹੀ ਸੀ। ਉਸ ਨੂੰ ਮਸ਼ੀਨ ਦੇ ਚਲਣ ਦੀ ਅਵਾਜ਼ ਆ ਹੀ ਨਹੀਂ ਰਹੀ ਸੀ। ਉਸ ਦੀ ਮਸ਼ੀਨ ਦਾ ਪਟਾਹਰ ਸਕਿੰਟ ਵਿਚ ਇਕ ਪਟਾਕਾ ਚਲਾ ਜਾਂਦਾ ਸੀ। ਲਕੜ ਦੇ ਪਲੇਟ-ਫਾਰਮ ਹੇਠਾਂ ਮੇਨ-ਸ਼ਾਫ਼ਟ ਨਾਲ ਚਲ ਰਹੀਆਂ ਸੈਂਕੜੇ ਪੁਲੀਆਂ ਨੇ ਭੁਚਾਲ ਆਂਦਾ ਹੋਇਆ ਸੀ। ਲਾਗੇ, ਪਰ੍ਹੇ ਇੰਜਣ-ਕਮਰੇ ਵਿਚੋਂ ਵੱਡਾ ਕਾਰਲਸਵਾਲ ਇੰਜਣ ਚਿਮਟੇ ਤੇ ਢੋਲ ਖੜਕਾ ਰਿਹਾ ਸੀ। ਪਰ ਸੁੱਤਿਆਂ ਨੂੰ ਕੋਈ ਜਗਾਏ, ਜਾਂਗਦਿਆਂ ਨੂੰ ਕੌਣ ਜਗਾਏ ?

ਉਂਜ ਤਾਂ ਇਥੋਂ ਦੇ ਕਈ ਮਜ਼ਦੂਰ-ਮਜ਼ਦੂਰਨੀਆਂ ਖੁਲ੍ਹੀਆਂ ਅੱਖੀਂ ਸੌਂ ਲੈਂਦੇ ਹਨ। ਇਸ ਨਵੀਂ ਤਰ੍ਹਾਂ ਦੀ ਨੀਂਦ ਦੀ ਈਜਾਦ ਤਾਂ ਇਨ੍ਹਾਂ ਆਪ ਹੀ ਕੀਤੀ ਹੈ, ਪਰ ਸਿਰ ਸਿਹਰਾ ਅਮੀਰਾਂ ਦੇ ਹੀ ਹੈ। ਤੁਰੀ ਜਾ ਰਿਹਾ ਹੈ ਪੱਲੇਦਾਰ, ਪਰ ਸੁੱਤਾ ਹੋਇਆ ਹੈ। ਰੇਸ਼ਮੋ ਇਨ੍ਹਾਂ ਵਾਂਗ ਸੌਂ ਨਹੀਂ ਰਹੀ, ਜਾਗਦੀ ਹੈ, ਜਾਗਦੀ। ਹੁਣੇ ਹੀ ਉਸ ਦੀ ਤੇਜ਼ ਨਜ਼ਰ ਨੇ ਦੇਖਿਆ ਸੀ ਕਿ ਵੇਲਣਾ-ਮਸ਼ੀਨ ਵਿਚ ਵੀ ਛੁਰੀਆਂ ਚਲਦੀਆਂ ਹਨ। ਕਪਾਹ ਦੀ ਫੁੱਟੀ ਪੈਂਦਿਆਂ ਹੀ ਉਸ ਤੇ ਛੁਰੀਆਂ ਵਰ੍ਹਨੀਆਂ ਸ਼ੁਰੂ ਹੋ ਜਾਂਦੀਆਂ ਹਨ। ਵੜੇਵਿਆਂ ਨਾਲੋਂ ਰੂੰ ਕਟਿਆ ਜਾਂਦਾ ਹੈ ਜਿਵੇਂ ਭੇਡਾਂ ਤੋਂ ਉੱਨ ਅਤੇ ਉਸ ਨੂੰ ਚਮੜੇ ਦੇ ਵੇਲਨੇ ਖੁਹ ਕੇ ਤੇ ਵਿਚੋਂ ਦੀ ਨਪਿੱਤ ਕੇ ਬਾਹਰ ਸੁਟ ਦਿੰਦੇ ਹਨ। ਵਿਚਾਰੇ ਵੜੇਵਿਆਂ ਦੀ ਕੁਝ ਨਾ ਪੁੱਛੋ ! ਤੜਫਦੇ ਤੜਫਦੇ ਮਸ਼ੀਨ ਦੇ ਜਾਲੀਦਾਰ ਛੇਕਾਂ ਵਿਚੋਂ ਜਹੰਨਮ ਦੇ ਉਨ੍ਹਾਂ ਟੋਇਆਂ ਵਿਚ ਜਾ ਪੈਂਦੇ ਹਨ ਜਿਨ੍ਹਾਂ ਨੂੰ ਰੇਸ਼ਮੋ ਨੇ ਕਦੇ ਨਹੀਂ ਦੇਖਿਆ ਸੀ।

ਸੰਤਾ ਸਿੰਘ ਜੱਟ ਇਕ ਵਾਰੀ ਉਸ ਦੇ ਅੱਬਾ ਦੇ ਜੀਉਂਦਿਆਂ ਉਨ੍ਹਾਂ ਦੇ ਬੂਹੇ ਅੱਗੋਂ ਗਾਉਂਦਾ ਲੰਘਿਆ ਸੀ :-

ਮਥੈ ਟਿਕਾ ਤੇੜਿ ਧੋਤੀ ਕਖਾਈ ॥
ਹਥਿ ਛੁਰੀ ਜਗਤ ਕਾਸਾਈ ॥

ਉਸ ਨੇ ਅੱਬਾ ਤੋਂ ਇਨ੍ਹਾਂ ਸਤਰਾਂ ਦਾ ਭਾਵ ਪੁੱਛਿਆ ਸੀ ਤਾਂ ਉਸ ਨੇ ਸੰਤਾ ਸਿੰਘ ਨੂੰ ਸੱਦ ਆਂਦਾ ਸੀ ਤੇ ਕਿਹਾ ਸੀ, "ਆਪਣੇ ਚਾਚੇ ਕੋਲੋਂ ਹੀ ਪੁਛ ਲੈ, ਮੁੰਨੋ!" ਸੰਤਾ ਸਿੰਘ ਦਾ ਅਰਥ ਮਸ਼ੀਨਾਂ ਉੱਤੇ ਪੂਰਾ ਢੁਕਦਾ ਸੀ। ਮਸ਼ੀਨ ਵੀ ਮੱਥੇ ਟਿੱਕੇ ਵਾਲੇ ਬਾਹਮਣਾਂ ਵਾਂਗ ਸੁਹਣੀ ਲਗਦੀ ਹੈ ਪਰ ਇਹਦੇ ਕੰਮ ਦੇਖੋ। ਉਹ ! ਉਸ ਸੋਚਿਆ ਇਸ ਦੇ ਮਾਲਕ ਵੀ ਤਾਂ ਬਾਹਮਣ ਹਨ। ਤਾਹੀਓਂ ਇਹ ਵੀ ਛੁਰੀਆਂ ਚਲਾਉਂਦੇ ਹਨ।

ਰੇਸ਼ਮੋ ਕੰਬ ਉਠੀ ਸੀ, ਪਰ ਉਸ ਦਾ ਕਾਂਬਾ ਕਿਸੇ ਦੀ ਨੀਝ ਹੇਠਾਂ ਨਹੀਂ ਸੀ। ਉਸ ਨੂੰ ਖ਼ਿਆਲ ਆ ਰਿਹਾ ਸੀ ਮਾਲਕ-ਮਸ਼ੀਨ ਦੇ ਪੁੱਤਰ ਦਾ: ਗੋਗੜੀਆ ਜਿਹਾ, ਜਿਸ ਦੇ ਪਲੇਟਫ਼ਾਰਮ ਦੀ ਪੌੜੀ ਤੇ ਪੈਰ ਧਰਦਿਆਂ ਹੀ ਬੁਲ੍ਹਾਂ ਤੇ ਕੰਨਾਂ ਰਾਹੀਂ 'ਮੱਛਰ, ਮੱਛਰ' ਦੀ ਲਹਿਰ ਹਰ ਦਿਮਾਗ਼ ਵਿਚ ਦੌੜ ਜਾਂਦੀ ਹੈ, ਜਿਵੇਂ ਉਸ ਨੇ ਪੜ੍ਹਿਆ ਸੀ ਕਿ ਕੋਈ ਪਰੀ ਜਾਦੂ-ਸੂਦੀ ਨਾਲ ਬੇਗਿਣਤ ਮਣਕਿਆਂ ਨੂੰ ਇਕੋ ਵਾਰ ਪ੍ਰੋ ਦਿੰਦੀ ਹੁੰਦੀ ਸੀ। ਗੋਗੜ ਉੱਤੇ ਪਤਲੂਨ ਕੱਸ ਆਉਂਦਾ ਹੈ। ਕਿੱਡਾ ਭੈੜਾ ਲੱਗਦਾ ਹੈ ! ਆਪਣੇ ਆਪ ਤਾਂ ਬੜਾ ਸੋਹਣਾ ਬਣ ਬਣ ਬਹਿੰਦਾ ਹੈ ਤੇ ਉਹ ਹਾਸੋਹੀਣੀ ਜਹੀ ਟੱਲੀ ਜਿਹੜੀ ਗਲ ਦੁਆਲੇ ਵਲ੍ਹੇਟ ਕੇ ਛਾਤੀ ਤੇ ਲਮਕਾਈ ਰੱਖਦਾ ਹੈ, ਕਿੰਨੀ ਭੈੜੀ ਲਗਦੀ ਹੈ। ਖਸਮ ਖਾਣਾ ! ਬੜਾ ਔਂਤਰਾ ਹੈ !! ਸ਼ੈਤਾਨ!!!

ਕੁਝ ਚਿਰ ਰੇਸ਼ਮੋ ਦੀਆਂ ਅੱਖਾਂ ਪਾਟਣ ਤੇ ਆਈਆਂ ਰਹੀਆਂ, ਲਾਲ-ਸੁਰਖ਼ ਗੁੱਸੇ ਨਾਲ ਭਰੀਆਂ ਅੱਖਾਂ। ਰਹਿਮਤੇ, ਤਾਈ ਰਹਿਮਤੇ, ਜੋ ਉਸ ਦਿਨ ਕਹਿੰਦੀ ਸੀ, ਮੈਂ ਉਸ ਦੀ ਧੀਆਂ ਵਰਗੀ ਹਾਂ, ਉਹ ਵੀ, ਖਸਮ ਖਾਣੀ, ਫਫੇਕੁਟਣ ਹੈ ਤੇ ਉਸ ਔਂਤਰੇ ਮਾਲਕ ਦੇ ਪੁੱਤਰ ਵੱਲ ਦੇਖੋ ! ਕੀ ਨਾਂ ਹੈ ਉਸ ਦਾ ? ਦਵਾਰਕਾ ਦਾਸ। ਵਹੁਟੀ ਕਿੱਡੀ ਸੁਹਣੀ ਹੈ ਤੇ ਕਿੱਡੀ ਨੇਕ ਤੇ ਮਿੱਠ ਬੋਲੀ ! ਮੈਨੂੰ ਭੈਣ ਭੈਣ ਕਰਦੀ ਦਾ ਮੂੰਹ ਸੁਕਦਾ ਹੈ। ਸੂਰਾਂ ਨੂੰ ਪੌਨੇ !

ਜ਼ਰੂਰ ਉਸ ਦਿਨ ਰਹਿਮਤੇ ਨੂੰ ਇਸ ਗੱਲ ਦਾ ਪਤਾ ਸੀ। ਨਹੀਂ, ਮੈਨੂੰ ਪੂਰਾ ਭਰੋਸਾ ਹੈ। ਉਸ ਦਾ ਇਸ ਵਿਚ ਹੱਥ ਸੀ। ਕਹਿੰਦੀ ਜੁ ਸੀ ਬੀਬੀ ਤੈਨੂੰ ਸੱਦਦੀ ਹੈ ਤੇ ਬੀਬੀ ਤੇ ਉਦੋਂ ਬੰਗਲੇ ਵਿਚ ਹੈ ਈ ਨਹੀਂ ਸੀ, ਸ਼ਹਿਰ ਗਈ ਹੋਈ ਸੀ। ਉਫ਼! ਰੇਸ਼ਮੋ ਦੇ ਚਿਹਰੇ ਤੇ ਹੁਣ ਮੁਰਦੇ-ਹਾਣੀ ਛਾ ਗਈ ਸੀ, ਜਿਵੇਂ ਉਹ ਕਿਸੇ ਦੁਖਾਂਤ ਨਾਟਕ ਦੀ ਭਿਆਨਕ ਘਟਨਾ ਨੂੰ ਦੇਖ ਰਹੀ ਹੋਵੇ ਜਾਂ ਸਾਖਿਅਤ ਮੌਤ ਉਸ ਨੂੰ ਦਿਸ ਰਹੀ ਹੋਵੇ।

ਗੋਗੜੀਏ ਵਿਚ ਜ਼ੋਰ ਤੇ ਕੁਝ ਨਹੀਂ। ਕਿਸ ਤਰ੍ਹਾਂ ਉਸ ਮੈਨੂੰ ਕਾਬੂ ਹੀ ਕਰ ਲਿਆ ਸੀ। ਜੇ ਮੈਂ ਉਸ ਨੂੰ ਧੱਕਾ ਦੇ ਕੇ ਸੁਟ ਨਾ ਦਿੰਦੀ ਤਾਂ ਮੈਥੋਂ ਚਿਟਕਣੀ ਕਿਵੇਂ ਖੁਲ੍ਹਣੀ ਸੀ। ਧੋਖਾ ਤੇ ਉਸ ਬੜਾ ਦਿੱਤਾ ਸੀ। ਆਖੇ : ਬੀਬੀ ਗੁਸਲਖ਼ਾਨੇ ਵਿਚ ਹੈ। ਇਬਲੀਸ ਦਾ ਪੁੱਤ !

ਕੀ ਦੁਨੀਆਂ ਵਿਚ ਸਾਰੇ ਇਹੋ ਜਿਹੇ ਆਦਮੀ ਹਨ ? ਮੇਰਾ ਪਿਤਾ ਤਾਂ ਇਹੋ ਜਿਹਾ ਕਦੇ ਨਹੀਂ ਸੀ ਤੇ ਨਾ ਹੀ ਮੇਰਾ ਖ਼ਾ.. ਵੰ... ਇਹੋ ਜਿਹਾ ਹੋ ਸਕਦਾ। ਉਸ ਦੀਆਂ ਗਲ੍ਹਾਂ ਉੱਤੇ ਹੁਣ ਉਹ ਲਾਲੀ ਸੀ ਜਿਸ ਨੂੰ ਦਿਨ ਦਾ ਚਾਨਣ ਹੀ ਚੰਗੀ ਤਰ੍ਹਾਂ ਪਰਗਟ ਕਰ ਸਕਦਾ ਸੀ।

ਪਰ ਮਸ਼ੀਨਾਂ ਦੀ ਦੁਨੀਆਂ ਵਿਚ ਇਹ ਸਾਰੇ ਮੈਨੂੰ ਇਕੋ ਜਹੇ ਲਗਦੇ ਹਨ। ਚਿੱਟੀ ਦਾੜ੍ਹੀ ਵਾਲਾ ਇੰਜੀਨੀਅਰ ਭਲਾ ਇਥੇ ਕੀ ਲੈਣ ਆਉਂਦਾ ਹੈ ? ਬੁੱਢਾ ਖੌਂਢਾ। ਮੇਰੇ ਵੱਲ ਤੇ ਇਉਂ ਦੇਖਦਾ ਹੈ ਜਿਵੇਂ ਅੱਖਾਂ ਨਾਲ ਖਾ ਹੀ ਲੈਣਾ ਹੁੰਦਾ ਹੈ ਤੇ ਉਸ ਡਾਕੂ ਮੁਹੰਮਦੇ ਵੱਲ ਦੇਖੋ। ਮਾਲਕਾਂ ਇਸ ਨੂੰ ਸਿਰੇ ਚੜ੍ਹਾਇਆ ਹੋਇਆ ਹੈ। ਉਸ ਦਿਨ ਸਾਹਮਣੀ ਕਲਾ ਵਾਲਿਆਂ ਦੇ ਬਾਬੂ ਨੂੰ ਜ਼ਖ਼ਮੀ ਕਰ ਸੁੱਟਿਆ, ਪਰ ਇਨ੍ਹਾਂ ਪੈਸੇ ਭਰ ਕੇ ਛੁਡਾ ਆਂਦਾ। ਮੈਨੂੰ ਤਾਂ ਇਸ ਤੋਂ ਬੜਾ ਡਰ ਆਉਂਦਾ। ਹੈ। ਕਿਹਾ ਬੇਮੁਹਾਰਾ ਉਠ ਲਗਦਾ ਹੈ। ਖੋਤਿਆਂ ਖੋਤਿਆਂ ਜਿੱਡੇ ਪੈਰ, ਕਾਲਾ-ਸ਼ਾਹ ਰੰਗ ਤੇ ਲਾਲ ਸ਼ਰਾਬੀ ਅੱਖਾਂ। ਇਸ ਨੂੰ ਇਹ ਸੋਚਣ ਦੀ ਜੁਅਰਤ ਕਿਵੇਂ ਹੁੰਦੀ ਹੈ ਕਿ ਮੈਂ ਉਸ ਨੂੰ ਚਾਹ ਸਕਦੀ ਹਾਂ।

ਕੁੜੀ ਝਟ-ਪਟ ਉਠੀ, ਜਿਵੇਂ ਫੈਕਟਰੀ ਦੇ ਮਾਲਕਾਂ ਦੀ ਰਚੀ ਗੰਦੀ ਦੁਨੀਆਂ ਨੂੰ ਛੱਡ ਕੇ ਹੁਣੇ ਬਾਹਰ ਨਿਕਲ ਜਾਵੇਗੀ, ਪਰ ਛੇਤੀ ਹੀ ਉਸ ਦੇ ਮੱਥੇ ਤੇ ਗੰਭੀਰਤਾ ਦੇ ਚਿੰਨ੍ਹ ਆ ਗਏ ਤੇ ਉਹ ਓਨੀ ਛੇਤੀ ਹੀ ਬੈਠ ਗਈ ਜਿੰਨੀ ਛੇਤੀ ਕਿ ਉਹ ਉਠੀ ਸੀ। ਤੋਲੇ-ਬਾਬੂ ਨੇ ਜਮਾਦਾਰਨੀ ਨੂੰ ਟੁੰਬਿਆ ਤੇ ਉਹ ਰੇਸ਼ਮੋ ਦੇ ਲਾਗੇ ਆ ਕੇ ਕਹਿਣ ਲੱਗੀ, "ਥੱਕ ਗਈ ਏ ਮੇਰੀ ਧੀ ! ਬਸ ਦੋ ਕੁ ਘੰਟੇ ਹੋਰ ਮਸ਼ੀਨ ਚਲਣੀ ਹੈ। ਫੁੱਟੀ ਫੁੱਟੀ ਕਪਾਹ ਸੁੱਟੀ ਜਾ, ਬੀਬੀ।"

ਰੇਸ਼ਮੋ ਨੇ ਕੋਈ ਗੱਲ ਨਾ ਗੌਲੀ। ਉਸ ਦੇ ਸਾਹਮਣੇ ਉਸ ਦੀ ਅੰਮਾ ਦੇ ਕਾਕੇ ਦੀ ਤਸਵੀਰ ਸੀ। ਕਾਕੇ ਵਾਸਤੇ ਉਸ ਨੂੰ ਇਸ ਗੰਦੀ ਦੁਨੀਆਂ ਵਿਚ ਰਹਿਣਾ ਵੀ ਮਨਜ਼ੂਰ ਸੀ।

ਕੀ ਉਸ ਦਾ ਦੁਖ ਕੋਈ ਹੋਰ ਨਹੀਂ ਸੀ ਵੰਡਾ ਸਕਦਾ। ਝਟਪਟ ਉਸ ਦਾ ਖ਼ਿਆਲ ਅਣਦੇਖੇ ਲਾਹੌਰ ਦੇ ਕਿਸੇ ਕਾਲਜ ਦੀ ਕਲ ਪਤ ਇਮਾਰਤ ਦੇਖਣ ਲਗ ਪਿਆ। ਉਸ ਦਾ ਪਿੰਡਾ ਨਿੱਘਾ ਹੋ ਗਿਆ ਜਦ ਉਸ ਨੇ ਆਪਣੇ ਖ਼ਾਵੰਦ ਦੀ ਸ਼ਕਲ ਆਪਣੇ ਪਿਤਾ ਦੀ ਗੱਲ-ਬਾਤੀ ਤਸਵੀਰ ਆਸਰੇ ਖੜੀ ਕੀਤੀ। ਕਿਤੇ ਉਹ ਇਥੇ ਹੁੰਦੇ ! ਉਹ ਕਦੇ ਮੇਰੀਆਂ ਤਕਲੀਫ਼ਾਂ ਨਾ ਸਹਾਰ ਸਕਦੇ ਮੈਂ ਉਨ੍ਹਾਂ ਨੂੰ ਸਾਰੀਆਂ ਗੱਲਾਂ ਦੱਸ ਦਿੰਦੀ। ਉਹ ਜ਼ਰੂਰ ਮਸ਼ੀਨਾਂ

ਦੇ ਰੱਬ ਤੇ ਮੁਹੰਮਦੇ ਨਾਲ, ਬਿਨਾਂ ਉਨ੍ਹਾਂ ਦੀ ਦੌਲਤ ਤੇ ਤਾਕਤ ਦੀ ਪਰਵਾਹ ਕੀਤੇ, ਲੜ ਪੈਂਦੇ। ਲੜਾਈ ਦੇ ਨਤੀਜੇ ਨੂੰ ਸਮਝ ਕੇ ਉਸ ਦੇ ਖ਼ਿਆਲ ਬਦਲ ਗਏ। ਮੈਂ ਕਦੇ ਵੀ ਆਪਣੇ ਪਿਆਰ ਬਿਨਾਂ ਉਨ੍ਹਾਂ ਅੱਗੇ ਕੁਝ ਜ਼ਾਹਰ ਨਾ ਕਰਦੀ। ਝੱਟ ਹੀ ਇਹ ਗੱਲਾਂ ਉਸ ਨੂੰ ਫ਼ਜ਼ੂਲ ਜਾਪੀਆਂ।

ਤੇਲ ਵਾਲਾ ਰੇਸ਼ਮੋ ਵਾਲੀ ਮਸ਼ੀਨ ਨੂੰ ਤੇਲ ਦੇ ਰਿਹਾ ਸੀ। ਬਿਨਾਂ ਕੁਝ ਬੋਲਿਆਂ ਉਹ ਚਲਾ ਗਿਆ। ਇੰਨੇ ਨੂੰ ਇੰਦਰ ਸਿੰਘ ਫ਼ਿਟਰ ਆਇਆ। ਮਸ਼ੀਨ ਤੋਂ ਪਟਾ ਲਾਹ ਕੇ ਨਟ ਕੱਸਣ ਦੇ ਬਹਾਨੇ ਉਸ ਨੂੰ ਚੋਰੀ ਚੋਰੀ ਦੇਖਦਾ ਰਿਹਾ। ਗਿੱਦੜ ਹਮੇਸ਼ਾ ਇਸ ਤਾੜ ਵਿਚ ਰਹਿੰਦੇ ਹਨ ਕਿ ਸ਼ੇਰ ਕੋਈ ਸ਼ਿਕਾਰ ਮਾਰੇ ਤੇ ਉਸ ਦਾ ਜੂਠਾ ਰਤ-ਪਿੱਤ ਅਸੀਂ ਚੱਟੀਏ। ਕੁੜੀਆਂ-ਤੀਵੀਆਂ ਦੇ ਫ਼ਸਾਉਣ ਦੇ ਉਹ ਬੜੇ ਤਰੀਕੇ ਲੋਕਾਂ ਨੂੰ ਸੁਣਾਇਆ ਤੇ ਸਿਖਾਇਆ ਕਰਦਾ ਸੀ, ਪਰ ਰੇਸ਼ਮੋ ਤੇ ਉਸ ਦਾ ਕੋਈ ਮੰਤਰ ਨਹੀਂ ਸੀ ਚਲਦਾ। ਉਸ ਨਟ ਕੱਸ ਕੇ ਰੈਂਚ ਰੇਸ਼ਮੋ ਵੱਲ ਜਾ ਵਧਾਇਆ। ਰੇਸ਼ਮੋ ਨੇ ਉਸ ਵੱਲ ਦੇਖਿਆ ਵੀ ਨਾ। ਉਹ ਉੱਚੀ ਕੂਕਿਆ, “ਕੁੜੇ ! ਰੈਂਚ ਫੜ, ਮੈਂ ਪਟਾ ਚੜ੍ਹਾ ਲਵਾਂ।

“ਫੜ ਲੈ ਬੇਟੀ ” ਲਾਗੋਂ ਜਮਾਦਾਰਨੀ ਨੇ ਕਿਹਾ, ਜੋ ਹੁਣੇ ਕੋਲ ਆ ਕੇ ਖੜੋਤੀ ਸੀ।

ਰੇਸ਼ਮੋ ਨੇ ਦੂਸਰੇ ਸਿਰੇ ਤੋਂ ਇੰਜ ਫੜਨ ਲਈ ਹੱਥ ਵਧਾਇਆ ਜਿਵੇਂ ਉਸ ਨੂੰ ਕਰੰਟ ਪੈਣ ਦਾ ਡਰ ਹੋਵੇ। ਰੇਸ਼ਮੋ ਦੇ ਹੱਥ ਨੂੰ ਰੈਂਚ ਲੱਗਣ ਤੋਂ ਪਹਿਲਾਂ ਹੀ ਇੰਦਰ ਸਿੰਘ ਨੇ ਰੈਂਚ ਛੱਡ ਦਿੱਤਾ ਤੇ ਉਹ ਪੁਲੀ ਵਾਲੇ ਮਘੋਰੇ ਵਿਚੋਂ ਵੜੇਵਿਆਂ ਵਾਲੇ ਪਤਾਲ ਵਿਚ ਜਾ ਪਿਆ। ਇੰਦਰ ਸਿੰਘ ਪੁਕਾਰ ਉੱਠਿਆ, “ਨਖ਼ਰਿਆਂ ਨਾਲ ਕੰਮ ਕਰਦੀ ਹੈ, ਇਹ ਕੁੜੀ। ਹੁਣ ਆਪੇ ਲਿਆਵੇਗੀ ਨਾ ਥੱਲਿਓਂ ਤੇ ਪਤਾ ਲੱਗੇਗਾ।”

ਥੱਲੇ ਦਾ ਨਾਂ ਸੁਣ ਕੇ ਰੇਸ਼ਮੋ ਘਬਰਾ ਗਈ।

"ਬੀਬਾ ਭਰਾ ! ਆਪ ਲੈ ਆ", ਉਸ ਤਰਲਿਆਂ ਭਰੀਆਂ ਅੱਖਾਂ ਨਾਲ ਕਿਹਾ, "ਤੂੰ ਤੇ ਮੇਰਾ ਹੱਥ ਪੈਣ ਤੋਂ ਪਹਿਲਾਂ ਈ ਕੁੰਜੀ ਛੱਡ ਦਿੱਤੀ।”

“ਭਰਾ ਭਰੂ ਕੋਈ ਨਹੀਂ”, ਇੰਦਰ ਸਿੰਘ ਨੇ ਝੁੰਜਲਾ ਕੇ ਰਹਿਮਤੇ ਵੱਲ ਮੁੜਦਿਆਂ ਆਖਿਆ, “ਕਿਡੀ ਚਲਾਕ ਹੈ ਇਹ ਕੁੜੀ ? ਹੱਥੋਂ ਰੈਂਚ ਛੱਡ ਦਿੱਤਾ ਹੈ ਤੇ ਕਹਿੰਦੀ ਐ, ਮੈਂ ਚਾਬੀ ਸੁੱਟ ਦਿੱਤੀ ਹੈ। ਆਪੇ ਲਿਆਏਗੀ ਨਾ, ਹੁਣ ! ਮੈਂ ਤੇ ਨਹੀਂ ਜਾਣਾ ਕਦੇ ਵੀ ਥੱਲੇ। ਮਸ਼ੀਨਾਂ ਸਾਰਾ ਦਿਨ ਚਲ ਚਲ ਕੇ ਖ਼ਰਾਬ ਹੋਈਆਂ ਹੋਈਆਂ ਨੇ। ਮੈਨੂੰ ਕਿਤੇ ਵਿਹਲ ਨਹੀਂ

ਮਿਲਦਾ। ਖੜੋ ਜਾਣ ਸਾਰੀਆਂ ਮਸ਼ੀਨਾਂ, ਮੈਨੂੰ ਕੀ। ਮੈਂ ਮਾਲਕਾਂ ਨੂੰ ਆਖ ਦੇਵਾਂਗਾ ਕਿ ਰਹਿਮਤੇ ਤੇ ਰੇਸ਼ਮੋ.......।"

"ਨਾ ਵੇ ਵੀਰਾ !" ਰਹਿਮਤੇ ਨੇ ਘਬਰਾਉਣ ਦੀ ਐਕਟਿੰਗ ਕਰਦਿਆਂ ਕਿਹਾ, "ਅਸੀਂ 'ਲੈ ਆਉਂਦੀਆਂ ਹਾਂ ਚਾਬੀ ਲਭ ਕੇ।"

"ਆ ਧੀਏ !" ਉਸ ਰੇਸ਼ਮੋ ਵੱਲ ਤਕ ਕੇ ਕਿਹਾ, "ਮੇਰੇ ਧੌਲਿਆਂ ਦੀ ਲਾਜ ਰੱਖ। ਉਠ ਉਠ ਬੀਬੀ ਧੀ, ਮੈਂ ਤੇਰੇ ਨਾਲ ਚਲਦੀ ਹਾਂ।"

ਰੇਸ਼ਮੋ ਨੂੰ ਆਪਣੀ ਨੌਕਰੀ ਖੁਸਦੀ ਜਾਪੀ। ਸੋ ਉਹ ਉੱਠ ਖਲੋਤੀ। ਸਦੀਕਾ ਤੇਲ ਵਾਲਾ ਹੁਣੇ ਬਾਹਰੋਂ ਤੇਲ ਲੈ ਕੇ ਆਇਆ ਸੀ। ਉਸ ਦੀ ਲਾਲਟੈਨ ਲੈ ਕੇ ਉਸ ਰੇਸ਼ਮੋ ਨੂੰ ਫੜਾ ਦਿੱਤੀ। ਤੇ ਉਸ ਦੇ ਮਗਰ ਮਗਰ ਤੁਰ ਪਈ। ਬਾਹਰ ਇੰਨਾ ਹਨੇਰਾ ਸੀ ਕਿ ਲਾਲਟੈਨ ਦਾ ਚਾਨਣਾ ਲੜ-ਝਗੜ ਕੇ ਮਸੀਂ ਹੀ ਚਾਰ ਕਦਮ ਅੱਗੇ ਜਾ ਸਕਦਾ ਸੀ। ਵੜੇਵਿਆਂ ਵਾਲੀਆਂ ਬਾਰਕਾਂ ਦੇ ਬੂਹੇ ਤੇ ਰਹਿਮਤੇ ਖੜੋ ਗਈ ਤੇ ਪਾਤਾਲ ਵਿਚ ਉਤਰਦੀਆਂ ਪੌੜੀਆਂ ਦਿਖਾ ਕੇ ਕਹਿਣ ਲੱਗੀ, "ਜਾਹ ਰੇਸ਼ਮੋ, ਹੁਣ ਲੱਭ ਲਿਆ।"

"ਅੰਦਰ ਤੇ ਬੜਾ ਹਨੇਰਾ ਐ ! ਤੇ ਨਾਲੇ ਵੱਡੇ ਵੱਡੇ ਪਟੇ ਚੱਲਦੇ ਨੇ ਅੰਦਰ, ਰੇਸ਼ਮੋ ਨੇ ਡਰ ਨਾਲ ਘਬਰਾਉਂਦਿਆਂ ਕਿਹਾ।

"ਲੈ ਕੁੜੇ, ਅੰਦਰ ਦੋ ਬਿਜਲੀਆਂ ਜਗਦੀਆਂ ਨੇ। ਹੱਥ ਤੇਰੇ ਲਾਲਟੈਣ ਹੈ। ਡਰ ਕਾਹਦਾ। ਔਹ ਜਿੱਥੇ ਇੰਜਣ ਦੇ ਰੱਸੇ ਚੱਲਦੇ ਹਨ, ਉਥੇ ਕੁ ਤੇਰੀ ਮਸ਼ੀਨ ਹੈ।"

ਰੇਸ਼ਮੋ ਦੀਆਂ ਅੱਖਾਂ ਅੱਗੇ ਮਾਂ ਦੀ ਛਾਤੀ ਨਾਲ ਲੱਗਾ ਨੰਨ੍ਹਾ ਭਰਾ ਆ ਗਿਆ। ਉਹ ਸੱਤ ਅੱਠ ਪੌੜੀਆਂ ਉੱਤਰ ਕੇ ਵੜੇਵਿਆਂ ਦੀ ਤਹਿ ਤੇ ਪਹੁੰਚੀ। ਇੰਜਣ ਦੇ ਰੱਸਿਆਂ ਵੱਲ ਉਹ ਕੰਧ ਦੇ ਨਾਲ ਨਾਲ ਧਸਦਿਆਂ ਕਦਮਾਂ ਨਾਲ ਤੁਰੀ, ਵੜੇਵੇਂ ਉੱਤੋਂ ਮੀਂਹ ਵਾਂਗ ਵਰ੍ਹ ਰਹੇ ਸਨ। ਮੇਨ-ਸ਼ਾਫ਼ਟ ਕਈ ਥਾਵਾਂ ਤੋਂ ਬਰਾਸਾਂ ਵਿਚ ਚੀਕ ਰਹੀ ਸੀ। ਰੇਸ਼ਮੋ ਇਸ ਵੇਲੇ ਇੰਨੀ ਚੇਤੰਨ ਸੀ ਕਿ ਇੰਨੇ ਰੌਲੇ ਗੌਲੇ ਤੇ ਖੜਾਕ ਵਿਚੋਂ ਇਕ ਟਿੱਡੀ ਦੀ ਅਵਾਜ਼ ਨੂੰ ਵੀ ਨਿਖੇੜ ਸਕਦੀ ਸੀ। ਮੰਜ਼ਲ ਤੇ ਪਹੁੰਚਣ ਤੋਂ ਪਹਿਲਾਂ ਦੋਵੇਂ ਬਿਜਲੀਆਂ ਬੁਝ ਗਈਆਂ। ਅਨ੍ਹੇਰੇ ਨੇ ਲਾਲਟੈਣ ਸਮੇਤ ਰੇਸ਼ਮੋ ਨੂੰ ਘੇਰ ਲਿਆ। ਚਲਦੀਆਂ ਮਸ਼ੀਨਾਂ ਦੇ ਰੌਲੇ ਵਿਚ ਉਸ ਨੂੰ ਇੰਜਣ ਦੇ ਫ਼ਲਾਈ-ਵੀਲ ਦੇ ਰੱਸਿਆਂ ਦੀ ਸ਼ੂਕਦੀ ਅਵਾਜ਼ ਸੁਣਾਈ ਦੇ ਰਹੀ ਸੀ। ਪਿੱਛੋਂ ਉਸ ਨੂੰ ਕਿਸੇ ਦੇ ਸਾਹ ਲੈਣ ਦੀ ਸ਼ੂਕਰ ਸੁਣਾਈ ਦਿੱਤੀ ਤੇ ਉਸ ਨੇ ਆਪਣੀ ਛਾਤੀ ਦੀ ਕੋਮਲਤਾ ਤੇ ਸਖ਼ਤ ਹੱਥ ਮਹਿਸੂਸ ਕੀਤੇ। ਬਿਜਲੀ ਵਰਗੀ ਫੁਰਤੀ ਨਾਲ ਉਹ ਮੁੜੀ ਤੇ ਉਸਦੇ ਹੱਥ ਵਿਚੋਂ ਲਾਲਟੈਣ ਦੂਰ ਜਾ ਪਈ ਤੇ ਡਿੱਗਦੀ ਹੀ ਦੋ ਚਾਰ ਵਾਰੀ ਫਕ ਫਕ ਕਰ

ਕੇ ਬੁੱਝ ਗਈ। ਝਟ ਪਟ ਦੋ ਪੋਲੀਆਂ ਬਾਹਾਂ ਉਸ ਦੇ ਦਵਾਲੇ ਵਲੀਆਂ ਗਈਆਂ। ਉਹ ਕਿਸੇ ਭੂਤਨੇ ਦਾ ਡਰ ਮਹਿਸੂਸ ਕਰ ਕੇ ਸਿਥਲ ਜਹੀ ਹੋ ਗਈ ਸੀ। ਤੇ ਖ਼ਬਰੇ ਕੁਝ ਪਲਾਂ ਤੱਕ ਬੇਹੋਸ਼ ਵੀ ਹੋ ਜਾਂਦੀ ਜੇ ਉਹ ਮੋਟੀ ਗੋਗੜ ਦੀ ਆਪਣੇ ਸਰੀਰ ਨਾਲ ਛੁਹ ਤੋਂ ਇਹ ਨਾ ਸਮਝ ਜਾਂਦੀ ਕਿ ਇਹ ਛੋਟਾ ਮਾਲਕ ਹੈ—ਫ਼ੈਕਟਰੀ ਦਾ ਰੱਬ ! ਰੇਸ਼ਮੋ ਕੋਲ ਚੀਕ ਮਾਰਨ ਦੀ ਕੋਈ ਗੁੰਜਾਇਸ਼ ਨਹੀਂ ਸੀ। ਰੇਸ਼ਮੋ ਦੀਆਂ ਭੁਜਾਂ ਵਿਚ ਇਸਤ੍ਰੀ ਦਾ ਸਤ-ਬਲ ਇਕੱਠਾ ਹੋ ਗਿਆ। “ਇਸ ਲਈ ਤਾਂ ਮੈਂ ਕਾਫ਼ੀ ਹਾਂ !” ਉਸ ਸੋਚਿਆ ਤੇ ਜਦੋ-ਜਿਹਦ ਜਾਰੀ ਹੋਈ। ਅੱਜ ਲਾਲਾ ਪਹਿਲੇ ਦਿਨ ਕੋਲੋਂ-ਤਕੜਾ ਮਲੂਮ ਹੁੰਦਾ ਸੀ। ਪਸ਼ੂ ਬਲ ਸਤ-ਬਲ ਨੂੰ ਧਕੇਲ ਰਿਹਾ ਸੀ। ਪਿੱਛੇ ਰੱਸਿਆਂ ਦੀ ਅਵਾਜ਼, ਕੋਲ ਆ ਰਹੀ ਸੀ। ਲਾਲੇ ਦਾ ਇਕ ਹੱਥ ਥੱਲੇ ਆ ਗਿਆ ਸੀ। ਰੇਸ਼ਮੋ ਨੇ ਕੜੱਕ ਦੀ ਅਵਾਜ਼ ਸੁਣੀ ਤੇ ਦੂਸਰੇ ਪਲ ਆਪਣੇ ਲੱਕ ਦੇ ਦੁਆਲੇ ਦੀ ਕੱਸ ਨੂੰ ਢਿਲਿਆਂ ਹੋ ਕੇ ਪੈਰਾਂ ਵਿਚ ਡਿਗਦਿਆਂ- ਮਹਿਸੂਸ ਕੀਤਾ। ਰੇਸ਼ਮੋ ਵਿਚ ਰੁਸਤਮ ਦਾ ਬਲ ਆ ਗਿਆ। ਉਹ ਬੜੀ ਤੇਜ਼ੀ ਤੇ ਤਾਕਤ ਨਾਲ ਘੁੰਮੀ, ਸਾਰੇ ਜ਼ੋਰ ਨਾਲ ਹਫ਼ੀ ਹੋਈ ਗੋਗੜ ਵਾਲੀ ਦੇਹ ਨੂੰ ਧੱਕਾ ਦਿੱਤਾ। ਰੇਸ਼ਮੋ ਅਜ਼ਾਦ ਸੀ !

ਇਕ ਚੀਕ ਵੱਜੀ ਤੇ ਝਟ ਪਟ ਹੀ ਕੋਈ ਭਾਰੀ ਤੇ ਲਿਬੜੀ ਚੀਜ਼ ਉਸ ਦੇ ਮੂੰਹ ਤੇ ਵਜ ਕੇ ਪੈਰਾਂ ਵਿਚ ਜਾ ਪਈ। ਰੇਸ਼ਮੋ ਸੱਟ ਨੂੰ ਪੀ ਗਈ ਤੇ ਮੂੰਹ ਤੇ ਹੱਥ ਫੇਰਿਆ, ਗਿੱਲਾ ਸੀ— ਪਸੀਨੇ ਤੋਂ ਕਿਤੇ ਬਹੁਤਾ ਗਿੱਲਾ ਤੇ ਗਾਹੜਾ। ਸੋਚਿਆ : ਮਸ਼ੀਨੀ ਤੇਲ ਹੋਏਗਾ। ਛੇਤੀ ਹੀ ਉਸ ਦੇ ਨੰਗੇ ਪੈਰਾਂ ਦੀ ਛੁਹ ਨੇ ਕੋਈ ਸਖ਼ਤ ਚੀਜ਼ ਮਹਿਸੂਸ ਕੀਤੀ। ਉਸ ਝੁਕ ਕੇ ਟੋਹਿਆ, ਇਕ ਬੂਟ ਸੀ। ਅੱਗੇ ਹੱਥ ਵਧਾਇਆ, ਲੱਤ ਵੀ ਨਾਲ ਸੀ। ਲਿਬੜੀ ਹੋਈ ਤੇ ਹੈਂ ! ਵਢੀ ਹੋਈ !!

ਹਾਦਸੇ ਦਾ ਗਿਆਨ ਹੁੰਦਿਆਂ ਹੀ ਰੇਸ਼ਮੋ ਦੀ ਚੀਕ ਨਿਕਲੀ, ਪਹਿਲੀ ਚੀਕ ਤੋਂ ਕਿਤੇ ਤੇਜ਼ ਤੇ ਭਿਆਨਕ ! ਰੇਸ਼ਮੋ ਆਪਣੀ ਹਾਲਤ ਨੂੰ ਸਮਝਣ ਤੋਂ ਬਗ਼ੈਰ ਬਾਹਰ ਨੱਸੀ ਬਾਹਰ ਰਹਿਮਤੇ ਦੀ ਥਾਂ ਇੰਦਰ ਸਿੰਘ ਲਾਲਟੈਣ ਲਈ ਖੜਾ ਸੀ।

“ਭਰਾ, ਮੈਂ ਕੁਝ ਨਹੀਂ ਕੀਤਾ ! ਮੈਂ ਕੁਝ ਨਹੀਂ ਕੀਤਾ !" ਰੇਸ਼ਮੋ ਕੁੜਤੇ ਨਾਲ ਕੱਜੀ ਕੂਕ ਰਹੀ ਸੀ। ਲਹੂ-ਲੁਹਾਨ ਰੇਸ਼ਮੋ ਨੂੰ ਦੇਖ ਕੇ ਉਹ ਖ਼ੁਸ਼ ਹੋਇਆ। ਪਰ ਮਾਲਕ ਨੂੰ ਮਗਰ ਨਾ ਆਉਂਦਾ ਦੇਖ ਕੇ ਇੰਜਣ-ਕਮਰੇ ਵਲ ਨੱਠਾ। ਮਿੰਟਾਂ ਵਿਚ ਇਕ ਚੀਕ ਮਾਰ ਕੇ ਇੰਜਣ ਖੜੋ ਗਿਆ। ਲਾਲਟੈਣਾਂ ਹੱਥੀਂ ਲੈ ਲੋਕੀਂ ਸ਼ਾਪ ਵਿਚ ਵੜੇ।

ਛੋਟੇ ਮਾਲਕ ਦੇ ਟੋਟੇ ਹੋਏ ਪਏ ਸਨ।

ਵੱਡਾ ਮਾਲਕ ਘਬਰਾਇਆ ਹੋਇਆ ਆਇਆ। ਉਹ ਉੱਚੀ ਉੱਚੀ ਰੌਲਾ ਪਾ ਰਿਹਾ ਸੀ, "ਕਿਉਂ ਇੰਜਣ ਬੰਦ ਕੀਤਾ ਜੇ ? ਕਿਉਂ ਇੰਜਣ ਬੰਦ ਕੀਤਾ ਜੇ ? ਮੇਰਾ ਹਜ਼ਾਰਾਂ ਦਾ ਨੁਕਸਾਨ ਹੋ ਜਾਏਗਾ !"

ਵਡੇਰਵਾਂ-ਸ਼ਾਪ ਵਿਚ ਜਦ ਉਸ ਵੜ ਕੇ ਦੇਖਿਆ ਤਾਂ ਉਹ ਪੱਥਰ ਹੀ ਹੋ ਗਿਆ। ਉਸ ਦੀ ਅੱਖ ਵਿਚ ਕੋਈ ਅੱਥਰੂ ਨਹੀਂ ਸੀ। ਕੁਝ ਚਿਰ ਮਗਰੋਂ ਉਹ ਬੋਲਿਆ, "ਮੁਹੰਮਦੇ ! ਕੁੜੀ ਨੂੰ ਸਾਹਮਣੇ ਗੁਦਾਮ ਵਿਚ ਕਾਬੂ ਕਰ।"

ਰੇਸ਼ਮੋ ਸ਼ਾਂਤ ਸੀ।

ਫ਼ੈਕਟਰੀ ਦਾ ਰੱਬ ਮਰ ਚੁਕਾ ਸੀ। ਕੁਝ ਚਿਰ ਮਗਰੋਂ ਰੇਸ਼ਮੋ ਨੂੰ ਮੁਹੰਮਦਾ ਗੁਦਾਮ ਅੰਦਰ ਡੱਕ ਰਿਹਾ ਸੀ। ਦਫ਼ਤਰ ਵਿਚ ਗਵਾਹੀਆਂ ਬਣ ਰਹੀਆਂ ਸਨ ਮੋਏ ਹੋਏ ਮਾਲਕ ਦੀ ਇੱਜ਼ਤ ਬਚਾਉਣ ਲਈ। ਇਨਸਾਫ਼ ਦੇ ਦੇਵਤੇ ਦੀ ਛਾਤੀ ਲਈ ਖ਼ੰਜਰ ਤਿਆਰ ਕੀਤੇ ਜਾ ਰਹੇ ਸਨ।

-0-

# ਔਰਤ ਦੀ ਕਰਾਮਾਤ

ਕੁੰਡਗੋਲੇ ਦੇ ਸ਼ਾਹ ਦੀ ਇੱਕੋ ਇੱਕ ਧੀ ਸ਼ਾਹਜ਼ਾਦੀ ਨੀਲੋਫ਼ਰ ਸੀ। ਸ਼ਾਹ ਆਪ ਬੁੱਢਾ ਹੋ ਗਿਆ ਸੀ। ਲੱਖਾਂ ਜਤਨਾਂ ਤੇ ਮੰਨਤਾਂ ਤੋਂ ਮਗਰੋਂ ਉਸ ਨੂੰ ਅਧੇੜ ਉਮਰੇ ਇਹ ਇਕੋ ਔਲਾਦ ਦਾ ਰਤਨ ਪ੍ਰਾਪਤ ਹੋਇਆ ਸੀ। ਸ਼ਾਹਜ਼ਾਦੀ ਨੀਲੋਫ਼ਰ ਅਤ ਦੀ ਸੁੰਦਰ ਸੀ। ਸਰੀਰ ਉਸ ਦਾ ਕੋਮਲ, ਸੁਡੌਲ ਤੇ ਪੁਸ਼ਟ ਸੀ, ਕਿਉਂਕਿ ਆਪਣੇ ਪਿਤਾ ਵੱਲ ਵੇਖ ਕੇ ਉਸ ਨੂੰ ਵੀ ਬਚਪਨ ਤੋਂ ਵਰਜ਼ਿਸ਼ ਦਾ ਸ਼ੌਂਕ ਪੈ ਗਿਆ ਸੀ ਅਤੇ ਉਹ ਘੋੜ-ਸਵਾਰੀ ਤੇ ਤੀਰ-ਅੰਦਾਜ਼ੀ ਵਿਚ ਨਿਪੁੰਨ ਹੋ ਗਈ ਸੀ।

ਸ਼ਾਹ ਦੇ ਖ਼ਾਨਦਾਨ ਵਿਚ ਨਰ ਔਲਾਦ ਕੇਵਲ ਉਸ ਦਾ ਇੱਕੋ-ਇੱਕ ਭਤੀਜਾ ਸੀ, ਜਿਸ ਦੀ ਉਮਰ ਕੁਮਾਰੀ ਨੀਲੋਫ਼ਰ ਤੋਂ ਪੰਜ ਛੇ ਸਾਲ ਵੱਡੀ ਸੀ। ਸ਼ਾਹ ਦਾ ਖ਼ਿਆਲ ਸੀ ਕਿ ਰਾਜ ਭਾਗ ਸਾਰਾ ਉਸ ਨੂੰ ਸੌਂਪਿਆ ਜਾਏ। ਉਸ ਨੂੰ ਨੀਲੋਫ਼ਰ ਦੇ ਯੋਗ ਬਣਾਉਣ ਲਈ ਸ਼ਾਹ ਨੇ ਬੜਾ ਜਤਨ ਕੀਤਾ, ਪਰ ਉਸ ਦੇ ਜਤਨ ਸਗੋਂ ਉਲਟਾ ਫਲ ਲਿਆਉਂਦੇ ਰਹੇ। ਮੁੰਡਾ ਦਿਨੋ ਦਿਨ ਅੱਯਾਸ਼, ਜ਼ਾਲਮ ਤੇ ਆਲਸੀ ਬਣਦਾ ਗਿਆ।

ਉਸ ਦੀ ਬੇ-ਰਹਿਮੀ ਤੇ ਅੱਯਾਸ਼ੀ ਦੇ ਕਿੱਸੇ ਨੀਲੋਫ਼ਰ ਨੂੰ ਵੀ ਕਿਸੇ ਨਾ ਕਿਸੇ ਤਰ੍ਹਾਂ ਪਹੁੰਚਦੇ ਰਹਿੰਦੇ ਸਨ। ਹੁਣ ਨੀਲੋਫ਼ਰ ਨੂੰ ਉਸ ਦੇ ਤਨ ਬਦਨ ਵਿਚ ਵੀ ਕੋਈ ਖਿੱਚ ਨਹੀਂ ਸੀ। ਔਗਣਾਂ ਕਰਕੇ ਉਹ ਉਸ ਦੇ ਦਿਲੋਂ ਪਹਿਲੋਂ ਹੀ ਲੱਥਦਾ ਜਾ ਰਿਹਾ ਸੀ। ਸ਼ਾਹ ਵੀ ਆਪਣੇ ਭਤੀਜੇ ਤੋਂ ਕੁਝ ਵਧੇਰੇ ਨਿਰਾਸ ਹੋ ਰਿਹਾ ਸੀ। ਅਨਜਾਣੇ ਹੀ ਉਹ ਆਪਣੀ ਧੀ ਨੂੰ ਵਧੇਰੀ ਰਾਜਨੀਤੀ ਸਿਖਾਉਣ ਲਗ ਪਿਆ। ਸ਼ਾਹ ਉਸ ਨੂੰ ਸਿਪਾਹਗਰੀ ਦੇ ਕਰਤਬ ਵੀ ਦੱਸਣ ਲਗ ਪੈਂਦਾ ਤੇ ਜੰਗ ਦੇ ਦਾਅ- ਪੇਚ ਵੀ। ਕਦੇ ਕਦੇ ਉਹ ਉਸ ਨੂੰ ਸ਼ਿਕਾਰ ਤੇ ਵੀ ਲੈ ਜਾਂਦਾ। ਉਸ ਦੇ ਇਸ ਅਮਲ ਨੂੰ ਉਸ ਦੇ ਅਹਿਲਕਾਰ ਪਸੰਦ ਨਾ ਕਰਦੇ ਤੇ ਸਭ ਤੋਂ ਵਧ ਉਸ ਦਾ ਭਤੀਜਾ, ਜਿਸ ਦੇ ਮੁਕਾਬਲੇ ਤੇ ਸ਼ਿਕਾਰ ਵਿਚ ਸ਼ਾਹਜ਼ਾਦੀ ਨੀਲੋਫ਼ਰ ਬਹੁਤੀ ਬਹਾਦਰੀ ਤੇ ਉਸਤਾਦੀ ਦਿਖਾ ਜਾਂਦੀ। ਦੱਬੇ ਮੂੰਹ ਨਾਲ ਉਸ ਨੇ ਅਹਿਲਕਾਰਾਂ ਦੀ ਉਸ ਖਾਊ ਟੋਲੀ ਕੋਲੋਂ, ਜੋ ਉਸ ਦੀ ਪਿੱਠ ਪਿੱਛੇ ਸੀ, ਅਖਵਾ ਹੀ ਦਿੱਤਾ ਕਿ ਲੜਕੀਆਂ ਤੋਂ ਲੜਕਿਆਂ ਵਾਲੇ ਕੰਮ ਕਰਵਾਉਣੇ ਯੋਗ ਨਹੀਂ ਹੁੰਦੇ।

ਸ਼ਾਹ ਦਾ ਭਤੀਜਾ ਮੁਰਾਦ ਆਪਣੇ ਆਪ ਨੂੰ ਨੀਲੋਫ਼ਰ ਦਾ ਭਾਵੀ ਪਤੀ ਸਮਝਦਾ ਸੀ। ਸ਼ਾਹਜ਼ਾਦੀ ਦੀ ਉਸ ਵਿਚ ਦਿਨੋ ਦਿਨ ਵਧਦੀ ਲਾਪਰਵਾਹੀ ਉਸ ਨੂੰ ਹੈਰਾਨ ਕਰ ਰਹੀ ਸੀ। ਕੁਮਾਰੀ ਹੁਣ ਆਪਣੀ ਭਰ ਜਵਾਨੀ ਵਿਚ ਸੀ, ਜਦੋਂ ਪਿਆਰ ਦਾ ਦੇਵਤਾ ਸਭ ਗੱਲਾਂ ਮੁਟਿਆਰਾਂ ਦੇ ਕੰਨਾਂ ਵਿਚ ਕਹਿ ਜਾਂਦਾ ਹੈ। ਉਹ ਬੇਸਮਝ ਨਵਯੋਵਨਾ ਨਹੀਂ ਸੀ। ਫਿਰ ਵੀ ਉਸ ਦੀ ਮੁਰਾਦ ਵਲੋਂ ਕਿਨਾਰਾਕਸ਼ੀ, ਮੁਰਾਦ ਨੂੰ ਬੇਮੁਰਾਦ ਕਰੀ ਜਾ ਰਹੀ ਸੀ।

ਇਨ੍ਹਾਂ ਦਿਨਾਂ ਵਿਚ ਸ਼ਾਹ ਦੇ ਹਰਮ ਵਿਚ ਨੌਕਰ-ਨੌਕਰਾਣੀਆਂ ਦੀ ਲੋੜ ਪਈ। ਸ਼ਾਹਾਂ ਦੇ ਹਰਮਾਂ ਵਿਚ ਨੌਕਰ ਜਮਾਂਦਰੂ ਜਾਂ ਬਹੁਤੀ ਵਾਰੀ ਜੱਰਾਹੀ ਨਾਲ ਬਣਾਏ ਹੋਏ ਖੁਸਰੇ ਰੱਖੇ ਜਾਂਦੇ ਸਨ। ਉਸ ਟੋਲੇ ਵਿਚੋਂ, ਜੋ ਕਿ ਕੁਦਰਤੀ ਤੌਰ ਤੇ ਨਾ ਨਰ ਸਨ ਤੇ ਨਾ ਮਾਦਾ, ਇਕ ਨੌਜਵਾਨ ਯਾਕੂਤ ਵੀ ਸੀ। ਉਸ ਦਾ ਸਰੀਰ ਸਡੌਲ ਤੇ ਹੱਥ ਪੈਰ ਨਰੋਏ ਸਨ। ਉਸ ਦੇ ਉਪਰਲੇ ਬੁਲ੍ਹਾਂ ਦੇ ਉਪਰ ਨਵੀਂ ਫੁਟ ਰਹੀ ਮੱਸ ਦੀ ਕਾਲੋਂ ਵੀ ਸੀ। ਸ਼ਾਹ ਨੇ ਉਸ ਨੂੰ ਪਸੰਦ ਕੀਤਾ ਤੇ ਸ਼ਾਹੀ ਹਕੀਮ ਕੋਲ ਮੁਆਇਨੇ ਲਈ ਭੇਜ ਦਿੱਤਾ। ਸ਼ਾਹੀ ਹਕੀਮ ਨੇ ਹਰ ਤਰ੍ਹਾਂ ਤਸੱਲੀ ਕਰ ਲਈ ਕਿ ਉਹ ਖੁਸਰਾ ਹੀ ਹੈ। ਮਗਰੋਂ ਸ਼ਾਹ ਦੀ ਹਾਜ਼ਰੀ ਵਿੱਚ ਜ਼ਖ਼ਮ, ਨਿਸ਼ਾਨ, ਤਿਲਾਂ ਆਦਿ ਨੂੰ ਗਿਣ ਕੇ ਤੇ ਦੇਖ-ਦਿਖਾ ਕੇ ਅਤੇ ਸ਼ਾਹ ਦੀ ਤਸੱਲੀ ਕਰਾ ਕੇ, ਹਕੀਮ ਸਾਹਿਬ ਨੇ ਰੋਜ਼ਨਾਮਚੇ ਵਿਚ ਦਰਜ ਕਰ ਲਿਆ: ਅਤੇ ਉਸ ਨੂੰ ਸ਼ਾਹੀ ਹਰਮ ਦਾ ਨਫ਼ਰ ਬਣਾ ਦਿੱਤਾ ਗਿਆ।

ਕੁਮਾਰੀ ਨੀਲੋਫ਼ਰ ਪਹਿਲੇ ਦਿਨ ਹੀ ਉਸ ਨੂੰ ਵੇਖ ਕੇ ਇਵੇਂ ਸ਼ਰਮਾਈ, ਜਿਵੇਂ ਉਹ ਕੋਈ ਮਰਦ ਹੋਵੇ। ਛੇਤੀ ਹੀ ਉਸ ਦੀਆਂ ਦਾਸੀਆਂ ਨੇ ਉਸ ਨੂੰ ਸਭ ਗੱਲ ਸਮਝਾ ਦਿਤੀ। ਪਰ ਨੀਲੋਫ਼ਰ ਦਾ ਅੰਦਰਲਾ ਨਹੀਂ ਮੰਨ ਸਕਦਾ ਸੀ ਕਿ ਉਹ ਮਰਦ ਨਹੀਂ। ਉਹ ਉਸ ਨੂੰ ਸੋਹਣਾ ਲਗਦਾ ਸੀ। ਉਸ ਦੇ ਗਲੇ ਵਿਚ ਮਰਦ ਸੰਗੀਤਕਾਰ ਦੀ ਮਧੁਰਤਾ ਸੀ, ਔਖਾ ਤੇ ਭਾਰਾ ਕੰਮ ਕਰਨ ਲਈ ਮਰਦਾਂ ਵਾਲ ਬਲ ਸੀ। ਭਾਵੇਂ ਉਸ ਨੂੰ ਹਰਮ ਅੰਦਰ ਔਰਤਾਂ ਵਾਲੀ ਪੁਸ਼ਾਕ ਪਾਉਣ ਦੀ ਆਗਿਆ ਸੀ, ਕੁਮਾਰੀ ਨੀਲੋਫ਼ਰ ਨੇ ਇਕ ਦਿਨ ਉਸ ਨੂੰ ਆਪਣੇ ਪਿਤਾ ਦਾ ਉਤਾਰ ਪਵਾ ਕੇ ਵੇਖਿਆ। ਹਰ ਇਕ ਕਪੜਾ ਉਸ ਦੇ ਘੁਟਵੇਂ ਸਰੀਰ ਤੇ ਗਠ ਗਿਆ। ਉਹ ਤਾਂ ਕੋਈ ਸ਼ਾਹਜ਼ਾਦਾ ਲਗਦਾ ਸੀ। ਸ਼ਾਹਜ਼ਾਦੀ ਨੀਲੋਫ਼ਰ ਨੇ ਡੂੰਘਾ ਸਾਹ ਖਿੱਚਦਿਆਂ ਦਿਲ ਹੀ ਦਿਲ ਵਿਚ ਕਿਹਾ, "ਯਾਕੂਤ, ਜੇ ਕਿਤੇ ਤੂੰ ਮਰਦ ਹੁੰਦੋਂ !" ਸ਼ੀਸ਼ੇ ਦੇ ਸਾਹਮਣੇ ਲਿਜਾ ਕੇ ਸ਼ਾਹਜ਼ਾਦੀ ਨੇ ਉਸ ਨੂੰ ਉਸ ਲਿਬਾਸ ਵਿਚ ਦਿਖਾਇਆ। ਸ਼ੀਸ਼ੇ ਵਿਚ ਤਕ ਕੇ ਯਾਕੂਤ ਨੂੰ ਜਿਵੇਂ ਆਪਣੇ ਆਪ ਤੇ ਸ਼ੱਕ ਹੋਇਆ। ਉਸ ਸ਼ੀਸ਼ੇ ਵੱਲੋਂ ਹਟ ਕੇ ਆਪਣੇ

ਆਪ ਵਲ ਤੱਕਿਆ ਅਤੇ ਫੇਰ ਮੁੜ ਸ਼ੀਸ਼ੇ ਵਿਚ ਦੇਖਦਿਆਂ ਹੀ ਉਸ ਵਿਚ ਇਕ ਮਰਦਾਊਪੁਣੇ ਵਾਲੀ ਆਕੜ ਦਾ ਅੰਦਾਜ਼ਾ ਸ਼ਹਿਜ਼ਾਦੀ ਨੇ ਅਨੁਭਵ ਕੀਤਾ। ਤੇ ਉਸ ਦੇ ਮੂੰਹੋਂ ਬੇਵਸਾ ਨਿਕਲ ਗਿਆ, "ਯਾਕੂਤ, ਤੂੰ ਤੇ ਮਰਦ ਹੈਂ!" ਯਾਕੂਤ ਝਟ ਜ਼ਨਾਨੀਆਂ ਵਾਂਗ ਸ਼ਰਮਾ ਕੇ ਖੁਸਰਿਆਂ ਵਾਲੀਆਂ ਹਰਕਤਾਂ ਕਰਨ ਲਗ ਪਿਆ।

ਯਾਕੂਤ ਨੂੰ ਕਦੇ ਕਦੇ ਸ਼ਾਹ ਨੂੰ ਸ਼ਰਾਬ ਪੇਸ਼ ਕਰਨੀ ਪੈਂਦੀ ਸੀ। ਉਸ ਦੀ ਬੋ ਉਸ ਨੂੰ ਭੈੜੀ ਲਗਦੀ ਸੀ। ਯਾਕੂਤ ਦਿਆਂ ਸਾਥੀਆਂ ਤੇ ਹੋਰ ਦਾਸੀਆਂ ਤੋਂ ਜਦ ਨੀਲੋਫ਼ਰ ਨੂੰ ਇਹ ਪਤਾ ਲੱਗਾ ਤਾਂ ਜਿਵੇਂ ਕਿਵੇਂ ਉਸ ਨੂੰ ਇਸ ਸੇਵਾ ਤੋਂ ਹਟਾ ਦਿੱਤਾ ਗਿਆ। ਨੀਲੋਫ਼ਰ ਨੇ ਕਈ ਵਾਰੀ ਪਰਤਾਇਆ ਕਿ ਉਸ ਦੇ ਦਿਲ-ਬਹਿਲਾਵੇ ਦੇ ਨਾਚਾਂ ਵਿਚ ਆਮ ਤੌਰ ਤੇ ਯਾਕੂਤ ਮਰਦਾਂ ਦਾ ਪਾਰਟ ਅਦਾ ਕਰਦਾ ਸੀ। ਜੇ ਕਦੇ ਉਸ ਨੂੰ ਇਸਤ੍ਰੀ ਦਾ ਪਾਰਟ ਦਿੱਤਾ ਜਾਂਦਾ ਤਾਂ ਉਹ ਬੁਰੀ ਤਰ੍ਹਾਂ ਅਸਫਲ ਰਹਿੰਦਾ। ਨੀਲੋਫ਼ਰ ਸਦਾ ਦਿਲ ਵਿਚ ਕਹਿੰਦੀ, "ਯਾਕੂਤ, ਤੈਨੂੰ ਖ਼ੁਦਾ ਨੇ ਮਰਦ ਹੀ ਬਣਾਇਆ ਸੀ, ਪਰ ਮੇਰੀ ਕਿਸਮਤ ਹੀ ਭੈੜੀ ਸੀ !" ਯਾਕੂਤ ਮਰਦਾਂ ਜਿੰਨਾ ਤਕੜਾ ਸੀ, ਪਰ ਹੌਸਲਾ ਉਸ ਵਿਚ ਡਰਾਕਲ ਇਸਤ੍ਰੀਆਂ ਜਿੰਨਾਂ ਵੀ ਨਹੀਂ ਸੀ।

ਇਕ ਦਿਨ ਸ਼ਾਹ ਬਾਹਰ ਦੌਰੇ ਤੇ ਗਿਆ ਹੋਇਆ ਸੀ। ਰਾਜਧਾਨੀ ਵਿਚ ਉਸ ਦਾ ਭਤੀਜਾ ਮੁਰਾਦ ਰਹਿ ਗਿਆ ਸੀ। ਬੇਗਮ ਸਮਝਦੀ ਸੀ ਕਿ ਇਸ ਉਮਰ ਤੋਂ ਪਹਿਲਾਂ ਨੀਲੋਫ਼ਰ ਦੀ ਸ਼ਾਦੀ ਹੋ ਜਾਣੀ ਚਾਹੀਦੀ ਸੀ। ਜਿਉਂ ਜਿਉਂ ਆਪਣੀਆਂ ਬਦਕਾਰੀਆਂ ਕਰਕੇ ਮੁਰਾਦ, ਸ਼ਾਹ ਦੇ ਦਿਲੋਂ ਲੱਥਦਾ ਜਾਂਦਾ, ਬੇਗਮ ਦੇ ਮਨ ਵਿਚ ਨੀਲੋਫ਼ਰ ਦੀ ਸ਼ਾਦੀ ਮੁਰਾਦ ਨਾਲ ਛੇਤੀ ਤੋਂ ਛੇਤੀ ਕਰਨ ਦਾ ਖ਼ਿਆਲ ਵੱਧਦਾ ਜਾਂਦਾ। ਮੁਰਾਦ ਉਸ ਰਾਤ ਬਦਮਸਤੀ ਦੀ ਹਾਲਾਤ ਵਿਚ ਹਰਮ ਵਿਚ ਗਿਆ ਤੇ ਉਸ ਦੀਆਂ ਦਾਸੀਆਂ ਨੂੰ ਡਰਾ ਧਮਕਾ ਬਾਹਰ ਕੱਢ ਦਿੱਤਾ। ਦੇਰ ਕਰਨ ਵਾਲੀਆਂ ਨੂੰ ਇਕ ਦੋ ਕੜੇ ਵੀ ਪੈ ਗਏ।

ਨੀਲੋਫ਼ਰ ਨੂੰ ਮੁਰਾਦ ਬਹੁਤ ਭੈੜਾ ਲੱਗਦਾ ਸੀ। ਇਸ ਬਦਮਸਤ ਹਾਲਤ ਵਿਚ ਉਹ ਉਸ ਨੂੰ ਹੋਰ ਵੀ ਭੈੜਾ ਲੱਗਾ। "ਬਾਹਰ ਨਿਕਲ ਜਾ ਮੁਰਾਦ !" ਉਸ ਨੇ ਸ਼ਰਾਬ ਦੀ ਬਦਬੂ ਨੂੰ ਕੀਮਤੀ ਰੇਸ਼ਮੀ ਦੁਪੱਟੇ ਨਾਲ ਰੋਕਦਿਆਂ ਕਿਹਾ।

ਮੁਰਾਦ ਨੇ ਸ਼ਰਾਬੀਆਂ ਵਾਂਗ ਗੱਲ ਲਮਕਾਉਂਦਿਆਂ ਕਿਹਾ, "ਮੇਰੀ ਨੀਲੋਫ਼ਰ ਵੀ ਮੈਨੂੰ ਇਵੇਂ ਕਹੇਗੀ ?" ਤੇ ਉਹ ਉਸ ਨੂੰ ਆਪਣੇ ਨਾਲ ਘੁਟਣ ਦੇ ਖ਼ਿਆਲ ਨਾਲ ਅੱਗੇ ਵਧਿਆ। ਨਫ਼ਰਤ ਨੇ ਜ਼ੋਰ ਪਾਇਆ ਤੇ ਨੀਲੋਫ਼ਰ ਨਾਲ ਦੇ ਕਮਰੇ ਵਿਚੋਂ ਹਥਿਆਰ ਲੈਣ

ਲਈ ਵਧੀ। ਮੁਰਾਦ ਨੇ ਖ਼ਜ਼ਰ ਕੱਢ ਕੇ ਰਾਹ ਰੋਕ ਲਿਆ ਤੇ ਕਿਹਾ, "ਖ਼ਬਰਦਾਰ ਜੇ ਅੱਗੇ ਵਧੀ। ਜੋ ਮੈਂ ਕਹਿੰਦਾ ਹਾਂ, ਤੈਨੂੰ ਕਰਨਾ ਹੋਵੇਗਾ।"

ਨੀਲੋਫ਼ਰ ਉਸ ਨੂੰ ਮੌਤ ਤੋਂ ਕਿਤੇ ਵੱਧ ਨਫ਼ਰਤ ਕਰਦੀ ਸੀ। ਉਹ ਕਮਰੇ ਵੱਲ ਵਧਣ ਲਈ ਤੱਤਪਰ ਸੀ। ਮੁਰਾਦ ਸ਼ਾਇਦ ਹਥਿਆਰ ਨਾਲ ਉਸ ਦਾ ਮੁਕਾਬਲਾ ਨਹੀਂ ਸੀ ਕਰ ਸਕਦਾ। ਉਸ ਨੇ ਖ਼ੰਜਰ ਦਾ ਦਸਤਾ ਨੀਲੋਫ਼ਰ ਦੇ ਸਿਰ ਵਿਚ ਮਾਰਿਆ ਅਤੇ ਉਹ ਬਿਨਾਂ ਚੀਕ ਮਾਰਿਆਂ ਗਦੈਲਿਆਂ ਤੇ ਡਿੱਗ ਪਈ। ਅਚਾਨਕ ਸ਼ਮਾਦਾਨ ਟੁੱਟ ਗਿਆ ਤੇ ਕਿਸੇ ਕਰੜੇ ਹੱਥ ਨੇ ਮੁਰਾਦ ਦਾ ਖ਼ੰਜਰ ਵਾਲਾ ਹੱਥ ਕਾਬੂ ਕਰ ਲਿਆ ਤੇ ਦੂਜੀ ਕਰੜੀ ਲੋਹੇ ਵਰਗੀ ਬਾਂਹ ਉਸ ਦੇ ਗਲ ਦਵਾਲੇ ਪੈ ਗਈ। ਉਸ ਦੀ ਦੱਬ ਨੇ ਉਸ ਦੀ ਚੀਕ ਵੀ ਨਾ ਨਿਕਲਣ ਦਿੱਤੀ। ਦੂਜੇ ਪਲ ਹੀਂ ਉਸ ਨੂੰ ਧੂਹ ਕੇ ਕਿਸੇ ਲਾਗਲੀਆਂ ਪੌੜੀਆਂ ਵਿਚ ਐਸਾ ਧੱਕਾ ਦਿੱਤਾ ਕਿ ਉਹ ਪੁੱਠਾ ਸਿੱਧਾ ਰਿੜ੍ਹਦਾ ਥੱਲੇ ਜਾ ਪਿਆ ਅਤੇ ਚੀਕਾਂ ਮਾਰਨ ਲੱਗਾ। ਦਾਸੀਆਂ ਤੇ ਖੁਸਰੇ-ਨਫ਼ਰ ਉਥੇ ਪਹੁੰਚੇ। ਮੁਰਾਦ ਬੇਹੋਸ਼ ਪਿਆ ਸੀ। ਕੁਝ ਦਾਸੀਆਂ ਨੀਲੋਫ਼ਰ ਦੇ ਕਮਰੇ ਵਿਚ ਲੋਅ ਲੈ ਕੇ ਆਈਆਂ। ਨੀਲੋਫ਼ਰ ਵੀ ਬੇਹੋਸ਼ ਸੀ। ਸ਼ਾਹੀ ਹਕੀਮ ਨੂੰ ਸੱਦਿਆ ਗਿਆ। ਮੁਰਾਦ ਦੇ ਜ਼ਖ਼ਮਾਂ ਦਾ ਇਲਾਜ ਹੋਣ ਲੱਗਾ ਤੇ ਨੀਲੋਫ਼ਰ ਦੀ ਸੱਟ ਉਤੇ ਮੱਠਾ ਮੱਠਾ ਸੇਕ। ਮੁਰਾਦ ਦੀ ਜ਼ਬਾਨੀ ਇਹ ਗੱਲ ਸਾਰੇ ਸ਼ਹਿਰ ਵਿਚ ਫੈਲ ਗਈ ਕਿ ਕਿਸੇ ਦੇਓ ਨੇ ਨੀਲੋਫ਼ਰ ਨੂੰ ਆਪਣੇ ਵਸ ਕਰ ਲਿਆ ਹੋਇਆ ਹੈ, ਨਹੀਂ ਤੇ ਉਹ ਮੇਰੇ ਨਾਲ ਕਦੇ ਦੀ ਵਿਆਹ ਕਰ ਚੁੱਕੀ ਹੁੰਦੀ।

ਨੀਲੋਫ਼ਰ ਨੇ ਸ਼ਾਹ ਦੇ ਆਉਣ ਤੇ ਆਪਣੇ ਮੱਥੇ ਤੇ ਲੱਗੀ ਸੱਟ ਦਾ ਕਾਰਨ ਦੱਸਿਆ ਤੇ ਸਾਫ਼ ਕਹਿ ਦਿੱਤਾ ਕਿ ਉਸ ਐਸੇ ਜ਼ਾਲਮ ਨਾਲ ਕਦੇ ਸ਼ਾਦੀ ਕਰਨ ਲਈ ਤਿਆਰ ਨਹੀਂ। ਸੱਟ ਦਾ ਕਾਰਨ ਸੁਣ ਕੇ ਸ਼ਾਹ ਨੂੰ ਬੜਾ ਗੁੱਸਾ ਚੜ੍ਹਿਆ, ਪਰ ਨੀਲੋਫ਼ਰ ਦੇ ਵਿਆਹ ਨਾ ਕਰਾਉਣ ਦਾ ਇਰਾਦਾ ਸੁਣ ਕੇ ਉਹ ਹੱਸਿਆ।

ਕਈ ਮਹੀਨੇ ਗੁਜ਼ਰ ਗਏ। ਸ਼ਾਹਜ਼ਾਦੀ ਮੁਰਾਦ ਨਾਲ ਸ਼ਾਦੀ ਕਰਾਉਣੀ ਨਾ ਮੰਨੀ। ਮੁਰਾਦ ਰਾਜ ਦੇ ਬਹੁਤਿਆਂ ਅਹਿਲਕਾਰਾਂ ਨੂੰ ਆਪਣੇ ਵੱਲ ਕਰ ਕੇ ਸ਼ਾਹ ਨੂੰ ਵਿਆਹ ਲਈ ਮਜਬੂਰ ਕਰ ਰਿਹਾ ਸੀ ਤੇ ਕਦੇ ਕਦੇ ਬਗ਼ਾਵਤ ਦਾ ਰੁਹਬ ਵੀ ਦੇਂਦਾ ਸੀ। ਸ਼ਾਹ ਨੇ ਨੀਲੋਫ਼ਰ ਨੂੰ ਵਿਆਹ ਲਈ ਕਿਹਾ, ਪਰ ਉਸ ਨੇ ਮੁਰਾਦ ਨਾਲ ਵਿਆਹ ਕਰਨ ਤੋਂ ਸਾਫ਼ ਨਾਂਹ ਕਰ ਦਿੱਤੀ। ਭੂਤਾਂ, ਪ੍ਰੇਤਾਂ, ਦੇਵਾਂ ਤੋਂ ਰੱਖਿਆ ਦੇ ਸਾਧਨ ਵਰਤੇ ਗਏ, ਪਰ ਨੀਲੋਫ਼ਰ ਕਹਿੰਦੀ ਕਿ ਮੇਰੇ ਤੇ ਕਿਸੇ ਦੇਓ, ਪਰੀ, ਆਦਿ ਦਾ ਸਾਇਆ ਨਹੀਂ।

ਇਸ ਅਰਸੇ ਵਿਚ ਸ਼ਾਹਜ਼ਾਦੀ ਨਾਚ-ਨਾਟਕ ਤਿਆਰ ਕਰਾਉਂਦੀ। ਮਰਦ ਪਾਤਰ ਉਸ ਵਿਚ ਸਦਾ ਯਾਕੂਤ ਹੁੰਦਾ। ਉਹ ਉਸ ਨੂੰ ਜੰਗ-ਨਾਮਾ ਪੜ੍ਹ ਪੜ੍ਹ ਕੇ ਸੁਣਾਉਂਦੀ, ਰੁਸਤਮ ਸੁਹਰਾਬ ਦੀ ਲੜਾਈ ਦਿਖਾਉਂਦੀ ਤੇ ਹਾਤਮਤਾਈ ਅਤੇ ਕਈ ਬਹਾਦਰਾਂ ਦੇ ਕਾਰਨਾਮੇ ਉਸ ਨੂੰ ਦੱਸਦੀ, ਉਸ ਨਾਲ ਸ਼ਸਤਰ ਚਲਾਉਣ ਦਾ ਅਭਿਆਸ ਕਰਦੀ, ਜਿਸ ਨਾਲ ਯਾਕੂਤ ਨੂੰ ਅਸਤਰ ਸ਼ਸ਼ਤਰ ਚਲਾਉਣ ਦਾ ਵੱਲ ਆ ਗਿਆ। ਜਦ ਉਹ ਕਿਸੇ ਬਹਾਦਰ ਦਾ ਪਾਰਟ ਕਰਦਾ ਤਾਂ ਉਹ ਨਿਰਾ ਮਨੁੱਖ ਲੱਗਦਾ ਤੇ ਸ਼ਾਹਜ਼ਾਦੀ ਉਸ ਦੇ ਕੰਨ ਵਿਚ ਕਹਿੰਦੀ, "ਯਾਕੂਤ ਤੂੰ ਤੇ ਨਿਰਾ ਮਰਦ ਹੈਂ ! ਮੈਂ ਤੈਨੂੰ ਪਿਆਰ ਕਰਦੀ ਹਾਂ !" ਮਰਦਾਂ ਵਾਂਗ ਯਾਕੂਤ ਦੀ ਛਾਤੀ ਉਭਰਦੀ ਤੇ ਬਹਿ ਜਾਂਦੀ। ਪਰ ਸ਼ਾਹਜ਼ਾਦੀ ਕੰਨ ਵਿਚ ਫੇਰ ਕਹਿੰਦੀ, "ਮੈਨੂੰ ਪਤਾ ਹੈ ਯਾਕੂਤ, ਤੂੰ ਇਕ ਵਾਰੀ ਇਕ ਰਾਕਸ਼ ਕੋਲੋਂ ਮੇਰੇ ਸਤ ਦੀ ਰੱਖਿਆ ਕੀਤੀ ਹੈ, ਮੈਂ ਸਭ ਕੁਝ ਜਾਣਦੀ ਹਾਂ। ਮੈਂ ਫੇਰ ਵੀ ਔਰਤ ਹਾਂ ਤੇ ਤੂੰ ਮੇਰੀ ਰੱਖਿਆ ਫੇਰ ਵੀ ਕਰ ਸਕਦਾ ਹੈਂ। ਮੈਂ ਤੈਨੂੰ ਆਪਣਾ ਪਤੀ ਸਮਝਦੀ ਹਾਂ।" ਯਾਕੂਤ ਕੰਬ ਉੱਠਦਾ। ਪਤਾ ਨਹੀਂ ਆਪਣੀ ਕਮਜ਼ੋਰੀ ਨੂੰ ਜਾਣ ਕੇ ਜਾਂ ਕਿਸੇ ਹੋਰ ਕਾਰਨ। ਯਾਕੂਤ ਲਈ ਸ਼ਾਹਜ਼ਾਦੀ ਦੀ ਚਾਹ ਦਾ ਕਿੱਸਾ ਕੰਨੋਂ ਕੰਨੀ ਫੈਲ ਗਿਆ। ਇਕ ਦਿਨ ਮੁਰਾਦ ਸੋਫ਼ੀ ਹਾਲਤ ਵਿਚ ਨੀਲੋਫ਼ਰ ਨੂੰ ਮਿਲਣ ਆਇਆ, ਪਰ ਉਹ ਉਸ ਨੂੰ ਚੰਗੀ ਤਰ੍ਹਾਂ ਨਾ ਮਿਲੀ। ਉਸ ਨੇ ਵਿਆਹ ਦੀ ਪੇਸ਼ਕਸ਼ ਠੁਕਰਾ ਦਿੱਤੀ। ਮੁਰਾਦ ਨੇ ਯਾਕੂਤ ਨੂੰ ਸੱਦ ਭੇਜਿਆ ਤੇ ਉਸ ਨੂੰ ਡਰਾਇਆ ਧਮਕਾਇਆ। ਯਾਕੂਤ ਚੁੱਪ ਰਿਹਾ। ਫੇਰ ਉਹ ਯਾਕੂਤ ਨੂੰ ਥੱਲੇ ਲੈ ਗਿਆ ਤੇ ਸਮਝਾਇਆ, "ਤੇਰੀ ਆੜ ਵਿਚ ਜ਼ਰੂਰ ਸ਼ਾਹਜ਼ਾਦੀ ਕਿਸੇ ਹੋਰ ਮਰਦ ਨੂੰ ਪਿਆਰ ਕਰਦੀ ਹੈ, ਨਹੀਂ ਤੇ ਉਹ ਮੇਰੇ ਨਾਲ ਵਿਆਹ ਕਿਉਂ ਨਾ ਕਰੇ ! ਉਹ ਬਦ-ਚਲਨ......"

ਇਹ ਸੁਣਦਿਆਂ ਹੀ ਯਾਕੂਤ ਦਾ ਮੂੰਹ ਤਮ-ਤਮਾ ਉਠਿਆ ਤੇ ਉਸ ਭੱਜ ਕੇ ਵਰਾਂਡੇ ਵਿਚੋਂ ਸਜਾਵਟ ਲਈ ਟੰਗੀ ਢਾਲ ਤਲਵਾਰ ਖਿੱਚ ਲਈ ਤੇ ਨੀਲੋਫ਼ਰ ਦੀ ਇੱਜ਼ਤ ਦੇ ਨਾਂ ਤੇ ਲੜਨ ਲਈ ਵੰਗਾਰਿਆ। ਇਸਤ੍ਰੀਆਂ ਦੇ ਵੇਸ ਵਿਚ ਯਾਕੂਤ ਨਾਲ ਲੜਨ ਦੇ ਖ਼ਿਆਲ ਤੇ, ਜਿਸ ਦੀ ਅਸਲੀਅਤ ਨੂੰ ਮੁਰਾਦ ਚੰਗੀ ਤਰ੍ਹਾਂ ਜਾਣਦਾ ਸੀ, ਮੁਰਾਦ ਖਿੜ-ਖਿੜਾ ਕੇ ਹੱਸਿਆ। ਪੈਂਤੜਾ ਬਦਲ ਕੇ ਯਾਕੂਤ ਮਰਦਾਂ ਵਾਂਗ ਗੱਜਿਆ ਤੇ ਲਲਕਾਰਿਆ। ਉਸ ਕਿਹਾ, ਜੇ ਤੂੰ ਛੇਤੀ ਹੀ ਸ਼ਸਤਰ ਨਾ ਪਕੜਿਆ ਤਾਂ ਮੈਂ ਵਾਰ ਕਰ ਦਿਆਂਗਾ।"

ਯਾਕੂਤ ਦੇ ਮੂੰਹ ਤੇ ਸੱਚ ਬੋਲਣ ਵਾਲੇ ਵਰਗੀ ਕਰੜਾਈ ਸੀ। ਵਾਰ ਆਉਣ ਤੋਂ ਪਹਿਲੋਂ ਮੁਰਾਦ ਚੁਸਤ ਹੋ ਗਿਆ। ਉਸ ਦੀ ਢਾਲ ਤੇ ਮਸੀਂ ਯਾਕੂਤ ਦਾ ਭਰਪੂਰ ਹੱਥ

ਰੁਕਿਆ। ਮੁਰਾਦ ਦੇ ਵਾਰ ਯਾਕੂਤ ਸੌਖੇ ਹੀ ਰੋਕ ਰਿਹਾ ਸੀ। ਯਾਕੂਤ ਦੇ ਭਾਰੇ ਵਾਰ ਮੁਰਾਦ ਦੇ ਢਾਲ ਪਿਛਲੇ ਹੱਥ ਨੂੰ ਕੰਬਾ ਰਹੇ ਸਨ। ਕੜੱਕ, ਟੰਨ ਛੰਨਨ ਨ ਦੀ ਆਵਾਜ਼ ਨਾਲ ਮੁਰਾਦ ਦੀ ਤਲਵਾਰ ਟੁੱਟ ਕੇ ਔਹ ਜਾ ਪਈ। ਮੁਰਾਦ ਮੁੜ੍ਹਕੋ ਮੁੜ੍ਹਕੀ ਹੋਇਆ ਹੋਇਆ ਸੀ। ਉਹ ਇਹ ਕਹਿ ਕੇ ਨਿਕਲ ਭੱਜਿਆ ਕਿ ਤੇਰੇ ਨਾਲ ਮੈਂ ਫੇਰ ਸਿਝਾਂਗਾ। ਯਾਕੂਤ ਨੇ ਵੇਖਿਆ, ਉਪਰ ਖੜੀ ਸ਼ਾਹਜ਼ਾਦੀ ਮੁਸ਼ਕਾ ਰਹੀ ਸੀ। ਕਿਸੇ ਪਿਆਰ-ਸ਼ਹੀਦਣ ਵਰਗੀ ਉਸ ਦੀ ਚਿਤਵਨ ਸੀ।

ਉਸੇ ਦਿਨ ਯਾਕੂਤ ਨੂੰ ਪਕੜ ਕੇ ਸ਼ਾਹੀ ਹਕੀਮ ਦੇ ਪੇਸ਼ ਕੀਤਾ ਗਿਆ। ਨਿਸ਼ਾਨ ਤੇ ਜ਼ਖਮ ਸਭ ਰੋਜ਼ਨਾਮਚੇ ਵਾਲੇ ਸਨ, ਪਰ ਉਹ ਹਰ ਤਰ੍ਹਾਂ ਪੂਰਾ ਮਰਦ ਸੀ। ਸ਼ਾਹ ਵਲ ਭੇਜਿਆ ਯਾਕੂਤ ਰਸਤੇ ਵਿਚੋਂ ਹੀ ਭੱਜ ਨਿਕਲਿਆ। ਨੀਲੋਫ਼ਰ ਉੱਤੇ ਮੁੱਲਾਂ ਤੇ ਕਾਜ਼ੀ ਨੇ ਜਾਦੂਗਰਨੀ ਹੋਣ ਦਾ ਦੋਸ਼ ਲਾਇਆ ਤੇ ਕਾਜ਼ੀ ਨੇ ਉਸ ਨੂੰ ਸੰਗ-ਸਾਰੀ ਦੀ ਸਜ਼ਾ ਦਿੱਤੀ। ਸ਼ਾਹ ਇਸ ਸਜ਼ਾ ਨਾਲ ਸਹਿਮਤ ਸੀ। ਪਰ ਜਿਸ ਦਿਨ ਪੱਥਰ ਮਾਰ ਮਾਰ ਕੇ ਨੀਲੋਫ਼ਰ ਨੂੰ ਮਾਰਿਆ ਜਾਣਾ ਸੀ, ਉਸ ਦਿਨ ਸ਼ਾਹ-ਪਿਤਾ ਆਪਣੀ ਇਕਲੋਤੀ ਧੀ ਦੇ ਬਚ ਜਾਣ ਲਈ ਮਨ ਵਿਚ ਦੁਆ ਕਰ ਰਿਹਾ ਸੀ।

ਐਨ ਸੰਗ-ਸਾਹਰੀ ਦੇ ਵੇਲੇ ਯਾਕੂਤ ਸੌ ਕੁ ਘੋੜ-ਸਵਾਰਾਂ ਨਾਲ 'ਯਾਕੂਤ' ਦਾ ਨਾਹਰਾ ਲਾਉਂਦਾ ਆ ਵੜਿਆ। ਛੋਟੀ ਜਹੀ ਲੜਾਈ ਮਗਰੋਂ ਮੁਰਾਦ ਯਾਕੂਤ ਦੇ ਹੱਥੋਂ ਮਾਰਿਆ ਗਿਆ ਤੇ ਯਾਕੂਤ ਸ਼ਹਿਜ਼ਾਦੀ ਨੂੰ ਆਪਣੇ ਘੋੜੇ ਤੇ ਬਿਠਾ ਕੇ ਨਿਕਲ ਗਿਆ। ਸ਼ਾਹਜ਼ਾਦੀ ਦੇ ਜੋ ਆਖਰੀ ਸ਼ਬਦ ਸੁਣੇ ਗਏ, ਉਹ ਇਹ ਸਨ--- "ਇਨਸਾਨ ਕੀ ਕੁਝ ਨਹੀਂ ਕਰ ਸਕਦਾ?"

-0-

# ਇਕ ਕਹਾਣੀ ਜਿਹੜੀ ਕਹਾਣੀ ਨਹੀਂ

ਮੈਂ ਇਕ ਨਾਟਕ-ਘਰ ਵਿਚ ਸਾਂ। ਆਪਣੇ ਸਾਥੀਆਂ ਸਾਥਣਾਂ ਨੂੰ ਸਟੇਜ ਦੇ ਲਾਗੇ ਪਹਿਲੀ ਬੈਂਚ ਤੇ ਬਿਠਾ ਕੇ ਮੈਂ ਉਸ ਤੋਂ ਵੀ ਅੱਗੇ ਸਟੇਜ ਤੇ ਬੈਂਚਾਂ ਵਿਚਕਾਰ ਛੱਡੀ ਕੁਝ ਫ਼ੁਟ ਖ਼ਾਲੀ ਥਾਂ ਤੇ ਭੁੰਜੇ ਹੀ ਬੈਠ ਗਿਆ ਸਾਂ। ਕੁਝ ਚਿਰ ਮਗਰੋਂ ਆਲੇ ਦੁਆਲੇ ਦੇਖਿਆ। ਮੈਂ ਇਕੱਲਾ ਹੀ ਭੁੱਜੇ ਬੈਠਾ ਸਾਂ। ਕੁਝ ਹੈਰਾਨੀ ਜਹੀ ਪਰਤੀਤ ਹੋਈ ਆਪਣੀ ਸਮਝ ਤੇ। ਜਿਥੇ ਮੈਂ ਬੈਠਾ ਸਾਂ, ਕੁਝ ਵਿਛਿਆ ਵੀ ਨਹੀਂ ਸੀ ਹੋਇਆ। ਤੇ ਕੁਝ ਹੈਰਾਨੀ ਨਾਟਕ ਦਾ ਪ੍ਰਬੰਧ ਕਰਨ ਵਾਲਿਆਂ ਦੀ ਅਕਲ ਤੇ ਵੀ ਹੋਈ। ਸਟੇਜ ਦੀਆਂ ਲਾਗਲੀਆਂ ਸੀਟਾਂ ਬੈਂਚਾਂ ਤੇ ਸਨ, ਸੋਫ਼ਿਆਂ ਜਾਂ ਕੁਰਸੀਆਂ ਤੇ ਨਹੀਂ। ਸੋਚਿਆ ਕਿਤੇ ਨਾਟਕ ਦੀ ਥਾਂ ਇਹ ਲੋਗ ਸਿਨੇਮਾ ਤੇ ਨਹੀਂ ਦਿਖਾ ਰਹੇ। ਪਰ ਨਹੀਂ ਡਰਾਪ-ਸੀਨ ਪਰਦਾ ਨਾਟਕ ਵਾਲਾ ਹੀ ਸੀ ਤੇ ਪਰਦੇ ਪਿੱਛੇ ਕੁਝ ਹਿਲ-ਜੁਲ ਵੀ ਪ੍ਰਤੀਤ ਹੋ ਰਹੀ ਸੀ।

ਮੇਰੇ ਲਾਗੇ ਕੋਈ ਆ ਕੇ ਨਾ ਬੈਠਿਆ। ਸਭ ਤੋਂ ਅੱਗੇ ਬੈਠਿਆਂ ਵੀ ਇਕੱਲੇ ਹੋਣ ਕਰਕੇ ਮੈਨੂੰ ਸ਼ਰਮ ਪਰਤੀਤ ਹੋਈ। ਮੈਂ ਆਪਣੇ ਸਾਥੀਆਂ ਕੋਲੋਂ ਪਿਛਲੀ ਬੈਂਚ ਵਿਹਲੀ ਵੇਖ ਕੇ ਜਿਉਂ ਹੀ ਉਸ ਤੇ ਬੈਠਣ ਲੱਗਾ ਕਿ ਮੇਰੀ ਨਜ਼ਰ ਪਹੌੜੀਆਂ ਖੜਕਾ ਕੇ ਕੰਧ ਦੇ ਨਾਲ ਨਾਲ ਅਗਾਂਹ ਵਧਦੇ ਦੁਰਗੇ ਲੰਗੇ ਤੇ ਪਈ। ਮੇਰੀ ਖ਼ੁਸ਼ੀ ਦਾ ਕੋਈ ਪਾਰਾਵਾਰ ਨਾ ਰਿਹਾ। ਮੈਂ ਕੂਕਿਆ, "ਓਏ ਦੁਰਗੇ ਲੰਗੇ!" ਦੁਰਗੇ ਲੰਗੇ ਨੇ ਅਵਾਜ਼ ਸੁਣ ਕੇ ਨਜ਼ਰਾਂ ਨਾਲ ਇਉਂ ਭਾਲਣਾ ਸ਼ੁਰੂ ਕੀਤਾ ਜਿਵੇਂ ਉਹ ਨਾਟਕ-ਘਰ ਨਹੀਂ, ਸੰਸਾਰ-ਨਾਟਕ-ਘਰ ਵਿਚੋਂ ਕਿਸੇ ਆਪਣੇ ਦੀ ਭਾਲ ਕਰ ਰਿਹਾ ਹੋਵੇ। ਮੈਂ ਬੈਂਚਾਂ ਦੇ ਵਿਚੋਂ ਦੀ ਖੱਬੇ ਹੱਥ ਦੀ ਕੰਧ ਵੱਲ ਨੂੰ ਵਧਿਆ ਤਾਂ ਜੁ ਸਾਹਮਣੇ ਬੰਨੇ ਦੀ ਨੁੱਕਰ ਵਿਚ ਪਹੁੰਚ ਸਕਾਂ, ਜਿਥੇ ਦੁਰਗਾ ਖੜਾ ਸੀ। ਪਰ ਜਿਉਂ ਹੀ ਮੈਂ ਡਿਗਣੋਂ ਬਚਦਾ ਬਚਾਂਦਾ ਨੁੱਕਰ ਤਕ ਪਹੁੰਚਿਆ, ਖ਼ਬਰੇ ਕਿਸ ਨੇ ਸ਼ਰਾਰਤ ਨਾਲ ਬੱਤੀਆਂ ਬੁਝਾ ਦਿੱਤੀਆਂ। ਤੇ ਜਦੋਂ ਝੱਟ ਕੁ ਮਗਰੋਂ ਬੱਤੀਆਂ ਜਗੀਆਂ, ਦੁਰਗਾ ਲੰਗਾ ਉਥੇ ਨਹੀਂ ਸੀ। ਮੈਂ ਹੈਰਾਨ ਸਾਂ ਕਿ ਲੰਗਾ ਕਿਥੇ ਗੁੰਮ ਹੋ ਗਿਆ। ਮੈਂ ਇਕੱਲਾ ਤੇ ਬੇਸਹਾਰਾ ਜਿਹਾ ਮਹਿਸੂਸ ਕਰ ਕੇ ਨਿਮੋਝੂਣ ਖੜਾ ਸਾਂ ਕਿ ਝੱਟ ਮੈਨੂੰ ਕਿਸੇ ਨੇ ਆਪਣੀ ਜੱਫੀ ਵਿਚ ਕੱਸ

ਲਿਆ। ਪਹੌੜੀਆਂ ਦੇ ਡਿੱਗਣ ਦੀ ਅਵਾਜ਼ ਮੈਂ ਪਰਤੀਤ ਕੀਤੀ। "ਓਏ ਸੁਜਾਨ ! ਏਦਾਂ ਹੌਂਸਲਾ ਹਾਰੀਦਾ ਏ, ਬੱਚੂ !" ਤੇ ਮੈਂ ਦੇਖਿਆ ਦੁਰਗੇ ਲੰਗੇ ਦੀਆਂ ਲੱਤਾਂ ਸਾਬਤ ਸਨ। ਉਹ ਦ੍ਰਿੜਤਾ ਨਾਲ ਖੜਾ ਹੀ ਨਹੀਂ ਸੀ ਮੈਨੂੰ ਵੀ ਸਹਾਰਾ ਦੇ ਰਿਹਾ ਸੀ। "ਕੀ ਹੋਇਆ ਈ, ਓਏ? ਬਹਿੰਦਾ ਹੀ ਜਾਂਦਾ ਐ ?" ਉਸ ਨੇ ਮੈਨੂੰ ਆਪਣੀ ਜੱਫੀ ਵਿਚੋਂ ਹਿਠਾਂਹ ਤਿਲ੍ਹਕਦਿਆਂ ਮਹਿਸੂਸ ਕਰ ਕੇ ਕਿਹਾ। "ਮੈਨੂੰ ਭੁੰਜੇ ਬਿਠਾ ਦੇ ਦੁਰਗਿਆ", ਮੈਂ ਕਿਹਾ, "ਏਨੇ ਚਿਰਾਂ ਮਗਰੋਂ ਤੈਨੂੰ ਗੁਆਚੇ ਹੋਏ ਨੂੰ ਲੱਭ ਕੇ ਮੈਨੂੰ ਸਾਹ ਚੜ੍ਹ ਗਿਆ ਈ।" "ਓਏ, ਸੁਜਾਨ ਤੂੰ ਤੇ ਬੜਾ ਕਮਦਿਲਾ ਨਿਕਲਿਆ। ਮੈਂ ਤੇ ਤੈਨੂੰ ਬੜਾ ਦਿਲ-ਵਾਲਾ ਸਮਝਦਾ ਸਾਂ।" ਮੈਂ ਓਨੇ ਚਿਰ ਵਿਚ ਕੁਝ ਅਰਾਮ ਪਾ ਕੇ ਆਪਣੀ ਪੈਰੀਂ ਖਲੋ ਗਿਆ ਸਾਂ। "ਅੱਜ ਦਾ ਡਰਾਮਾ ਮੇਰੇ ਜੀਵਨ ਵਿਚੋਂ ਨਿਕਲਿਆ ਈ, ਸੁਜਾਨ ! ਜਿਸ ਨੂੰ ਡਾਇਰੈਕਟ ਵੀ ਮੈਂ ਹੀ ਕੀਤਾ ਈ" ਅਤੇ ਬਿਨਾਂ ਪਹੌੜੀਆਂ ਤੋਂ ਦੋਹਾਂ ਸਾਬਤ ਲੱਤਾਂ ਨਾਲ ਤੁਰਦਾ ਉਹ ਸਟੇਜ ਕੋਲੋਂ ਜਾ ਕੇ ਛਾਲ ਮਾਰ ਕੇ ਸਟੇਜ ਤੇ ਚੜ੍ਹ ਗਿਆ ਤੇ ਇਕ ਬੰਨਿਓਂ ਡਰਾਪ-ਸੀਨ ਨੂੰ ਚੁੱਕ ਕੇ ਉਸ ਦੇ ਪਿੱਛੇ ਓਝਲ ਹੋ ਗਿਆ।

ਦੁਰਗਾ ਲੰਗਾ ਮੇਰਾ ਹਿੰਦੂ ਕਾਲਜ ਵਿਚ ਇੰਟਰਮੀਡੀਏਟ ਦਾ ਜਮਾਤੀ ਸੀ। ਦੋਸਤ ਤੇ ਦੁਸ਼ਮਣ ਉਸ ਨੂੰ 'ਦੁਰਗਾ ਲੰਗਾ' ਹੀ ਕਹਿੰਦੇ ਸਨ। ਇਕੋ ਸ਼ਬਦ ਆਪਣੇ ਸੰਬੋਧਨੀ ਰੂਪ ਵਿਚ ਮਿੱਤਰਾਂ ਦੇ ਪਿਆਰ ਦਾ ਤੇ ਸ਼ਤ੍ਰੂਆਂ ਦੀ ਘਿਰਣਾ ਦਾ ਸੂਚਕ ਬਣ ਜਾਂਦਾ ਹੁੰਦਾ ਸੀ। ਇਸ ਕਾਲਜ ਵਿਚ ਮੇਰੀ ਉਸ ਦੀ ਮਿੱਤਰਤਾ ਤੇ ਕਿਤੇ ਰਹੀ, ਪੂਰੀ ਵਾਕਫ਼ੀ ਨਾ ਬਣ ਸਕੀ। ਜੇ ਬਣੀ ਤਾਂ ਦੂਜੇ ਸਾਲ ਦੇ ਕਿਤੇ ਅਖ਼ੀਰ ਜਹੇ ਤੇ ਜਾ ਕੇ। ਮੈਂ ਸਦਾ ਦਰਮਿਆਨਾ ਜਿਹਾ ਵਿਦਿਆਰਥੀ ਸਾਂ। ਖ਼ਾਸ ਖ਼ਾਸ ਵਿਦਿਆਰਥੀਆਂ ਦੀ ਨਜ਼ਰ ਮੈਂ ਨਾ ਆਪਣੀ ਲਾਇਕੀ, ਤੇ ਨਾ ਹੀ ਨਾਲਾਇਕੀ ਕਰਕੇ ਖਿੱਚ ਸਕਦਾ ਸਾਂ। ਉਂਜ ਵੀ ਗ਼ਰੀਬ ਹੋਣ ਕਰਕੇ ਅਪ-ਟੂ-ਡੇਟ ਕਪੜਿਆਂ ਦੀ ਅਣਹੋਂਦ ਵੀ ਮੈਨੂੰ ਕੋਈ ਵਿਸ਼ੇਸ਼ਤਾ ਪ੍ਰਦਾਨ ਨਹੀਂ ਸੀ ਕਰਦੀ। ਤੇ ਦੁਰਗਾ ਲੰਗਾ ਲਾਇਕ ਤੇ ਅਮੀਰ ਮੁੰਡਿਆਂ ਵਿਚੋਂ ਗਿਣਿਆ ਜਾਂਦਾ ਸੀ। ਉਹ ਕਾਲਜ ਦੀਆਂ ਕਈਆਂ ਐਕਟਿਵੀਟੀਆਂ ਦਾ ਹੀਰੋ ਸੀ। ਉਹ ਅੰਗਰੇਜ਼ੀ ਵਿਚ ਤਕਰੀਰ ਕਰਨ ਵਿਚ ਕਾਲਜ ਦਾ ਸਿਰਾ ਸੀ। ਉਸ ਨੂੰ ਅਫ਼ਸੋਸ ਸੀ ਕਿ ਉਹ ਤਕਰੀਰਾਂ ਦੇ ਮੁਕਾਬਲੇ ਵਿਚ ਇਕ ਵਾਰੀ ਇਸੇ ਕਾਲਜ ਵਿਚ ਆਪਣੇ ਇਕ ਜਮਾਤੀ ਲਾਲ ਚੰਦ ਸਹਿਗਲ ਕੋਲੋਂ ਹਾਰ ਗਿਆ ਸੀ। ਨਹੀਂ ਤੇ ਮਗਰੋਂ, ਉਸ ਨੇ ਕਦੇ ਕੋਈ ਬਹਿਸ ਮੁਕਾਬਲੇ ਵਿਚ ਨਹੀਂ ਸੀ ਹਾਰੀ। ਪੰਜਾਬ ਯੂਨੀਵਰਸਿਟੀ ਨੂੰ ਉਸ ਕਈ ਵਾਰੀ ਅੰਤਰ-ਯੂਨੀਵਰਸਿਟੀ ਮੁਕਾਬਲਿਆਂ

ਵਿਚ ਜਿਤਾਇਆ ਸੀ। ਉਹ ਨਾਟਕਾਂ ਵਿਚ ਪਾਰਟ ਵੀ ਕਰ ਲੈਂਦਾ ਸੀ, ਪਰ ਇਕ ਲੱਤ ਹੋਣ ਕਰਕੇ, ਉਸ ਨੂੰ ਇਸ ਗੱਲ ਤੇ ਅਫ਼ਸੋਸ ਸੀ ਕਿ ਉਸ ਨੂੰ ਹਰ ਨਾਟਕ ਵਿਚ ਪਾਰਟ ਨਹੀਂ ਸੀ ਮਿਲ ਸਕਦਾ। ਕਦੇ ਉਹ ਦਿਗਦਰਸ਼ਕ ਹੁੰਦਾ ਤੇ ਕਦੇ ਉਤਪਾਦਕ। ਕਿਦਾਰ ਸ਼ਰਮੇ ਨੂੰ ਉਹ ਅਕਸਰ ਕਹਿੰਦਾ, "ਬੱਚੂ, ਜੇ ਮੇਰੀ ਲੱਤ ਹੁੰਦੀ ਤਾਂ ਮੈਂ ਦੇਖਦਾ ਕਿ ਤੂੰ ਕਿਵੇਂ ਨਾਟਕਾਂ ਵਿਚ ਨਾਢੂ ਖਾਂ ਬਣਿਆ ਫਿਰਦਾ।" ਤੇ ਮਸਖ਼ਰਾ ਕਿਦਾਰ ਸ਼ਰਮਾ ਉਸ ਦੇ ਸਾਹਮਣੇ ਮੁਗਲੀਆ ਢੰਗ ਨਾਲ ਝੁਕ ਝੁਕ ਕੇ ਸਲਾਮਾਂ ਕਰਦਿਆਂ ਕਹਿੰਦਾ, "ਇਕੋ ਲੱਤ ਸੁਲੱਖਣੀ ਪਈ ਆਪਣੀ ਚਲੇ। ਨਿਉਂ ਨਿਉਂ ਕਰਨ ਸਤਮਾਂ ਦੋ ਲੱਤਾਂ ਵਾਲੇ।" ਦੁਰਗਾ ਹੱਸ ਪੈਂਦਾ ਜਿਵੇਂ ਉਸ ਦੀ ਹਉਮੈ ਨੂੰ ਕੋਈ ਤਸੱਲੀ ਮਿਲ ਗਈ ਹੁੰਦੀ ਹੈ। ਹੋਰ ਕਦੇ ਕਿਸੇ ਮੌਕੇ ਤੇ ਵੀ ਉਸ ਨੇ ਆਪਣੀ ਇਕ ਲੱਤ ਨਾ ਹੋਣ ਤੇ ਘਟੀਆ ਅਹਿਸਾਸ ਦਾ ਪ੍ਰਗਟਾ ਨਹੀਂ ਸੀ ਕੀਤਾ।

ਐਚ.ਸੀ.ਏ. ਦੀਆਂ ਚੋਣਾਂ ਵਿਚ ਉਹ ਲੀਡਰ ਬਣ ਕੇ ਭਾਗ ਲੈਂਦਾ। ਚੋਣ-ਮੁਹਿੰਮ ਸ਼ੁਰੂ ਹੁੰਦੀ, ਪੋਸਟਰ ਲੱਗਦੇ, ਤਕਰੀਰਾਂ ਹੁੰਦੀਆਂ, ਕਨਵੈਸਿੰਗ ਹੁੰਦੀ ਤੇ ਲੰਗਾ ਸਦਾ ਦੋ-ਲੱਤਿਆਂ ਦੀ ਵਿਦਿਆਰਥੀ-ਐਸੋਸੀਏਸ਼ਨ ਦਾ ਸਕੱਤਰ ਬਣਦਾ। ਹੋਰ ਤੇ ਹੋਰ ਅੰਤਰ-ਗਰੁੱਪ ਮੈਚਾਂ ਵਿਚ ਉਹ ਬਰਮਾ-ਗਰੁੱਪ ਵਲੋਂ ਗੇਂਦ-ਬੱਲੇ ਦੇ ਮੈਚ ਵਿਚ ਸ਼ਾਮਲ ਹੁੰਦਾ। ਹਾਂ, ਸੱਚ ਜੇ ਉਨ੍ਹਾਂ ਦਿਨਾਂ ਵਿਚ ਮੇਰਾ ਕੁਝ ਨੇੜੇ ਉਸ ਨਾਲ ਬਣਿਆ ਤਾਂ ਉਹ ਵੀ ਦੂਜੇ ਸਾਲ ਦੇ ਇਸੇ ਟੂਰਨਾਮੈਂਟ ਵਿਚ।

ਸਾਡੇ ਗਰੁੱਪ ਦਾ ਨਾਂ ਸੀ 'ਰਾਮਾ ਗਰੁੱਪ।' ਉਸ ਦੇ ਟਿਊਟਰ ਸਨ ਰਾਮਾ ਚੰਦ ਕੁਸ਼ਵਾ, ਹਿਸਾਬ ਦੇ ਪ੍ਰੋਫ਼ੈਸਰ। ਉਨ੍ਹਾਂ ਦੀ, ਖੇਲਾਂ ਤੇ ਛੱਡੋ, ਗਰੁੱਪ ਨਾਲ ਵੀ ਕੋਈ ਬਹੁਤੀ ਦਿਲਚਸਪੀ ਨਹੀਂ ਸੀ। ਜਦੋਂ ਆਰ. ਕੇ. ਕਪੂਰ ਨਵੇਂ ਪ੍ਰੋਫ਼ੈਸਰ ਲੱਗੇ ਤਾਂ ਉਨ੍ਹਾਂ ਨੂੰ 'ਰਾਮਾ ਗਰੁੱਪ' ਦੇ ਦਿੱਤਾ ਗਿਆ। ਉਹ ਗੌਰਮਿੰਟ ਕਾਲਜ ਲਾਹੌਰ ਦੇ ਕ੍ਰਿਕਟ ਦੇ ਖਿਡਾਰੀ ਸਨ। ਸੋ ਪਹਿਲੀ ਵਾਰ ਉਨ੍ਹਾਂ ਆਪਣਾ ਗਰੁੱਪ ਖੇਲਾਂ ਦੇ ਮੁਕਾਬਲੇ ਲਈ ਭੇਜਿਆ। ਕਾਲਜ ਦੀ ਕ੍ਰਿਕਟ ਟੀਮ ਦੇ ਛੇ ਖਿਡਾਰੀ ਬ੍ਰਹਮਾ ਗਰੁੱਪ ਵਿਚੋਂ ਸਨ ਤੇ ਸਾਡਾ ਪਹਿਲਾ ਹੀ ਮੈਚ ਉਨ੍ਹਾਂ ਨਾਲ ਪੈ ਗਿਆ। ਮੈਂ ਕਾਲਜ ਦੀ ਟੀਮ-ਵਿਚ ਗ਼ਰੀਬੀ ਕਾਰਨ ਬੂਟ ਆਦਿ ਨਾ ਖ਼ਰੀਦ ਸਕਣ ਕਰਕੇ ਨਹੀਂ ਸਾਂ ਪ੍ਰੈਕਟਿਸ ਕਰ ਸਕਦਾ। ਪਰ ਬਾਹਰ ਆਪਣੇ ਘਰ ਲਾਗਲੇ ਬਾਗ਼ ਵਿਚ ਬੱਲੇ ਨਾਲ ਠੀਹਾ-ਠੱਪਾ ਕਰਿਆ ਕਰਦਾ ਸਾਂ। ਮੈਚ ਵਿਚ ਸਾਡੇ ਟੀਊਟਰ ਸਾਹਿਬ ਵੀ ਖੇਲੇ ਤੇ ਮੈਂ ਉਨ੍ਹਾਂ ਨਾਲ ਰਲ ਕੇ ਇਕਵੰਜਾ ਦੌੜਾਂ ਬਣਾਈਆਂ। ਪ੍ਰਿੰਸੀਪਲ ਸਾਹਿਬ ਆਏ ਹੋਏ ਸਨ। ਖੇਲ ਮੁਕਣ ਤੇ ਉਨ੍ਹਾਂ ਥਾਪੀ ਦਿੱਤੀ ਤੇ ਕਿਹਾ, "ਬੇ-ਨੁਕਸ ਇਕਵੰਜਾ!" ਤੇ ਕ੍ਰਿਕਟ

ਦੇ ਇਨਚਾਰਜ ਵੱਲ ਮੁੜ ਕੇ ਕਿਹਾ, ਇਹ ਮੁੰਡਾ ਤੁਹਾਨੂੰ ਕ੍ਰਿਕਟ ਦੀ ਟੀਮ ਲਈ ਨਾ ਲੱਭਾ?" ਦੁਰਗਾ ਹਰ ਭਾਂਤ ਦੀ ਖੂਬੀ ਦਾ ਪ੍ਰਸੰਸਕ ਸੀ। ਉਹ ਮੇਰੇ ਕੋਲ ਆਇਆ। ਹੱਥ ਮਿਲਾ ਕੇ ਕਹਿਣ ਲੱਗਾ, "ਵਧਾਈਆਂ !" ਮੈਂ ਧੰਨਵਾਦ ਕੀਤਾ ਤਾਂ ਉਸ ਮੈਨੂੰ ਇਕ ਪਹੌੜੀ ਸੁੱਟ ਕੇ ਖੱਬੀ ਬਾਂਹ ਨਾਲ ਆਪਣੇ ਨਾਲ ਕੱਸ ਲਿਆ।

ਦੁਰਗਾ ਲੰਗਾ ਬੜਾ ਖ਼ੁਸ਼-ਦਿਲ ਸੀ। ਖ਼ੁਸ਼ਦਿਲੀ ਕਿਸੇ ਨੂੰ ਮਖ਼ੌਲ ਕਰਨ ਤੋਂ ਨਹੀਂ ਪਰਖੀ ਜਾਂਦੀ ਸਗੋਂ ਮਖ਼ੌਲ ਸਹਾਰ ਸਕਣ ਤੋਂ ਅਤੇ ਇਹ ਸਹਾਰਨ-ਸ਼ਕਤੀ ਉਸ ਵਿਚ ਅਥਾਹ ਸੀ। ਚੰਗੇ ਮਖ਼ੌਲ ਦੀ ਉਹ ਕਦਰ ਕਰਦਾ ਸੀ। ਹਾਜ਼ਰ-ਜਵਾਬ ਕਮਾਲ ਦਾ ਸੀ, ਪਰ ਫੇਰ ਵੀ ਚੰਗੇ ਮਖ਼ੌਲ ਦਾ ਤੁਰੰਤ ਹੋਛਾ ਜਵਾਬ ਦੇ ਕੇ ਅਪਮਾਨ ਨਹੀਂ ਸੀ ਕਰਦਾ। ਜੁਗਿੰਦਰ ਪਾਲ ਦਾ ਉਪਰਲਾ ਧੜ ਵੱਡਾ ਸੀ ਤੇ ਥੱਲੇ ਦਾ ਛੋਟਾ। ਉਹ ਉਸ ਨੂੰ ਨੈਪੋਲੀਅਨ ਕਹਿੰਦਾ ਹੁੰਦਾ ਸੀ। ਰਾਜਿੰਦਰ ਆਹਲੂਵਾਲੀਆ ਕੁੜੀਆਂ ਵਰਗਾ ਸੁਹਣਾ ਸੀ। ਉਹ ਉਸ ਨੂੰ ਫ਼੍ਰੈਂਚ ਲੇਡੀ ਕਹਿੰਦਾ ਸੀ। ਕਿਦਾਰ ਸ਼ਰਮੇ ਨੂੰ ਉਹ 'ਪੁਤਲੀ ਬਾਈ' ਕਰਕੇ ਛੇੜਦਾ ਸੀ ਤੇ ਜਦੋਂ ਉਹ ਜਵਾਬ ਵਿਚ ਖਿੱਝ ਕੇ ਕਹਿੰਦੇ, "ਬੈਠ, ਓਇ ਲੰਗਿਆ!" ਤਾਂ ਉਹ ਹੱਸ ਕੇ ਇਵੇਂ ਉਡਾ ਦਿੰਦਾ ਜਿਵੇਂ ਗੱਲ ਹੋਰ ਕਿਸੇ ਨੂੰ ਕਹੀ ਗਈ ਹੈ।

ਜੁਗਿੰਦਰ ਪਾਲ ਨੇ ਸ਼ਾਇਦ ਰੋਜ਼ ਦੇ ਮਖ਼ੌਲਾਂ ਦਾ ਬਦਲਾ ਲੈਣ ਲਈ ਇਕ ਦਿਨ ਦੁਰਗੇ ਨੂੰ ਲਾਗੇ ਦੇਖ ਕੇ ਵਿਹਲੇ ਜਮਾਤੀਆਂ ਨੂੰ ਦੁਰਗੇ ਦੇ ਦੁਆਲੇ ਇਹ ਕਹਿ ਕੇ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ ਕਿ ਆਓ ਤੁਹਾਨੂੰ ਇਕ ਬੜੀ ਦਿਲਚਸਪ ਤੇ ਨਵੀਂ ਕਹਾਣੀ ਸੁਣਾਈਏ। ਜਦ ਪੰਜਾਹ ਕੁ ਵਿਦਿਆਰਥੀ ਘੇਰਾ ਘੱਤ ਖਲੋਤੇ ਤਾਂ ਕਹਿਣ ਲੱਗਾ, "ਇਕ ਸੀ ਮੁੰਡਾ, ਬੜਾ ਚੁਸਤ ਤੇ ਚਲਾਕ। ਉਹ ਸਵੇਰੇ ਸੈਰ ਕਰਨ ਰੇਲ ਦੀ ਲਾਈਨ ਤੇ ਜਾਇਆ ਕਰੇ ਤੇ ਪਟੜੀ ਦੇ ਨਾਲ-ਨਾਲ ਦੌੜਿਆ ਕਰੇ। ਇਕ ਦਿਨ ਕਿਸੇ ਨੇ ਪੁੱਛਿਆ, "ਓਏ ਤੂੰ ਏਥੇ ਕੀ ਕਰਦੈਂ ?" ਮੁੰਡਾ ਸੀ ਹਾਜ਼ਰ-ਜਵਾਬ, ਕਹਿਣ ਲੱਗਾ, "ਮੈਂ ਰੇਲ ਗੱਡੀ ਨਾਲ ਦੌੜ ਲੌਣੀ ਐਂ। ਪਰਾਟੀਸ ਕਰਨਾਂ।" ਇਹ ਕਹਿੰਦਿਆਂ ਉਸ ਨੇ ਉਤੇ ਖੜੋਤਿਆਂ ਬਾਗ਼ ਦੀ ਬੈਂਚ ਤੇ ਬੈਠੇ ਦੁਰਗੇ ਵੱਲ ਉਤੋਂ ਦੀ ਉਂਗਲ ਲਮਕਾ ਕੇ ਇਸ਼ਾਰਾ ਕੀਤਾ, ਜੋ ਘੇਰੇ ਵਿਚ ਖਲੋਤੇ ਮੁੰਡਿਆਂ ਤਾਂ ਦੇਖ ਲਿਆ ਪਰ ਦੁਰਗੇ ਦੀ ਨਜ਼ਰੀਂ ਨਾ ਪਿਆ। ਜੁਗਿੰਦਰ ਨੇ ਗੱਲ ਤੋਰੀ ਰੱਖੀ। "ਪੁੱਛਣ ਵਾਲੇ ਨੇ ਕਿਹਾ, 'ਬੇਟਾ, ਏਦਾਂ ਨਾ ਕਰਿਆ ਕਰ। ਇਹ ਖ਼ਤਰਨਾਕ ਕੰਮ ਹੈ।" ਪਰ ਬੇਟਾ ਕਹਿਣ ਲੱਗਾ, 'ਬਸ, ਬਸ, ਲਾਲਾ ਜੀ, ਬੇਟਾ ਤਾਂ ਮੈਂ ਆਪਣੇ ਪਿਉ ਦਾ ਵੀ ਨਹੀਂ ਤੇ ਤੁਸੀਂ ਕੌਣ ਓ ਬੇਟਾ ਕਹਿਣ ਵਾਲੇ। ਮੁੰਡੇ ਖਿੜ-ਖਿੜਾ ਕੇ ਹੱਸ ਪਏ। ਪਰ ਦੁਰਗੇ ਨੂੰ ਹਾਲੀ ਵੀ

ਕੋਈ ਖ਼ਿਆਲ ਨਾ ਆਇਆ ਅਤੇ ਉਸ ਦਾ ਹਾਸਾ ਵੀ ਮੁੰਡਿਆਂ ਦੇ ਹਾਸੇ ਵਿਚ ਸ਼ਾਮਲ ਸੀ। ਜੁਗਿੰਦਰ ਪਾਲ ਕਹਿਣ ਲੱਗਾ, "ਤੇ ਏਨੇ ਨੂੰ ਫ਼ਰੰਟੀਅਰ ਮੇਲ ਆ ਗਈ ਤੇ ਮੁੰਡੇ ਨੇ ਲਾਲੇ ਨੂੰ ਚਿੜਾਉਣ ਲਈ ਇੰਜਣ ਨਾਲ ਦੌੜ ਲਾ ਦਿੱਤੀ। ਦੌੜ ਲਾ ਕੇ ਉਹ ਇੰਜਣ ਤੋਂ ਅੱਗੇ ਨਿਕਲ ਗਿਆ। ਇੰਜਣ ਨੂੰ ਆਇਆ ਗੁੱਸਾ, ਉਸ ਨੇ ਬਾਂਹ ਵਧਾ ਕੇ ਮੁੰਡੇ ਨੂੰ ਚੁੱਕ ਕੇ ਤੇ ਲਾਈਨ ਤੇ ਕਰ ਕੇ ਇਕ ਪਹੀਆ ਉਸ ਦੀ ਇਕ ਲੱਤ ਦੇ ਉਤੋਂ ਦੀ ਲੰਘਾਇਆ ਤੇ ਉਸ ਨੂੰ ਚੁੱਕ ਕੇ ਲਾਈਨੋਂ ਬਾਹਰ ਸੁੱਟ ਦਿੱਤਾ।" ਹੁਣ ਤੱਕ ਦੁਰਗੇ ਨੂੰ ਕਹਾਣੀ ਦੇ ਝੁਕਾ ਦਾ ਪਤਾ ਲੱਗ ਚੁੱਕਾ ਸੀ। "ਪਤਾ ਜੇ ਇਹ ਮੁੰਡਾ ਕੌਣ ਸੀ ?" ਸਾਰਿਆਂ ਮੁੰਡਿਆਂ ਜਿਵੇਂ ਨਾਹਰਾ ਲਾਇਆ, "ਦੁਰਗਾ ਲੰਗਾ !" ਤੇ ਕਹਿਕਹੇ ਲਾਉਣ ਲੱਗ ਪਏ। ਇਸ ਵਿਚੋਂ ਸਭ ਤੋਂ ਉੱਚਾ ਤੇ ਲੰਮਾ ਕਹਿਕਹਾ ਦੁਰਗੇ ਦਾ ਸੀ। ਕਿਸੇ ਨੇ ਪੁੱਛਿਆ, "ਤੂੰ ਕਿਉਂ ਹੱਸਦਾਂ, ਓਇ ?" ਦੁਰਗਾ ਕਹਿਣ ਲੱਗਾ, "ਮੈਂ ਤੇ ਜੁਗਿੰਦਰ ਪਾਲ ਦੀ ਕਹਾਣੀ ਦੀ ਦਾਦ ਦੇਣ ਲਈ ਹੱਸਿਆਂ, ਭਾਵੇਂ ਤੁਸੀਂ ਤਾਂ ਜੁਗਿੰਦਰ ਪਾਲ ਦੀ ਕਹਾਣੀ ਦੇ ਭੱਦੇ-ਪਣ ਤੇ ਹੱਸੇ ਹੋਵੋਗੇ।" ਫੇਰ ਇਕ ਕਹਿਕਹਾ ਮਚਿਆ, ਜਿਸ ਵਿਚ ਦੁਰਗੇ ਸਮੇਤ ਸਾਰੇ ਸ਼ਾਮਲ ਸਨ, ਪਰ ਜੁਗਿੰਦਰ ਚੁੱਪ ਸੀ।

ਦੁਰਗੇ ਦੀ ਲੱਤ ਗੋਡੇ ਤੋਂ ਉਪਰ ਪੱਟ ਦੇ ਵਿਚਕਾਹਿਓਂ ਕੱਟੀ ਹੋਈ ਸੀ। ਗੱਲ ਇਉਂ ਹੋਈ: ਦੁਰਗੇ ਦੀ ਮਾਂ ਬਚਪਨ ਵਿਚ ਮਰ ਗਈ। ਉਸ ਦੇ ਪਿਤਾ ਨੇ, ਜੋ ਹਾਲੀ ਜੁਆਨ ਹੀ ਕਿਹਾ ਜਾ ਸਕਦਾ ਸੀ, ਦੂਸਰਾ ਵਿਆਹ ਕਰਵਾ ਲਿਆ। ਪਹਿਲੀ ਵਿਚੋਂ ਦੁਰਗਾ ਹੀ ਇਕੱਲਾ ਬੱਚਾ ਸੀ। ਦੂਜੀ ਭਾਗਵਾਨ ਮਾਂ ਨੇ ਦੁਰਗੇ ਨੂੰ ਆਪਣਾ ਹੀ ਬੱਚਾ ਜਾਣਿਆ। ਬਾਅਦ ਵਿਚ ਆਪਣੇ ਬੱਚੇ ਹੋ ਜਾਣ ਤੇ ਵੀ ਉਸ ਦਾ ਪਿਆਰ ਦੁਰਗੇ ਨਾਲ ਹੀ ਬਹੁਤਾ ਰਿਹਾ। ਇਕ ਦਿਨ ਦੁਰਗੇ ਦੀ ਮਾਂ ਸਟੇਸ਼ਨ ਤੇ ਕਿਸੇ ਸਬੰਧੀ ਨੂੰ ਗੱਡੀ ਚੜ੍ਹਾਉਣ ਜਾ ਰਹੀ ਸੀ ਕਿ ਦੁਰਗਾ ਨਾਲ ਜਾਣ ਲਈ ਜ਼ਿਦੇ ਪੈ ਗਿਆ। ਮਾਂ ਉਸ ਦੀ ਜ਼ਿਦ ਸਦਾ ਮੰਨ ਲੈਂਦੀ ਸੀ, ਉਸ ਨੂੰ ਵੀ ਨਾਲ ਲੈ ਤੁਰੀ। ਦੁਰਗਾ ਪਲੇਟ-ਫ਼ਾਰਮ ਤੇ ਖੇਡਦਾ ਰਿਹਾ। ਉਸ ਦੇ ਹੱਥ ਵਿਚ ਰਬੜ ਦਾ ਗੇਂਦ ਸੀ। ਗੱਡੀ ਪਲੇਟ-ਫ਼ਾਰਮ ਤੇ ਆ ਰਹੀ ਸੀ ਕਿ ਦੁਰਗੇ ਦਾ ਗੇਂਦ ਰਿੜ੍ਹ ਕੇ ਲਾਈਨ ਵਿਚ ਜਾ ਪਿਆ। ਮਾਂ ਦਾ ਧਿਆਨ ਨਹੀਂ ਸੀ। ਦੁਰਗੇ ਲਾਈਨ ਵਿਚ ਗੇਂਦ ਪਿੱਛੇ ਛਾਲ ਮਾਰ ਦਿੱਤੀ। ਬੱਚਾ ਹੀ ਸੀ ਨਾ। ਗੱਡੀ ਰੁਕਦਿਆਂ ਰੁਕਦਿਆਂ ਵੀ ਪਹੀਆ ਇਕ ਲੱਤ ਉੱਤੋਂ ਲੰਘ ਗਿਆ।

ਸਰਜਰੀ ਤੇ ਦਵਾਈਆਂ ਨੇ ਅੱਜ ਵਾਲੀ ਤਰੱਕੀ ਨਹੀਂ ਸੀ ਕੀਤੀ ਹੋਈ। ਦੁਰਗੇ ਦੀ ਮੌਤ ਦਾ ਹਰ ਦਿਨ ਫ਼ਿਕਰ ਲੱਗਾ ਰਹਿੰਦਾ। ਪਰ ਉਦੋਂ ਉਹ ਜ਼ਿੰਦਗੀ ਨਾਲ ਚੰਬੜਿਆ

ਰਿਹਾ, ਇਕ ਬਹਾਦਰ ਵਾਂਗ। ਘਰ ਦੀ ਹਾਲਤ ਕੋਈ ਬਹੁਤ ਚੰਗੀ ਨਹੀਂ ਸੀ। ਭਾਵੇਂ ਗੌਰਮਿੰਟ ਦੇ ਹਸਪਤਾਲ ਵਿਚ ਹੀ ਦਾਖ਼ਲ ਸੀ, ਪਰ ਡਾਕਟਰਾਂ ਨੂੰ ਵਿਸ਼ੇਸ਼ ਫ਼ੀਸਾਂ, ਨੌਕਰਾਂ ਨੂੰ, ਖ਼ਾਸ ਦਵਾਈਆਂ ਦਾ ਖ਼ਰਚ ਤੇ ਘੱਟ ਨਹੀਂ ਸੀ। ਪਿਤਾ ਨੇ ਘਰ ਵੇਚ ਦੇਣ ਦਾ ਖ਼ਿਆਲ ਕੀਤਾ, ਪਰ ਮਾਂ ਨੇ ਘਰ ਨਾ ਵੇਚਣ ਦਿੱਤਾ, ਸਗੋਂ ਆਪਣੇ ਗਹਿਣੇ ਵੇਚਣੇ ਸ਼ੁਰੂ ਕਰ ਦਿੱਤੇ। ਇਕ ਇਕ ਕਰ ਕੇ ਗਹਿਣੇ ਸਾਰੇ ਵਿੱਕ ਗਏ, ਪਰ ਮੁੰਡਾ ਹਾਲੀ ਵੀ ਰਾਜ਼ੀ ਹੋ ਕੇ ਹਸਪਤਾਲੋਂ ਨਾ ਨਿਕਲਿਆ। ਕੋਈ ਨਾ ਕੋਈ ਨਵਾਂ ਵਿਗਾੜ ਪਿਆ ਰਹਿੰਦਾ। ਤਿੰਨ ਵਾਰੀ ਲੱਤ ਕੱਟੀ ਗਈ। ਗੋਡੇ ਦੇ ਥੱਲਿਓਂ, ਗੋਡੇ ਦੇ ਉਪਰੋਂ ਤੇ ਅੰਤ ਵਿਚ ਪੱਟ ਦੇ ਵਿਚਕਾਹਿਓਂ। ਅਖ਼ੀਰ ਮਾਂ ਨੇ ਕਿਹਾ, 'ਘਰ ਵੀ ਵੇਚ ਦਿਓ। ਦੁਰਗਾ ਬਚ ਗਿਆ, ਪਰ ਘਰ ਜਾਂਦਾ ਰਿਹਾ!

ਪਿਤਾ ਨੇ ਆਪਣੇ ਕੰਮ ਵਿਚ ਦੂਣੇ ਤੋਂ ਵੱਧ ਸਮਾਂ ਲਾਉਣਾ ਸ਼ੁਰੂ ਕੀਤਾ। ਮਾਂ ਨੇ ਬੱਚਤ ਕੀਤੀ। ਘਰ ਫੇਰ ਬਣ ਗਿਆ। ਪਰ ਮਾਂ ਨੇ ਮੁੜ ਗਹਿਣੇ ਬਣਵਾਉਣੋਂ ਤੇ ਪਾਉਣੋਂ ਇਨਕਾਰ ਕਰ ਦਿੱਤਾ। ਦੁਰਗਾ ਹੁਣ ਇਸ ਗੱਲ ਨੂੰ ਸਮਝਣ ਦੇ ਯੋਗ ਹੋ ਰਿਹਾ ਸੀ। ਮਾਂ ਸ਼ਾਇਦ ਇਸ ਦੁਰਘਟਨਾ ਦਾ ਆਪਣੇ ਆਪ ਨੂੰ ਕੱਲੀ ਤੌਰ ਤੇ ਜ਼ਿੰਮੇਵਾਰ ਸਮਝਦੀ ਸੀ। ਪਰ ਉਹ ਇਹ ਗੱਲ ਕਿਸੇ ਨਾਲ ਸਾਂਝੀ ਨਹੀਂ ਸੀ ਕਰਦੀ। ਉਸ ਦੀਆਂ ਆਪਣੀਆਂ ਬੱਚਿਆਂ-ਬੱਚੀਆਂ ਨੂੰ ਕੋਈ ਟੋਟ ਆ ਜਾਵੇ ਤਾਂ ਆ ਜਾਵੇ, ਪਰ ਉਹ ਦੁਰਗੇ ਨੂੰ ਟੋਟ ਨਹੀਂ ਸੀ ਆਉਣ ਦਿੰਦੀ।

ਕਾਲਜ ਦੇ ਅਮੀਰ ਮੁੰਡਿਆਂ ਨਾਲ ਜੇ ਉਹ ਬਰ ਮੇਚ ਕੇ ਤੁਰਦਾ ਸੀ ਤਾਂ ਉਸ ਦਾ ਕਾਰਨ ਉਸ ਦੇ ਮਾਤਾ-ਪਿਤਾ ਦੀ ਅਮੀਰੀ ਨਹੀਂ, ਉਸ ਦੀ ਮਤਰੇਈ ਮਾਂ ਦਾ ਪਿਆਰ ਸੀ।

ਹਿੰਦੂ ਕਾਲਜ ਉਦੋਂ ਇੰਟਰਮੀਡੀਏਟ ਕਾਲਜ ਸੀ। ਦੁਰਗੇ ਨੇ ਐਫ਼. ਐਸ. ਸੀ. ਤੇ ਮੈਂ ਐਫ਼. ਏ. ਪਾਸ ਕਰ ਲਈ। ਮੁੰਡਾ ਲਾਇਕ ਸੀ। ਉਹ ਐਫ. ਸੀ. ਕਾਲਜ ਲਾਹੌਰ ਜਾ ਦਾਖ਼ਲ ਹੋਇਆ ਤੇ ਮੈਂ ਖ਼ਾਲਸਾ ਕਾਲਜ ਅੰਮ੍ਰਿਤਸਰ। ਦੁਰਗੇ ਨਾਲ ਕੋਈ ਮੇਰਾ ਗੂੜ੍ਹਾ ਸੰਬੰਧ ਬਣਿਆ ਹੀ ਨਹੀਂ ਸੀ ਤੇ ਜੋ ਮਾੜਾ ਮੋਟਾ ਬਣਿਆ ਸੀ ਉਹ ਵੀ ਟੁੱਟ ਗਿਆ।

ਮੈਂ ਬੱਤੀ ਵਿਚ ਬੀ. ਏ. ਕੀਤੀ, ਸੈਂਤੀ ਤੱਕ ਬੈਂਕ-ਕਲਰਕ ਰਿਹਾ, ਫੇਰ ਛਾਂਟੀ ਵਿਚ ਆ ਗਿਆ, ਕੋਚਿੰਗ ਐਕੇਡਮੀ ਖੋਲ੍ਹੀ, ਘਾਟਾ ਪਾਇਆ, ਹੋਟਲ ਖੋਲ੍ਹਿਆ, ਘਾਟਾ ਪਾਇਆ; ਗੁਜਰਾਂਵਾਲੇ ਗਿਆਨੀ ਪੜ੍ਹਾਈ ਤੇ ਅਖ਼ੀਰ ਕੋਇਟੇ ਖ਼ਾਲਸਾ ਸਕੂਲ ਜਾ ਲੱਗਾ। ਫੇਰ ਟਰੇਨਿੰਗ ਲਈ ਸੈਂਟਰਲ ਟਰੇਨਿੰਗ ਕਾਲਜ ਲਾਹੌਰ ਵਿਚ ਦਾਖ਼ਲ ਹੋ ਗਿਆ। ਸੰਨ ੪੪ ਵਿਚ ਮੈਂ ਟੀਚਰ ਲੱਗਣ ਦੀ ਥਾਂ ਦੁਆਬਾ ਕਾਲਜ, ਜਲੰਧਰ ਵਿਚ ਪੰਜਾਬੀ ਦਾ ਲੈਕਚਰਾਰ

ਲੱਗ ਕੇ ਗਿਆ। ਜਦੋਂ ਮੈਂ ਪਹਿਲੇ ਦਿਨ ਹੀ ਜਮਾਤ ਲੈਣ ਵਾਸਤੇ ਤੁਰਿਆ ਤਾਂ ਸਾਧਾਰਨ ਜਿਹਿਆਂ ਕੱਪੜਿਆਂ ਵਿਚ ਦੁਰਗਾ ਬਰਾਂਡੇ ਵਿਚ ਸਾਹਮਣਿਓਂ ਆ ਰਿਹਾ ਸੀ। ਮੇਰੀ ਦਾੜ੍ਹੀ ਕਰਕੇ ਉਸ ਮੈਨੂੰ ਨਾ ਪਛਾਣਿਆ। ਮੈਂ ਜਮਾਤ ਲੈਣੀ ਸੀ, ਜਾਣ-ਪਛਾਣ ਲਈ ਨਾ ਖਲੋਤਾ। ਜਮਾਤ ਲੈ ਕੇ ਮੁੜਿਆ ਤਾਂ ਉਹ ਸਟਾਫ਼-ਰੂਮ ਵਿਚੋਂ ਨਿਕਲ ਰਿਹਾ ਸੀ। ਉਸ ਦੇ ਕਾਲੇ ਕੋਟ ਤੋਂ ਮੈਂ ਸਮਝਿਆ ਸੀ ਕਿ ਉਹ ਕੋਈ ਵਕੀਲ ਹੈ ਤੇ ਪ੍ਰਿੰਸੀਪਲ ਨੂੰ ਕਿਸੇ ਕੰਮ ਮਿਲਣ ਆਇਆ ਹੋਵੇਗਾ। ਪਤਾ ਲੱਗਾ ਕਿ ਉਹ ਉਥੇ ਅੰਗਰੇਜ਼ੀ ਦਾ ਲੈਕਚਰਾਰ ਹੈ। ਡਿਪਾਰਟਮੈਂਟ ਦਾ ਹੈੱਡ ਵੀ ਨਹੀਂ ! ਤੀਜੀ ਥਾਂ ਤੇ ਹੈ ਤੇ ਸਾਰੇ ਰਲਾ ਕੇ ੧੬੦ ਰੁਪਏ ਲੈ ਰਿਹਾ ਹੈ। ਮੈਂ ੧੨੦ ਤੇ ਲੱਗਾ ਸਾਂ। ਇਸ ਨੂੰ ਹੋਇਆ ਕੀ ? ਮੈਂ ਸੋਚਣ ਲੱਗ ਪਿਆ। ਅਗਲੀ ਟੱਲੀ ਰਿਸੈੱਸ ਦੀ ਸੀ। ਟੱਲੀ ਵੱਜਣ ਤੋਂ ਕੁਝ ਚਿਰ ਮਗਰੋਂ ਦੁਰਗੇ ਦੀਆਂ ਪਹੌੜੀਆਂ ਬਾਹਰ ਸੀਮਿੰਟ ਦੇ ਫਰਸ਼ ਤੇ ਖੜਕਣੀਆਂ ਸ਼ੁਰੂ ਹੋਈਆਂ ਅਤੇ ਆਖ਼ਰ ਉਹ ਸਟਾਫ਼-ਰੂਮ ਵਿਚ ਦਾਖ਼ਲ ਹੋਇਆ। ਇਹ ਨੇ ਪ੍ਰੋਫੈਸਰ ਡੀ. ਡੀ. ਸ਼ਰਮਾ, ਅੰਗਰੇਜ਼ੀ ਵਿਭਾਗ ਦੇ ਤੇ ਇਹ ਨੇ ਸਾਡੇ ਪੰਜਾਬੀ ਦੇ ਲੈਕਚਰਾਰ ਸੁਜਾਨ ਸਿੰਘ। ਡੀ. ਡੀ. ਮੇਰੇ ਨਾਲ ਹੱਥ ਮਿਲਾਉਂਦਿਆਂ ਮੇਰੀਆਂ ਅੱਖਾਂ ਵਿਚ ਤਾਕਿਆ ਤੇ ਕਿਹਾ, "ਮੁਆਫ਼ ਕਰਨਾ, ਤੁਸੀਂ ਹਿੰਦੂ ਕਾਲਜ ਵਿਚ ਤਾਂ ਨਹੀਂ ਪੜ੍ਹਦੇ ਰਹੇ ?" "ਜੀ ਹਾਂ, ਸ਼ਰਮਾ ਸਾਹਿਬ ਮੈਂ ਉਹੋ ਸੁਜਾਨ ਹਾਂ ਤੇ ਤੂੰ ਉਹੋ ਦੁਰਗਾ।' ਦੁਰਗੇ ਨੇ ਮੇਜ਼ ਨਾਲ ਪਹੌੜੀ ਲਾ ਕੇ ਮੈਨੂੰ ਜੱਫੀ ਵਿਚ ਲੈ ਲਿਆ।

ਮੈਂ ਉਸ ਨੂੰ ਲੰਗਾ ਕਹਿਣਾ ਤੇ ਕਿਤੇ ਰਿਹਾ, ਦੁਰਗਾ ਕਹਿਣਾ ਵੀ ਬੰਦ ਕਰ ਦਿੱਤਾ। ਮੈਂ ਉਸ ਨੂੰ ਹੁਣ ਡੀ. ਡੀ. ਕਹਿੰਦਾ। ਡੀ. ਡੀ. ਦੇ ਅੱਧੇ ਵਾਲ ਧੌਲੇ ਹੋ ਚੁੱਕੇ ਸਨ। ਗੱਲ੍ਹਾਂ ਤੇ ਠੋਡੀ ਤੇ ਸੂਤਰ-ਸੂਤਰ ਵਾਲ ਕੀਂਡਿਆਂ ਵਾਂਗ ਖੜੇ ਸਨ। ਅੱਖਾਂ ਦੇ ਹੇਠਾਂ ਘੇਰੇ ਪਏ ਹੋਏ ਸਨ। ਸਰੀਰ ਛਮਕ ਕੇ ਬਹੁਤ ਪਤਲਾ ਹੋ ਗਿਆ ਸੀ। ਮੈਨੂੰ ਉਸ ਤੇ ਅਕਾਰਨ ਬੜਾ ਤਰਸ ਆਇਆ।

ਉਸ ਨੂੰ ਪਤਾ ਲੱਗ ਗਿਆ ਸੀ ਕਿ ਮੈਂ ਪੰਜਾਬੀ ਦੀਆਂ ਕੁਝ ਕਿਤਾਬਾਂ ਲਿਖੀਆਂ ਹਨ। ਪੰਜਾਬੀ ਵਾਸਤੇ ਉਸ ਦੇ ਦਿਲ ਵਿਚ ਕੋਈ ਬਹੁਤਾ ਆਦਰ ਨਹੀਂ ਸੀ। ਨਾ ਹੀ ਉਹ ਪੰਜਾਬੀ ਪੜ੍ਹ ਸਕਦਾ ਸੀ। ਪੰਜ ਸੱਤ ਦਿਨ ਮਗਰੋਂ ਉਹ ਮੈਨੂੰ ਕਹਿਣ ਲੱਗਾ, "ਮੈਂ ਪੰਜਾਬੀ ਸਿਖਣੀ ਐਂ !" ਮੈਂ ਕਿਹਾ, "ਸਿੱਖ ਲੈ। ਇਹ ਵੀ ਕੋਈ ਮੁੱਲ ਦੀ ਸਿਖਣੀ ਐਂ ?" ਪੰਜ ਸੱਤ ਦਿਨ ਵਿਚ ਹੀ ਉਹ ਪੜ੍ਹਨ ਸਿੱਖ ਗਿਆ। ਮੈਂ ਉਸ ਨੂੰ ਪੁੱਛਿਆ, "ਦੱਸ ਬਈ ਡੀ. ਡੀ. ਤੈਨੂੰ ਪੰਜਾਬੀ ਪੜ੍ਹਨ ਦਾ ਕੀ ਚਾਅ ਚੜ੍ਹਿਆ ?" ਡੀ. ਡੀ. ਮੇਰੇ ਬਹੁਤ ਕਰੀਬ ਹੋ ਰਿਹਾ ਸੀ।

"ਕਿਉਂ ?" ਮੈਨੂੰ ਉਸ ਦੇ ਜਵਾਬ ਤੋਂ ਪਤਾ ਲੱਗਾ। ਉਹ ਮੇਰੀਆਂ ਲਿਖੀਆਂ ਕਿਤਾਬਾਂ ਕਾਲਜ ਲਾਇਬਰੇਰੀ ਵਿਚੋਂ ਕਢਾ ਕੇ ਲੈ ਗਿਆ ਸੀ। ਉਸ ਦੀ ਮਾਤਾ ਮਾੜੀ ਮੋਟੀ ਪੰਜਾਬੀ ਪੜ੍ਹ ਲੈਂਦੀ ਸੀ। ਉਸ ਦੀ ਮਾਤਾ ਨੇ ਉਸ ਨੂੰ ਉਸ ਦੇ ਕਹਿਣ ਤੇ ਦੋ ਤਿੰਨ ਕਹਾਣੀਆਂ ਪੜ੍ਹ ਕੇ ਸੁਣਾਈਆਂ। ਡੀ. ਡੀ. ਦੀ ਪਾਰਖੂ ਰੁਚੀ ਨੂੰ ਉਹ ਭਾ ਗਈਆਂ। ਉਸ ਨੇ ਪੰਜਾਬੀ ਪੜ੍ਹ ਕੇ ਉਨ੍ਹਾਂ ਨੂੰ ਆਪ ਪੜ੍ਹਨਾ ਸ਼ੁਰੂ ਕੀਤਾ। ਜਿਉਂ-ਜਿਉਂ ਪੜ੍ਹਦਾ ਉਸ ਨੂੰ ਆਪਣਾ ਆਪਾ ਉਨ੍ਹਾਂ ਵਿਚੋਂ ਕਿਸੇ ਨਾ ਕਿਸੇ ਰੂਪ ਵਿਚ ਦਿਸਦਾ ਅਤੇ ਉਹ ਮੇਰੇ ਨੇੜੇ, ਹੋਰ ਨੇੜੇ ਹੁੰਦਾ ਗਿਆ। ਉਹ ਮੈਨੂੰ ਸਟਾਫ਼-ਰੂਮ ਵਿਚ 'ਸੁਜਾਨ' ਕਹਿ ਕੇ ਬੁਲਾਉਣ ਲੱਗ ਪਿਆ, ਪਰ ਮੈਂ ਉਸ ਨੂੰ ਡੀ. ਡੀ. ਹੀ ਕਹਿੰਦਾ। ਇਕ ਦਿਨ ਕਹਿਣ ਲੱਗਾ, "ਤੂੰ ਦੂਰ-ਦੂਰ ਰਹਿਨੈਂ ਸੁਜਾਨ, ਮੇਰੇ ਕੋਲੋਂ।" ਮੇਰੇ ਇਸ ਗੱਲ ਤੋਂ ਇਨਕਾਰ ਕਰਨ ਤੇ ਕਹਿਣ ਲੱਗਾ, "ਤੂੰ ਵੀ ਮੈਨੂੰ ਓਦਾਂ ਹੀ ਸੱਦਿਆ ਕਰ ਜਿਵੇਂ ਮੈਂ ਪਿਆਰ ਨਾਲ ਸੱਦਦਾਂ। ਕਿਤੇ ਤੈਨੂੰ ਇਤਰਾਜ਼ ਤੇ ਨਹੀਂ ਮੇਰੇ ਤੈਨੂੰ ਅੱਧੇ ਨਾਂ ਨਾਲ ਸੱਦਣ ਵਿਚ ?" ਅੱਛਾ ਹੁਣ ਤੂੰ ਕਹਿੰਦਾ ਹੈਂ ਮੈਂ ਤੈਨੂੰ ਅੱਧੇ ਨਾਂ ਨਾਲ ਸੱਦਾਂ", ਮੈਂ ਕਿਹਾ, "ਮੈਂ ਤੇ ਤੈਨੂੰ ਪੂਰੇ ਨਾਂ ਨਾਲ ਸੱਦਾਂਗਾ। ਮੈਨੂੰ ਤੇ ਓਹੋ ਪਿਆਰਾ ਲੱਗਦੈ।" ਡੀ. ਡੀ. ਸਮਝ ਗਿਆ ਸੀ ਕਿ ਮੈਂ ਕੀ ਕਹਿ ਰਿਹਾ ਹਾਂ। ਉਸ ਮੇਰਾ ਹੱਥ ਆਪਣੇ ਹੱਥ ਵਿਚ ਲੈ ਲਿਆ। "ਸੁਜਾਨ, ਪਿਆਰ ਨਾਲ ਤੇ 'ਦੁਰਗਾ ਲੰਗਾ' ਕਟਾਰ ਦੀ ਧਾਰ ਸਹਾਰਨ, ਤੇ ਸੀ ਨਾ ਉਚਾਰਨ ਵਾਲਾ ਬੰਦਾ ਹੈ।"

ਹੌਲੀ ਹੌਲੀ ਉਸ ਦੀਆਂ ਸਾਰੀਆਂ ਗੱਲਾਂ ਮੇਰੀਆਂ ਆਪਣੀਆਂ ਗੱਲਾਂ ਬਣ ਗਈਆਂ। ਉਸ ਦੇ ਪਿਤਾ ਨੂੰ ਬਹੁਤਾ ਕੰਮ ਕਰ-ਕਰ ਕੇ ਦਮੇ ਦੀ ਸ਼ਿਕਾਇਤ ਹੋ ਗਈ ਸੀ ਤੇ ਹੁਣ ਉਹ ਕੋਈ ਕੰਮ ਨਹੀਂ ਸੀ ਕਰ ਸਕਦਾ। ਦੋ ਭੈਣਾਂ ਵਿਆਹੁਣ ਵਾਲੀਆਂ ਸਨ। ਛੋਟਾ ਇਕੋ ਇਕ ਭਰਾ ਸਕੂਲ ਵਿਚ ਪੜ੍ਹਦਾ ਸੀ। ਉਹ ਡੀ. ਡੀ. ਭਰਾ ਜੀ ਨੂੰ ਬੜਾ ਪਿਆਰ ਕਰਦਾ ਸੀ ਤੇ ਡੀ. ਡੀ. ਭਰਾ ਜੀ ਨਿੱਕੇ ਅਨਿਲ ਨੂੰ ਬਹੁਤ ਪਿਆਰ ਕਰਦੇ ਸਨ। 'ਅਨਿਲ ਮੇਰੀ ਆਸ ਦਾ ਸਤਾਰਾ ਹੈ, ਉਹ ਅਕਸਰ ਕਹਿੰਦਾ।

"ਡੀ. ਡੀ. ਤੇਰੇ ਤੇ ਵੱਡੀਆਂ-ਵੱਡੀਆਂ ਆਸਾਂ ਸਨ। ਤੂੰ ਇਸ ਪ੍ਰੋਫੈਸਰੀ ਵਿਚ ਕਿਵੇਂ ਡਿੱਗੋਂ ?" ਇਕ ਵਾਰ ਮੈਂ ਪੁੱਛਿਆ। "ਹਾਂ, ਮੇਰਾ ਵੀ ਇਹੋ ਖ਼ਿਆਲ ਹੈ। ਜਦੋਂ ਆਲ ਇੰਡੀਆ ਰੇਡੀਓ ਸ਼ੁਰੂ ਹੋਇਆ, ਮੈਂ ਵੀ ਜੈਨਰਲ ਡਾਇਰੈਕਟਰ ਕੋਲ ਇੰਟਰਵਿਊ ਲਈ ਪੇਸ਼ ਹੋਇਆ। ਉਹੋ ਇੰਟਰਵੀਊ ਨਾਲ ਬੜਾ ਪਰਭਾਵਤ ਸੀ। ਪਰ ਇਕ ਗੱਲ ਗ਼ਲਤ ਹੋ ਗਈ। ਅੰਗਰੇਜ਼ ਅਫ਼ਸਰ ਦੇ ਇਕ ਸਵਾਲ ਦੇ ਜ਼ਵਾਬ ਵਿਚ ਮੈਂ ਅੰਗਰੇਜ਼ਾਂ ਦੀ ਵਫ਼ਾਦਾਰੀ ਬਹੁਤੀ

ਛਾਂਟ ਦਿੱਤੀ। ਸਾਰੇ ਵਿਦਿਆਰਥੀ-ਜੀਵਨ ਵਿਚ ਮੈਂ ਦੇਸ਼-ਭਗਤੀ ਨਿਭਾਹੁੰਦਾ ਰਿਹਾ। ਅੰਗਰੇਜ਼ ਮੇਰੀ ਇਨ-ਸਿਨਸੈਰਿਟੀ ਨੂੰ ਭਾਂਪ ਗਿਆ ਤੇ ਉਸ ਬੁਖ਼ਾਰੀ ਨੂੰ ਰੱਖ ਲਿਆ ਤੇ ਮੈਨੂੰ ਉਸ ਤੋਂ ਛੋਟੀ ਨੌਕਰੀ ਦੇਣੋਂ ਵੀ ਨਾਂਹ ਕਰ ਦਿੱਤੀ ਤੇ ਬੁਖ਼ਾਰੀ ਹੁਣ ਐਸਿਸਟੈਂਟ ਡਾਇਰੈਕਟਰ ਜੈਨਰਲ ਹੈ। ਤੇ ਤੈਨੂੰ ਪਤਾ ਹੈ ਨਾ, ਉਹ ਸਾਡਾ ਯਾਰ ਹੁਣ ਬੰਬਈ ਵਿਚ ਬੜਾ ਵੱਡਾ ਫਿਲਮ-ਡਾਇਰੈਕਟਰ ਹੈ ਤੇ ਉਹ ਮੇਰੀ ਡਾਇਰੈਕਸ਼ਨ ਥੱਲੇ ਮੇਰੇ ਡਰਾਮਿਆਂ ਵਿਚ ਕਾਲਜ ਦੇ ਦਿਨਾਂ ਵਿਚ ਪਾਰਟ ਵੀ ਕਰਦਾ ਰਿਹਾ ਸੀ। ਉਸ ਕੋਲ ਬੰਬਈ ਗਿਆ ਸਾਂ, ਉਸ ਚਾਰ ਦਿਨ ਚੰਗੀ ਰੋਟੀ ਖੁਆ ਕੇ ਤੇ ਸੈਰ-ਸਪਾਟੇ ਕਰਾ ਕੇ ਵਾਪਸ ਭੇਜ ਦਿੱਤਾ। ਹਰ ਚੰਗੀ ਥਾਂ ਦੀ ਪ੍ਰਾਪਤੀ ਵਿਚ ਮੇਰੀ ਟੁੱਟੀ ਟੰਗ, ਟੰਗ ਅੜਾ ਬੈਠਦੀ ਹੈ। ਤੇ ਮੈਂ ਕਿਹਾ, ਮੈਂ ਟੰਗ ਟੁੱਟੀ ਹੁੰਦਿਆਂ ਵੀ ਆਪਣੇ ਪੈਰਾਂ ਤੇ ਖੜੋਵਾਂਗਾ। ਤੇ ਮੈਂ ਆਪਣੇ ਪੈਰਾਂ ਤੇ ਖਲੋਤਾ ਹਾਂ। ਸੌ ਰੁਪਏ ਮਹੀਨੇ ਦੀ ਟੀਊਸ਼ਨ ਕਰਦਾ ਹਾਂ ਅਨਿਲ ਦੀ ਪੜ੍ਹਾਈ ਲਈ ਤੇ ਕੁੜੀਆਂ ਦੇ ਵਿਆਹ ਲਈ। ਤੇ ਸਾਡਾ ਹੈੱਡ ਮੁਕਰਜੀ ਬਣਿਆ ਬੈਠਾ ਹੈ ਜਿਸ ਨੂੰ ਕੁਝ ਨਹੀਂ ਆਉਂਦਾ। ਘਰ ਦਾ ਜੋਗੀ ਜੋਗੜਾ ਬਾਹਰ ਦਾ ਜੋਗੀ ਸਿੱਧ।"

ਡੀ. ਡੀ. ਦੀ ਸ਼ਾਦੀ ਨਹੀਂ ਹੋਈ ਸੀ ਜਾਂ ਇਉਂ ਕਹੋ ਉਸ ਨੇ ਨਹੀਂ ਸੀ ਕਰਵਾਈ। "ਡੀ. ਡੀ., ਤੂੰ ਸ਼ਾਦੀ ਕਿਉਂ ਨਹੀਂ ਕਰਵਾ ਲੈਂਦਾ?" ਇਹ ਸੁਆਲ ਮੈਂ ਉਸ ਨੂੰ ਇਕ ਦਿਨ ਉਦਾਸੀ ਦੀ ਰੌਂ ਵਿਚ ਰੁੜ੍ਹਦਿਆਂ ਦੇਖ ਕੇ ਕੀਤਾ ਸੀ। ਮੈਨੂੰ "ਹੁੰਹ, ਸ਼ਾਦੀ ?" ਇਸ ਤੋਂ ਵੱਧ ਕੋਈ ਜਵਾਬ ਨਾ ਮਿਲਿਆ। ਇਕ ਦਿਨ ਮੈਂ ਪੁੱਛਿਆ, "ਕੀ ਤੂੰ ਕਦੇ ਕਿਸੇ ਕੁੜੀ ਨੂੰ ਪਿਆਰ ਨਹੀਂ ਕੀਤਾ ?" ਐਤਕੀਂ ਮੈਨੂੰ ਉਸ ਕੋਲੋਂ ਜਵਾਬ ਦੀ ਥਾਂ ਚੁੱਪ ਮਿਲੀ। ਫੇਰ ਇਕ ਵਾਰੀ ਮੈਂ ਪੁੱਛਿਆ, "ਡੀ. ਡੀ., ਕੀ ਤੈਨੂੰ ਕਿਸੇ ਕੁੜੀ ਨੇ ਪਿਆਰ ਨਹੀਂ ਕੀਤਾ ?" ਡੀ. ਡੀ. ਕੁਝ ਚਿਰ ਚੁੱਪ ਰਿਹਾ। ਫਿਰ ਉਸ ਨੇ ਮੇਰਾ ਹੱਥ ਆਪਣੇ ਹੱਥ ਵਿਚ ਲੈ ਲਿਆ। ਮੈਂ ਤੈਨੂੰ ਦੱਸਾਂਗਾ, ਸੁਜਾਨ ! ਹੋਰ ਮੈਂ ਫਿਰ ਦੱਸਾਂਦਾ ਵੀ ਕਿਸ ਨੂੰ ? ਮੈਨੂੰ ਐਸੀ ਕੁੜੀ ਦਾ ਪਿਆਰ ਮਿਲਿਆ ਹੈ ਜਿਸ ਬਾਰੇ ਤੂੰ ਸੋਚ ਵੀ ਨਹੀਂ ਸਕਦਾ। ਉਸ ਦੀ ਸੁੰਦਰਤਾ ਵਿਚ ਕਦੇ ਕਿਸੇ ਨੇ ਨੁਕਸ ਨਹੀਂ ਕੱਢਿਆ, ਉਹ ਮੇਰੀਆਂ ਅੰਤਰ-ਯੂਨੀਵਰਸਿਟੀ ਬਹਿਸਾਂ ਦੇ ਮੁਕਾਬਲਿਆਂ ਦੀ ਸਾਥਣ ਰਹੀ ਹੈ। ਮੇਰੀਆਂ ਕੁਝ ਮਜਬੂਰੀਆਂ ਹਨ। ਪਰ ਉਸ ਨੇ ਸਭ ਮਜਬੂਰੀਆਂ ਲਿਤਾੜ ਸੁੱਟੀਆਂ ਹਨ। ਉਹ ਲੱਖ-ਪਤੀ ਖੱਤਰੀਆਂ ਦੀ ਧੀ ਹੈ ਤੇ ਮੈਂ ਇਕ ਕੰਗਾਲ ਬ੍ਰਾਹਮਣ ਹਾਂ। ਉਸ ਨੇ ਮੇਰੇ ਪਿੱਛੇ ਹਾਲੀ ਤਕ ਸ਼ਾਦੀ ਨਹੀਂ ਕੀਤੀ। ਉਸ ਨੂੰ ਨੌਕਰੀ ਕਰਨ ਦੀ ਲੋੜ ਨਹੀਂ। ਪਰ ਉਹ ਪ੍ਰੋਫੈਸਰੀ ਕਰ ਰਹੀ ਹੈ। ਤੇਰਾ ਖ਼ਿਆਲ ਹੈ ਇਹ ਸਭ ਕੁਝ ਪਿਆਰ ਬਿਨਾਂ ਹੋ ਸਕਦਾ ਹੈ ? ਕੀ ਕੋਈ

ਵਿਆਹ ਲਈ ਲੰਮੇ ਅੱਠ ਸਾਲ ਬਿਨਾਂ ਵਿਆਹ ਤੋਂ ਉਡੀਕ ਕਰ ਸਕਦਾ ਹੈ ? ਹੁਣ ਉਹ ਤੀਹਾਂ ਸਾਲਾਂ ਦੀ ਹੈ। ਉਸ ਨੇ ਮਾਤਾ ਪਿਤਾ ਨੂੰ ਸਭ ਗੱਲ ਦੱਸ ਦਿੱਤੀ ਹੈ। ਉਸ ਨੂੰ ਆਪਣੀ ਮਰਜ਼ੀ ਕਰਨੋਂ ਕੋਈ ਰੋਕ ਵੀ ਨਹੀਂ ਸਕਦਾ। ਤੈਨੂੰ ਕੀ ਦੱਸਾਂ, ਸੁਜਾਨ, ਇਕ ਇੰਟੈਲੈਕਚੂਅਲ ਕੁੜੀ ਦਾ ਪਿਆਰ ਇਕ ਇੰਟੈਲੈਕਚੁਅਲ ਨਾਲ ਕਿਹੋ ਜਿਹਾ ਸੂਖਸ਼ਮ, ਬਹੁ-ਭਾਂਤੀ ਤੇ ਵਿਲੱਖਣ ਹੁੰਦਾ ਹੈ। ਤੂੰ ਇਸ ਨੂੰ ਨਹੀਂ ਸਮਝ ਸਕੇਂਗਾ ? ਤੇਰੀਆਂ ਕਹਾਣੀਆਂ ਤੋਂ ਇਸ ਤਜ਼ਰਬੇ ਬਾਰੇ ਤੇਰੇ ਵਿਚ ਅਣਹੋਂਦ ਦਾ ਮੈਨੂੰ ਪਤਾ ਲੱਗਦਾ ਹੈ।" ਤੇ ਫੇਰ ਕਿੰਨਾ ਚਿਰ ਉਹ ਚੁੱਪ ਰਿਹਾ, ਜਿਵੇਂ ਕਿਸੇ ਸੁਅਰਗੀ ਅਸ਼ਰੀਰੀ ਆਨੰਦ ਦੇ ਹੁਲਾਰੇ ਦੀ ਯਾਦ ਨੂੰ ਮਾਣ ਰਿਹਾ ਹੋਵੇ।

ਤੇ ਫੇਰ ਲੰਮਾ ਸਾਹ ਖਿੱਚ ਕੇ ਉਸ ਕਿਹਾ, "ਉਹ ਸਭ ਕੁਝ ਮੰਨਦੀ ਹੈ, ਉਹ ਜੇ ਲੋੜ ਪਈ ਤਾਂ ਹੱਥੀਂ ਰੋਟੀ ਪਕਾਣਾ ਵੀ ਮਨਜ਼ੂਰ ਕਰਦੀ ਹੈ। ਗ਼ਰੀਬੀ ਦਾ ਜੀਵਨ ਵੀ ਕਹਿੰਦੀ ਹੈ, ਮੇਰੇ ਨਾਲ ਜੀਵੇਗੀ। ਪਰ ਮੇਰੀਆਂ ਜ਼ਿੰਮੇਵਾਰੀਆਂ ਵੱਡੀਆਂ ਨੇ। ਮੇਰੀ ਮਾਂ, ਜਿਸ ਨੇ ਮੇਰੇ ਪਿੱਛੇ ਕਦੇ ਗਹਿਣਾ ਨਹੀਂ ਪਾਇਆ, ਮੇਰੀਆਂ ਭੈਣਾਂ ਜਿਨ੍ਹਾਂ ਦਾ ਵਿਆਹ ਮੈਂ ਕਰਨਾ ਹੈ, ਮੇਰਾ ਅਨਿਲ ਜਿਸ ਵਿਚ ਮੈਂ ਆਪਣੀਆਂ ਅਸਫ਼ਲਤਾਵਾਂ ਨੂੰ ਸਫ਼ਲਤਾਵਾਂ ਵਿਚ ਬਦਲਣਾ ਹੈ, ਮੇਰਾ ਪਿਤਾ ਜਿਸ ਦੀ ਤੀਮਾਰਦਾਰੀ ਮੈਂ ਕਰਨੀ ਹੈ ! ਇਨ੍ਹਾਂ ਬਦਲੇ ਮੈਂ ਐਸੀ ਪਿਆਰ ਕਰਨ ਵਾਲੀ ਕੁੜੀ ਨਾਲ ਵੀ ਵਿਆਹ ਕਰਨ ਦਾ ਰਿਸਕ ਨਹੀਂ ਲੈ ਸਕਦਾ। ਇਸ ਮੇਰੀ ਸੂਖਸ਼ਮ ਗੱਲ ਨੂੰ ਮੇਰੀ ਕਲਿਆਣੀ' ਜਾਣਦੀ ਹੈ ਤੇ ਜਾਂ ਤੂੰ ਅੱਜ ਜਾਣ ਸਕਿਆ ਹੋਵੇਂਗਾ।"

ਡੇਢ ਸਾਲ ਮਗਰੋਂ ਜਦ ਮੈਨੂੰ ਕਾਲਜ ਵਿਚੋਂ ਹਟਾ ਦਿੱਤਾ ਗਿਆ ਤਾਂ ਮੈਂ ਕਿਸੇ ਸਕੂਲ ਵਿਚ ਨੌਕਰੀ ਕਰ ਲਈ। ਇਕ ਸਾਲ ਮਗਰੋਂ ਜਦ ਮੈਂ ਡੀ. ਡੀ. ਨੂੰ ਜਲੰਧਰ ਮਿਲਣ ਲਈ ਗਿਆ ਤਾਂ ਕਾਲਜ ਤੋਂ ਪਤਾ ਲੱਗਾ ਕਿ ਇਨ੍ਹਾਂ ਗਰਮੀਆਂ ਦੀਆਂ ਛੁੱਟੀਆਂ ਵਿਚ ਜਦ ਉਹ ਦਿੱਲੀ ਆਪਣੇ ਕਿਸੇ ਸੰਬੰਧੀ ਨੂੰ ਮਿਲਣ ਗਿਆ ਤਾਂ ਇਕ ਦਿਨ ਥੋੜੀ ਜਹੀ ਕਮਜੋਰੀ ਮਹਿਸੂਸ ਕਰਨ ਤੋਂ ਮਗਰੋਂ ਉਹ ਹਫ ਕੇ ਕੁਰਸੀ ਤੇ ਬੈਠ ਗਿਆ ਤੇ ਜਦ ਤਕ ਘਰ ਵਾਲਿਆਂ ਨੂੰ ਉਸ ਦੀ ਹਾਲਤ ਦਾ ਪਤਾ ਲੱਗਾ ਉਹ ਲੜਖੜਾ ਕੇ ਧਰਤੀ ਤੇ ਡਿੱਗ ਪਿਆ। ਡਾਕਟਰ ਦੇ ਪਹੁੰਚਣ ਤੋਂ ਪਹਿਲਾਂ ਉਸ ਦੇ ਦਿਲ ਦੀ ਹਰਕਤ ਬੰਦ ਹੋ ਚੁਕੀ ਸੀ।

ਮਲੂਮ ਹੁੰਦਾ ਸੀ ਕਿ ਉਸ ਦੇ ਜੀਵਨ-ਨਾਟਕ ਦੇ ਖ਼ਤਮ ਹੋਣ ਤੋਂ ਪਹਿਲਾਂ ਹੀ ਕਿਸੇ ਨੇ ਡ੍ਰਾਪ-ਸੀਨ ਪਰਦਾ ਸੁੱਟ ਦਿੱਤਾ ਸੀ।

# ਖੁਸ਼ੀ ਦਾ ਦਿਨ

ਛੁੱਟੀ ਨਾ ਮਿਲਣ ਕਾਰਨ ਮੈਂ ਛਨਿਛਰਵਾਰ ਦੀ ਖੇਡ ਨਹੀਂ ਵੇਖ ਸਕਿਆ ਸਾਂ। ਪਰਾਈਵੇਟ ਫ਼ਰਮਾਂ ਦੇ ਮਾਲਕ ਵੀ ਤਾਂ ਡਿਕਟੇਟਰਾਂ ਤੋਂ ਘੱਟ ਨਹੀਂ ਹੁੰਦੇ। ਮੇਰੀਆਂ ਕਈ ਛੁੱਟੀਆਂ ਜਮ੍ਹਾਂ ਪਈਆਂ ਸਨ ਪਰ ਉਹ ਛਨਿਛਰਵਾਰ ਦੀ ਥਾਂ ਸੋਮਵਾਰ ਦੀ ਛੁੱਟੀ ਹੀ ਦੇਣਾ ਚਾਹੁੰਦੇ ਸਨ। ਪਿਛਲੀ ਖੇਡ ਦਾ ਸੰਖੇਪ ਮੈਂ ਰਾਤੀਂ ਰੇਡੀਓ ਰਾਹੀਂ ਸੁਣ ਲਿਆ ਸੀ। ਪਹਿਲਾ ਦਿਨ ਤਾਂ ਪਾਕਿਸਤਾਨ ਦੀ ਟੀਮ ਦਾ ਦਿਨ ਹੀ ਰਿਹਾ ਸੀ। ਟਿੱਪੇ ਤੇ ਭੌਂਣ ਵਾਲੇ ਗੇਂਦਾਂ ਦਾ ਲਾਭ ਉਠਾਉਣ ਲਈ ਗੁਪਤੇ ਤੇ ਰਾਮ ਸਿੰਘ ਨੇ ਪੁਰਾਣੇ ਗੇਂਦ ਨਾਲ ਹੀ ਖੇਡ ਸ਼ੁਰੂ ਕੀਤੀ। ਭਾਵੇਂ ਦੋ ਸੌ ਰਨਜ਼ਾਂ ਹੋ ਜਾਣ ਕਰਕੇ ਨਵਾਂ ਗੇਂਦ ਵੀ ਲਾਇਆ ਜਾ ਸਕਦਾ ਸੀ, ਪਰ ਵਜ਼ੀਰ ਅਤੇ ਇਮਤਿਆਜ਼ ਸਾਹਮਣੇ ਉਨ੍ਹਾਂ ਦੀ ਕੋਈ ਪੇਸ਼ ਨਾ ਗਈ। ਸੋ ਪੰਦਰ੍ਹਾਂ ਕੁ ਰਨਜ਼ਾਂ ਵਧਣ ਮਗਰੋਂ ਰਾਮ ਸਿੰਘ ਨੂੰ ਨਵਾਂ ਗੇਂਦ ਸੁਟਣ ਤੇ ਲਾਇਆ ਗਿਆ। ਮੇਰੇ ਨਾਲ ਦਾ ਪਾਕਿਸਤਾਨੀ ਮੇਰੀ ਖੇਡ ਦੀ ਸੂਝ ਨੂੰ ਵੇਖ ਕੇ ਤਾੜ ਗਿਆ ਕਿ ਮੈਂ ਵੀ ਰਹਿ ਚੁਕਾ ਖਿਡਾਰੀ ਹਾਂ। । ਉਹ ਆਪ ਵੀ ਪੁਰਾਣਾ ਖਿਡਾਰੀ ਸੀ, ਪਰ ਖੇਡ ਦੀ ਸੂਝ ਉਸ ਦੀ ਪੁਰਾਣੀ ਸੀ। ਲੰਚ ਦੇ ਵੇਲੇ ਉਹ ਬਦੋ-ਬਦੀ ਮੈਨੂੰ ਸ਼ਾਮਿਆਨੇ ਹੇਠ ਕਨਾਤਾਂ ਵਿਚ ਇਕ ਟੈਂਪਰੇਰੀ ਕੈਫ਼ੇ ਵਿਚ ਲੈ ਗਿਆ ਅਤੇ ਖਾਣਾ ਖਵਾਇਆ। ਕਈ ਹੋਰ ਮੇਰੇ ਵਰਗੇ ਸਿੱਖ ਅਤੇ ਹਿੰਦੂ ਆਪਣੇ ਦੋਸਤਾਂ ਜਾਂ ਸ਼ਾਇਦ ਮੇਰੇ ਮੇਜ਼ਬਾਨਾਂ ਵਰਗੇ ਵਾਕਫ਼ਾਂ ਨਾਲ ਖਾਣਾ ਖਾ ਰਹੇ ਸਨ।

ਇਕ ਨਵੇਕਲੀ ਨੁੱਕਰ ਵਿਚ ਇਕ ਅਧੇੜ ਉਮਰ ਆਦਮੀ ਇਕ ਪਤਲੇ ਨਕਸ਼ਾਂ, ਗੋਰੇ ਰੰਗ ਅਤੇ ਭਰਵੀਂ ਜੁਆਨੀ ਵਾਲੀ ਮੁਟਿਆਰ ਨਾਲ ਇਕ ਮੇਜ਼ ਸਾਹਮਣੇ ਕੁਝ ਹੌਲੀ ਹੌਲੀ ਖਾ ਰਿਹਾ ਸੀ। ਦੁਪਹਿਰ ਤੱਕ ਧੁੱਪ ਲੱਗ ਪਈ ਸੀ ਅਤੇ ਕੁੜੀ ਨੇ ਸ਼ਾਇਦ ਸਾਹਮਣੀ ਧੁੱਪ ਤੋਂ ਬਚਣ ਲਈ, ਰੰਗਦਾਰ ਸ਼ੀਸ਼ਿਆਂ ਵਾਲੀ ਐਨਕ ਲਾ ਲਈ ਸੀ, ਜੋ ਹੁਣ ਤਕ ਵੀ ਲੱਗੀ ਹੋਈ ਸੀ। ਸ਼ੱਕ ਹੋ ਸਕਦਾ ਸੀ ਕਿ ਉਹ ਕਾਣੀ ਜਾਂ ਟੀਰੀ ਹੋਵੇ। ਜਿਉਂ ਹੀ ਉਸ ਦਾ ਧਿਆਨ ਮੇਰੇ ਤੇ ਪਿਆ ਉਸ ਦੀ ਬੁਰਕੀ ਇਕ ਪਲ ਭਰ ਲਈ ਹੱਥ ਦੀ ਹੱਥ ਵਿਚ ਫੜੀ ਤੇ ਮੂੰਹ ਅੱਡਿਆ ਹੀ ਰਹਿ ਗਿਆ। ਐਦਾਂ ਵੀ ਪਰਤੀਤ ਹੋਇਆ ਜਿਸ ਤਰ੍ਹਾਂ ਉਸ ਦੀ ਭਰਵੀਂ ਜੁਆਨੀ ਨੂੰ ਇਕ ਝਟਕਾ ਲੱਗਾ ਹੈ। ਭਾਵੇਂ ਮੈਂ ਸ਼ਾਦੀ ਨਹੀਂ ਸੀ ਕਰਾਈ, ਪਰ ਮੈਂ ਨਹੀਂ ਕਹਿ

ਸਕਦਾ ਕਿ ਔਰਤਾਂ ਬਾਰੇ ਮੇਰਾ ਕੋਈ ਤਜ਼ਰਬਾ ਨਹੀਂ। ਸਰੀਰਕ ਲੋੜਾਂ, ਸਰੀਰਕ ਲੋੜਾਂ ਹੀ ਹੁੰਦੀਆ ਹਨ ਤੇ ਭਾਵੇਂ ਮੇਰੀ ਮਾਨਸਿਕ ਤ੍ਰਿਪਤੀ ਨਹੀਂ ਸੀ ਹੁੰਦੀ, ਪਰ ਮੈਂ ਬਿਨਾਂ ਪਰਿਵਾਰ ਬਣਾਉਣ ਦੀ ਜ਼ਿੰਮੇਵਾਰੀ ਲਿਆਂ ਸਰੀਰਕ ਭੋਗ ਭੋਗਦਾ ਰਿਹਾ ਸਾਂ, ਜਿਸ ਤੋਂ ਅਠੱਤੀ ਸਾਲ ਦੀ ਉਮਰ ਤੇ ਆ ਕੇ ਮੈਂ ਮੂੰਹ ਮੋੜ ਲਿਆ ਸੀ। ਉਸ ਪੁਰਾਣੀ ਸੂਝ ਦੇ ਆਸਰੇ ਮੈਂ ਕਹਿ ਸਕਦਾ ਹਾਂ ਕਿ ਉਸ ਕਾਂਬੇ ਦੀ ਲਹਿਰ ਦੀ ਸੂਖਮਤਾ ਮੈਂ ਉਸ ਦੇ ਅਮਰੀਕਨ ਤਰਜ਼ ਦੇ ਖਿਲਰੇ ਛੱਤਿਆਂ ਦੇ ਇਕ ਇਕ ਵਾਲ ਵਿਚ ਵੀ ਮਹਿਸੂਸੀ। ਇਹ ਹੈਰਾਨੀ, ਇਕ ਕਾਂਬਾ ਤੇ ਉਸ ਦੇ ਕਾਇਮ ਰਹਿਣ ਦਾ ਸਮਾਂ ਮੇਰਾ ਵਹਿਮ ਵੀ ਹੋ ਸਕਦਾ ਸੀ। ਪਰ ਦੂਸਰੇ ਪਲ ਹੀ ਜਦ ਉਸ ਨੇ ਆਪਣੀਆਂ ਕਿਸ਼ਤੀ ਵਰਗੀਆਂ ਸੁੰਦਰ ਅੱਖਾਂ ਤੋਂ ਐਨਕ ਉਤਾਰ ਕੇ ਵੇਖਿਆ ਤਾਂ ਮੈਨੂੰ ਇਉਂ ਪ੍ਰਤੀਤ ਹੋ ਰਿਹਾ ਸੀ ਕਿ ਜਿਵੇਂ ਉਨ੍ਹਾਂ ਵਿਚ ਸ਼ੱਕ, ਯਕੀਨ ਵਿਚ ਬਦਲਣ ਦੀ ਕੋਸ਼ਿਸ਼ ਕਰ ਰਿਹਾ ਹੈ। ਯਕੀਨਨ ਕੁੜੀ ਪਾਕਿਸਤਾਨੀ ਸੀ, ਪਰ ਉਸ ਦੇ ਪਹਿਰਾਵੇ, ਬੇਪਰਦਗੀ ਅਤੇ ਖੁਲ੍ਹਡੁਲ੍ਹ ਤੋਂ ਮੈਨੂੰ ਉਸ ਦੇ ਈਸਾਈ ਹੋਣ ਦਾ ਸ਼ੱਕ ਪਿਆ। ਕੁੜੀ ਦੇ ਖਾ ਪੀ ਚੁੱਕਣ ਤੋਂ ਮਗਰੋਂ ਵੀ ਮਲੂਮ ਹੁੰਦਾ ਸੀ ਕਿ ਉਹ ਖਾਣ ਪੀਣ ਨੂੰ ਲਮਕਾ ਰਹੀ ਹੈ। ਉਸ ਦੇ ਸਾਥੀ ਨੇ ਘੜੀ ਦਿਖਾ ਕੇ ਲੰਚ ਦਾ ਸਮਾਂ ਮੁੱਕਣ ਵਾਲਾ ਹੋਣ ਦਾ ਚੇਤਾ ਵੀ ਕਰਾਇਆ। ਆਖ਼ਰ ਖਾ ਪੀ ਚੁੱਕਣ ਤੋਂ ਮਗਰੋਂ ਅਸੀਂ ਉੱਠੇ। ਬਿਲ ਦੀ ਅਦਾਇਗੀ ਮੇਰੇ ਸਾਥੀ ਨੇ ਕੀਤੀ। ਕੁੜੀ ਸਾਡੀ ਹਰ ਇਕ ਹਰਕਤ ਦਾ ਪਿੱਛਾ ਨਜ਼ਰਾਂ ਨਾਲ ਕਰ ਰਹੀ ਸੀ। ਉਹ ਛੇਤੀ ਨਾਲ ਉਠੀ ਅਤੇ ਆਪਣੇ ਸਾਥੀ ਨੂੰ ਬਿਲ ਅਦਾ ਕਰਦਾ ਛੱਡ ਕੇ ਮੇਰੇ ਮੇਜ਼ਬਾਨ ਨਾਲ ਆ ਰਲੀ, ਜੋ ਮੈਥੋਂ ਕੁਝ ਪਿੱਛੇ ਰਹਿ ਗਿਆ ਸੀ। ਉਸ ਤੋਂ ਸੰਖੇਪ ਜਿਹੀ ਗੱਲ ਦਾ ਉੱਤਰ ਲੈ ਕੇ ਉਹ ਉਥੇ ਹੀ ਖੜ੍ਹੋ ਗਈ ਅਤੇ ਉਸ ਦੀ ਤੱਕਣੀ ਤੋਂ ਪ੍ਰਤੀਤ ਹੋਇਆ ਕਿ ਉਹ ਭੂਤ-ਕਾਲ ਦੇ ਪੱਤਰਿਆਂ ਵਿਚੋਂ ਕੋਈ ਕਾਫ਼ੀ ਬੇਪਛਾਣ ਹੋ ਚੁਕੀ ਤਸਵੀਰ ਲੱਭ ਰਹੀ ਹੈ। ਉਸ ਦੀਆਂ ਅੱਖਾਂ ਦੇ ਦੁਆਲੇ ਦੁੱਖ ਦੀਆਂ ਰੇਖਾਂ ਉੱਘੜ ਪਈਆਂ ਸਨ। ਉਸ ਦਾ ਸਾਥੀ ਵੀ ਉਸ ਦੇ ਨਾਲ ਆ ਰਲਿਆ ਸੀ। ਪਰ ਮੈਂ ਐਨੇ ਗਹੁ ਨਾਲ ਸਭ ਕੁਝ ਕਿਉਂ ਦੇਖ ਰਿਹਾ ਸਾਂ? ਇਸ ਸਵਾਲ ਦਾ ਜਵਾਬ ਹਰ ਆਦਮੀ ਦੇ ਸਕਦਾ ਹੈ, ਜਿਸ ਦੇ ਸਾਹਮਣੇ ਇਕ ਖ਼ੂਬਸੂਰਤ ਕੁੜੀ ਹੋਵੇ।

ਜਦੋਂ ਅਸੀਂ ਆਪਣੀਆਂ ਸੀਟਾਂ ਤੇ ਜਾ ਬੈਠੇ ਤਾਂ ਮੈਨੂੰ ਪਤਾ ਲੱਗਾ ਕਿ ਉਹ ਲੜਕੀ ਤੇ ਉਸ ਦਾ ਸਾਥੀ ਸਾਥੋਂ ਬਹੁਤ ਦੂਰ ਨਹੀਂ ਸਨ। ਉਹ ਸਾਥੋਂ ਅਗਲੀ ਕਤਾਰ ਦੀਆਂ ਕੁਰਸੀਆਂ ਵਿਚ ਸਨ। ਕੁੜੀ ਮੈਚ ਦੇ ਦੌਰਾਨ ਵਿਚ ਘੜੀ ਮੁੜੀ ਮੁੜ ਕੇ ਵੇਖਦੀ ਰਹੀ। ਆਖ਼ਰ ਮੈਂ ਆਪਣੇ ਸਾਥੀ ਨੂੰ ਪੁੱਛਿਆ, “ਕੀ ਤੁਸੀਂ ਇਸ ਕੁੜੀ ਨੂੰ ਜਾਣਦੇ ਹੋ?”

"ਲਓ ਸਰਦਾਰ ਸਾਹਿਬ, ਤੁਸੀਂ ਵੀ ਉਹ ਸਵਾਲ ਪੁੱਛ ਰਹੇ ਹੋ ਜੋ ਉਸ ਨੇ ਕੈਫ਼ੇ ਲਾਗੇ ਮੈਥੋਂ ਤੁਹਾਡੇ ਮੁਤੱਲਕ ਪੁੱਛਿਆ ਸੀ। ਮੈਂ ਉਸ ਨੂੰ ਓਨਾ ਹੀ ਜਾਣਦਾ ਹਾਂ ਜਿੰਨਾ ਤੁਹਾਨੂੰ। ਹਾਂ, ਕੀ ਤੁਸੀਂ ਮੈਨੂੰ ਆਪਣਾ ਪਤਾ ਨਹੀਂ ਲਿਖਾਓਗੇ?" ਮੈਂ ਉਸ ਨੂੰ ਆਪਣਾ ਪਤਾ ਲਿਖ ਦਿੱਤਾ ਅਤੇ ਉਸ ਦਾ ਵੀ ਲਿਖ ਲਿਆ।

ਮੈਂ ਫ਼ੈਸਲਾ ਕਰ ਚੁੱਕਾ ਸਾਂ ਕਿ ਸ਼ਾਮ ਨੂੰ ਅੰਮ੍ਰਿਤਸਰ ਮੁੜ ਆਵਾਂਗਾ। ਲੰਚ ਤੋਂ ਮਗਰੋਂ ਭਾਰਤ ਦੇ ਬੌਲਰਾਂ ਦਾ ਪੱਲਾ ਭਾਰੀ ਰਿਹਾ ਤੇ ਉਹਨਾਂ ਚਾਹ ਦੇ ਸਮੇਂ ਤੋਂ ਪਹਿਲਾਂ ਇਮਤਿਆਜ਼, ਸ਼ੁਜਾਅ ਅਤੇ ਫ਼ਜ਼ਲ ਨੂੰ ਆਊਟ ਕਰ ਲਿਆ। ਚਾਹ ਤੋਂ ਪਹਿਲੋਂ ਭਾਰਤੀ ਬਾਈ ਰਨਜ਼ਾਂ ਬਣਾ ਚੁਕੇ ਸਨ। ਮੇਰੇ ਸਾਥੀ ਨੇ ਚਾਹ ਪੀਣ ਲਈ ਕਿਹਾ, ਪਰ ਮੈਂ ਅੰਮ੍ਰਿਤਸਰ ਵਾਪਸ ਆਉਣ ਦੀ ਤਿਆਰੀ ਵਿਚ ਸਾਂ। ਮੇਰੇ ਸਾਥੀ ਨੇ ਕਿਹਾ ਕਿ ਤੁਸੀਂ ਮੇਰੇ ਘਰ ਹੀ ਠਹਿਰੋ। ਪਰ ਛਨਿਛਰਵਾਰ ਛੁੱਟੀ ਨਾ ਮਿਲਣ ਕਰਕੇ ਮੈਂ ਬੈਂਕ ਵਿਚੋਂ ਪੈਸੇ ਨਹੀਂ ਕਢਾ ਸਕਿਆ ਸਾਂ ਅਤੇ ਜਿਹੜੇ ਪੈਸੇ ਘਰ ਵਿਚ ਸਨ ਉਹੋ ਹੀ ਲੈ ਕੇ ਲਾਹੌਰ ਆ ਗਿਆ ਸਾਂ। ਸੋਮਵਾਰ ਮੇਰੀ ਭੈਣ ਨੂੰ ਪੈਸੇ ਲੋੜੀਂਦੇ ਸਨ ਤੇ ਮੈਂ ਆਪਣੇ ਸਾਥੀ ਦੇ ਘਰ ਹੁਣ ਬਿਨਾਂ ਤੋਹਫ਼ੇ ਦੇ ਜਾਣਾ ਪਸੰਦ ਵੀ ਨਹੀਂ ਸਾਂ ਕਰਦਾ।

ਚਾਹ ਦਾ ਅੱਧਾ ਸਮਾਂ ਬੀਤ ਗਿਆ ਸੀ, ਜਦੋਂ ਮੈਂ ਆਪਣੀ ਮਜ਼ਬੂਰੀ ਜੋਤਾ ਕੇ ਤੇ ਫੇਰ ਕਦੇ ਮਿਲਣ ਦਾ ਵਾਅਦਾ ਦੇ ਕੇ ਬਾਹਰ ਆਉਣ ਲਈ ਉਠਿਆ ਤੇ ਆਪਣੇ ਨਵੇਂ ਦੋਸਤ ਨਾਲ ਬਗ਼ਲਗੀਰ ਹੋ ਕੇ ਵਿਛੜਿਆ। ਉਹ ਕੁੜੀ ਸਮੇਤ ਆਪਣੇ ਸਾਥੀ ਦੇ ਚਾਹ ਦੇ ਸਮੇਂ ਵੀ ਆਪਣੀ ਥਾਂ ਤੇ ਬੈਠੀ ਰਹੀ ਸੀ। ਭਾਵੇਂ ਵਿਚ ਵਿਚ ਉਹ ਸਾਡੇ ਵਲ ਵੇਖਦੀ ਵੀ ਰਹੀ ਸੀ, ਪਰ ਜਦੋਂ ਮੈਂ ਬਾਹਰ ਵਲ ਤਿਆਰ ਹੋਇਆ ਤਾਂ ਉਹ ਸਾਹਮਣੇ ਰਾਮ-ਰੌਲੇ ਵਲ ਬੇਧਿਆਨੀ ਨਾਲ ਦੇਖਦੀ ਪ੍ਰਤੀਤ ਹੁੰਦੀ ਸੀ। ਮੈਂ ਬਾਹਰ ਆ ਕੇ ਪੈਦਲ ਸਟੇਸ਼ਨ ਤਕ ਪਹੁੰਚਣ ਦਾ ਫ਼ੈਸਲਾ ਕੀਤਾ। ਬਾਹਰ ਵਿਰਲਾ ਵਿਰਲਾ ਆਦਮੀ ਬਾਗ਼ ਦੀਆਂ ਸੜਕਾਂ ਤੇ ਤੁਰ ਰਿਹਾ ਸੀ। ਮੈਂ ਬਾਗ਼ ਦੀਆਂ ਪੁਰਾਣੀਆਂ ਨਿਸ਼ਾਨੀਆਂ ਵੱਲ ਦੇਖਦਾ ਹੌਲੀ ਹੌਲੀ ਤੁਰ ਰਿਹਾ ਸਾਂ। ਪਹਾੜੀ ਤੇ ਇਕ ਬੰਨਿਓਂ ਚੜ੍ਹ ਕੇ ਦੂਜੇ ਬੰਨਿਓਂ ਹੌਲੀ ਹੌਲੀ ਉਤਰਦਾ ਮੈਂ ਚਿੜੀਆ-ਘਰ ਵਲ ਦੇਖਦਾ ਆ ਰਿਹਾ ਸਾਂ। ਚਿੜੀਆ-ਘਰ ਉਜੜਿਆ ਪੁਜੜਿਆ ਜਾਪਦਾ ਸੀ, ਜਿਵੇਂ ਪਸ਼ੂ ਪੰਛੀ ਵੀ ਮੇਲਾ ਵੇਖਣ ਚਲੇ ਗਏ ਹੋਣ। ਬਾਗੇ ਜਿਨਾਹ ਵਿਚੋਂ ਮੌਂਟਗੁਮਰੀ-ਹਾਲ ਦੇਸੀ ਤੇ ਬਦੇਸ਼ੀ ਦੇਵ-ਕੱਦ ਦਰੱਖ਼ਤਾਂ ਦੀਆਂ ਟੀਸੀਆਂ ਤੋਂ ਉੱਚਾ ਹੋ ਹੋ ਕੇ ਐਟਲੀ ਅਤੇ ਚਰਚਲ ਦੀ ਮਿਲਵੀਂ ਅਵਾਜ਼ ਵਿਚ ਹੈਰਾਨੀ ਨਾਲ ਮੈਚ ਵਲ ਦੇਖਦਾ ਮਾਨੋ ਕਹਿ ਰਿਹਾ ਸੀ, "ਕੀ ਸਾਡੀ ਬੀਜੀ ਹੋਈ ਨਫ਼ਰਤ ਵੀ ਪਿਆਰ ਵਿਚ ਬਦਲ ਸਕਦੀ ਹੈ ?" ਮੈਂ

ਹੌਲੀ ਹੌਲੀ ਬਾਗ਼ ਤੋਂ ਬਾਹਰ ਵੱਲ ਤੁਰਿਆ ਜਾ ਰਿਹਾ ਸਾਂ, ਜਦ ਮੈਂ ਜਨਾਨੀ ਗੁਰਗਾਬੀ ਦੇ ਕਦਮਾਂ ਦੀ ਕਾਹਲੀ ਕਾਹਲੀ ਅਵਾਜ਼ ਪਿਛੋਂ ਵਧਦੀ ਆਉਂਦੀ ਸੁਣੀ। ਬਿਨਾਂ ਪਿੱਛਾ ਦੇਖਿਆ ਮੈਂ ਮਹਿਸੂਸਿਆ ਕਿ ਮੈਂ ਇਸ ਤੀਵੀਂ ਤੋਂ ਵੀ ਹੌਲੀ ਤੋਰ ਨਾਲ ਮਾਲ, ਬੀਡਨ ਰੋਡ, ਮੈਕਲੋਡ ਰੋਡ, ਸਰਕੂਲਰ ਰੋਡ, ਦਿੱਲੀ ਦਰਵਾਜ਼ਾ ਤੇ ਲੰਡੇ ਬਜ਼ਾਰ ਵਿਚੋਂ ਹੋ ਕੇ ਲਾਹੌਰ ਦੇ ਵਾਸੀਆਂ ਦੀ ਸਹੀ ਹਾਲਤ ਦਾ ਅੰਦਾਜ਼ਾ ਲਾਉਂਦਾ ਹੋਇਆ ਅੰਮ੍ਰਿਤਸਰ ਵਲ ਮੁੜਦੀ ਪਹਿਲੀ ਗੱਡੀ ਨੂੰ ਨਹੀਂ ਪਕੜ ਸਕਾਂਗਾ ਅਤੇ ਸੁਤੇ ਸਿਧ ਮੇਰੇ ਕਦਮ ਲੰਮੇਰੇ ਅਤੇ ਤੇਜ਼ ਪੈਣੇ ਸ਼ੁਰੂ ਹੋ ਗਏ। ਮੇਰੇ ਕੰਨਾਂ ਦੇ ਪੜਦੇ ਤੇ ਜ਼ਨਾਨੇ ਕਦਮਾਂ ਦੀ ਅਵਾਜ਼ ਪਿੱਛੇ ਰਹਿਣੀ ਸ਼ੁਰੂ ਹੋ ਗਈ ਸੀ ਕਿ ਅਚਾਨਕ ਕਿਸੇ ਜ਼ਨਾਨੀ ਸ਼ਗੁਫ਼ਤਾ ਅਵਾਜ਼ ਨੇ ਪੁਕਾਰਿਆ, "ਸਰਦਾਰ ਸਾਹਿਬ।" ਮੁੜ ਕੇ ਡਿੱਠਾ ਉਹੋ ਗੌਗਲਜ਼ ਵਾਲੀ ਕੁੜੀ ਹੀ ਤਾਂ ਸੀ ਉਹ ! ਮੈਂ ਉਸ ਦੇ ਕੋਲ ਪਹੁੰਚ ਜਾਣ ਤਕ ਕਿਸੇ ਸਵਾਲ ਦੀ ਉਡੀਕ ਕਰਦਾ ਖੜੋਤਾ ਰਿਹਾ।

"ਤੁਸੀਂ ਅਚਾਨਕ ਤੁਰ ਹੀ ਆਏ, ਤੁਸੀਂ ਅੰਮ੍ਰਿਤਸਰੋਂ ਆਹੇ ਹੋ ਨਾ ?" ਉਸ ਕੋਲ ਪਹੁੰਚਦਿਆਂ ਆਖਿਆ। ਉਸ ਦਾ ਪਹਿਲਾ ਵਾਕ ਇਸ ਤਰ੍ਹਾਂ ਦਾ ਸੀ, ਜਿਵੇਂ ਉਹ ਵਾਕਫ਼ ਨਾਲ ਗੱਲ ਕਰ ਰਹੀ ਹੋਵੇ ਤੇ ਦੂਸਰਾ ਇਉਂ, ਜਿਵੇਂ ਨਾਵਾਕਫ਼ ਨਾਲ। "ਜੀ ਹਾਂ, ਮੈਂ ਅੰਮ੍ਰਿਤਸਰੋਂ ਹਾਂ ਅਤੇ ਅੰਮ੍ਰਿਤਸਰ ਹੀ ਵਾਪਸ ਜਾ ਰਿਹਾ ਹਾਂ"

"ਐਡੀ ਛੇਤੀ ? ਤੁਸੀਂ ਗੇਂਦ ਤੇ ਬੱਲੇ ਦੇ ਸ਼ੌਕੀਨ ਮਲੂਮ ਹੁੰਦੇ ਹੋ। ਸਾਰਾ ਮੈਚ ਕਿਉਂ ਨਹੀਂ ਦੇਖਦੇ ? ਦੋ ਹੀ ਦਿਨ ਤਾਂ ਹੋਰ ਨੇ।"

"ਏਸ ਲਈ ਅੱਜ ਜਲਦੀ ਜਾ ਰਿਹਾ ਹਾਂ ਕਿ ਕੱਲ੍ਹ ਆ ਸਕਾਂ।"

"ਤੁਸੀਂ ਅੱਜ ਏਥੇ ਹੀ ਕਿਉਂ ਨਹੀਂ ਰਹਿੰਦੇ ?"

ਉਹ ਆਪਣੇ ਸੰਬੰਧ ਵਿਚ ਕੁਝ ਨਹੀਂ ਕਹਿ ਰਹੀ ਸੀ। ਕਈ ਖ਼ਿਆਲ ਮੇਰੇ ਦਿਲ ਵਿਚ ਉਠ ਰਹੇ ਸਨ। ਮੈਂ ਸਮਝਿਆ, ਸ਼ਾਇਦ ਉਹ ਕੋਈ ਵੇਸਵਾ ਹੋਵੇ, ਜਿਹੜੀ ਸ਼ਿਕਾਰ ਖੇਡਣ ਨਿਕਲੀ ਹੋਵੇ। ਕੋਈ ਸੁਸਾਇਟੀ-ਗਰਲ ਹੋਵੇ ਅਤੇ ਮੇਰੇ ਨਜ਼ਦੀਕ ਇਹ ਨਾਂ ਵੀ ਉਹੋ ਜਿਹਾ ਹੈ ਜਿਹੋ ਜਿਹਾ ਪਹਿਲਾ।

ਮੈਂ ਉੱਤਰ ਦਿੱਤਾ, ਮੈਨੂੰ ਅੰਮ੍ਰਿਤਸਰ ਅੱਜ ਜ਼ਰੂਰੀ ਕੰਮ ਹੈ, ਨਾਲੇ ਮੈਂ ਬਿਸਤਰਾ ਵਗ਼ੈਰਾ ਨਹੀਂ ਲਿਆਇਆ।"

"ਬਿਸਤਰੇ ਵਗ਼ੈਰਾ ਦੀ ਗੱਲ ਛੱਡੋ। ਅੱਜ ਸਾਡੇ ਗ਼ਰੀਬਖ਼ਾਨੇ ਤਸ਼ਰੀਫ਼ ਰੱਖੋ। ਮੁਆਫ਼ ਰੱਖਣਾ ਮੈਂ ਹਾਂ ਜ਼ੁਬੈਦਾ ਜ਼ੁਬੈਦਾ ਬਾਨੋ ਬੀ. ਏ., ਬੀ. ਟੀ. ਟੀਚਰੈਸ" ਅਤੇ ਫਿਰ ਅੰਗਰੇਜ਼ੀ ਵਿਚ ਬਦਲਦਿਆਂ ਉਸ ਜਾਰੀ ਰੱਖਿਆ, "ਅਸੀਂ ਤੁਹਾਡੇ ਹਰ ਅਰਾਮ ਦਾ ਖ਼ਿਆਲ ਰੱਖਾਂਗੇ।" ਇਹ ਵਾਕ ਮੁੱਕਣ ਤੋਂ ਝੱਟ ਮਗਰੋਂ ਉਸ ਸ਼ਾਇਦ ਆਪਣੀ ਬੇਨਤੀ ਵਿਚ ਜ਼ਿਆਦਾ ਅਸਰ ਭਰਨ ਲਈ ਕਿਹਾ, "ਮੈਂ ਵੀ ਅੰਮ੍ਰਿਤਸਰ ਦੀ ਹਾਂ। ਮੇਰੀ ਮਾਂ ਅੰਮ੍ਰਿਤਸਰ ਦੀ ਧਰਤੀ ਦੀ ਗੋਦ ਵਿਚ ਸਦਾ ਲਈ ਲੇਟੀ ਪਈ ਹੈ!"

ਮੇਰੀ ਨਜ਼ਰ ਵਿਚ ਲਟਕਦਾ ਇਨਕਾਰ ਵੇਖ ਕੇ ਉਹ ਮੇਰੇ ਬੋਲਣ ਤੋਂ ਪਹਿਲਾਂ ਹੀ ਬੋਲ ਉੱਠੀ, "ਚਾਹ ਦਾ ਵੇਲਾ ਹੈ, ਆਓ ਜ਼ਰਾ ਕਿਤੇ ਬੈਠ ਕੇ ਚਾਹ ਹੀ ਪੀ ਲਈਏ।"

ਮੈਨੂੰ ਉਸ ਦੀਆਂ ਸਾਰੀਆਂ ਗੱਲਾਂ ਤੇ ਸ਼ੱਕ ਹੋ ਰਿਹਾ ਸੀ। ਮੈਂ ਉਸ ਏਡੀ ਹੁਸੀਨ ਕੁੜੀ ਨੂੰ ਨਫਰਤ ਕਰਨ ਲੱਗ ਪਿਆ ਸਾਂ। ਮੈਂ ਉਸ ਨਾਲ ਗੱਲ ਤੋੜਨ ਲਈ ਕਿਹਾ, "ਤੁਹਾਡੇ ਵਰਗੀ ਸ਼ਰੀਫ਼ ਔਰਤ ਨਾਲ ਚਾਹ ਪੀਣ ਜੋਗੇ ਮੇਰੇ ਕੋਲ ਪੈਸੇ ਵੀ ਤਾਂ ਨਹੀਂ।"

"ਤੁਸੀਂ, ਸਰਦਾਰ ਸਾਹਿਬ, ਮੇਰੇ ਨਾਲ ਜ਼ਿਆਦਤੀ ਕਰ ਰਹੇ ਹੋ, ਪਰ ਤੁਸੀਂ ਸਾਡੇ ਮਹਿਮਾਨ ਹੋ। ਜੇ ਕਹੋ ਸਿਰ ਮੱਥੇ ਤੇ ਪਰ ਪੈਸਿਆਂ ਦੀ ਤਾਂ ਕੋਈ ਫ਼ਿਕਰ ਆਪ ਨੂੰ ਨਹੀਂ ਕਰਨੀ ਚਾਹੀਦੀ।"

ਮੈਂ ਸਮਝਿਆ ਨਾਗਨ ਆਪਣੇ ਪੇਚ ਮੇਰੇ ਦੁਆਲੇ ਕੱਸਣ ਦਾ ਯਤਨ ਕਰ ਰਹੀ ਹੈ। ਮੈਂ ਕਿਹਾ, "ਮੈਂ ਬਜ਼ਾਰੀ ਚਾਹ ਕਦੇ ਨਹੀਂ ਪੀਂਦਾ।"

ਉਸ ਦੀ ਤਿਲਮਲਾਹਟ ਚਿਹਰੇ ਤੋਂ ਪ੍ਰਗਟ ਤਾਂ ਨਹੀਂ ਸੀ ਹੁੰਦੀ, ਪਰ ਮੈਂ ਇਹ ਨਹੀਂ ਕਹਿ ਸਕਦਾ ਕਿ ਉਸ ਦੇ ਅੰਦਰ ਤਿਲਮਲਾਹਟ ਨਹੀਂ ਸੀ। ਖ਼ੰਜਰ ਖੋਭਣ ਵਾਲੇ ਨੂੰ ਫੁੱਲ ਭੇਟ ਕਰਨ ਵਾਲੇ ਵਾਂਗ ਉਹ ਮੁਸਕਰਾਉਂਦੀ ਹੋਈ ਬੋਲੀ, "ਚਾਏ ਘਰ ਵੀ ਬਣਾਈ ਜਾ ਸਕਦੀ ਹੈ।" ਪਰ ਹੁਣ ਉਹ ਕੁਝ ਮੇਰੇ ਤੋਂ ਨਿਰਾਸ ਹੋ ਚੁੱਕੀ ਜਾਪਦੀ ਸੀ। ਕੌਣ ਕੋਈ ਉਸ ਦੀ ਮੁਸਕਰਾਹਟ ਤੇ ਕੁਰਬਾਨ ਨਾ ਹੋ ਜਾਂਦਾ। ਮੈਂ ਆਪਣੇ ਆਪ ਉਤੇ ਮਨ ਹੀ ਮਨ ਧਿਰਕਾਰ ਪਾਈ। ਮੈਨੂੰ ਇਵੇਂ ਨਹੀਂ ਕਰਨਾ ਚਾਹੀਦਾ ਸੀ। ਭਾਵੇਂ ਮੈਂ ਉਸ ਦੇ ਸੰਬੰਧ ਵਿਚ ਕੁਝ ਨਹੀਂ ਸੀ ਜਾਣਦਾ ਤੇ ਭਾਵੇਂ ਉਹ ਉਹੋ ਜਿਹੀ ਜਾਂ ਉਸ ਤੋਂ ਵੀ ਭੈੜੀ ਹੋਵੇ, ਜਿਹੋ ਜਿਹੀ ਕਿ ਮੈਂ ਉਸ ਨੂੰ ਕਲਪਦਾ ਸਾਂ, ਤਾਂ ਵੀ ਉਹ ਇਕ ਤ੍ਰੀਮਤ ਸੀ। ਨਾਲ ਜੇ ਮੈਂ ਉਸ ਨੂੰ ਖ਼ੁਸ਼ ਕਰ ਦੇਵਾਂ ਤਾਂ ਉਹ ਮੇਰਾ ਕੀ ਵਿਗਾੜ ਸਕਦੀ ਹੈ। ਮੈਂ ਖ਼ਤਰਨਾਕ ਜ਼ਮੀਨ ਤੇ ਕਦਮ ਹੀ ਨਾ ਰੱਖਾਂਗਾ। ਫੇਰ ਡਰ ਨਾਲ ਮੈਂ ਅੰਦਰੋਂ ਕੰਬ ਉਠਿਆ। ਉਹ ਮੈਨੂੰ ਪਾਰ ਹੀ ਨਾ ਬੁਲਾਏ। ਮੈਨੂੰ ਆਪਣੀ ਕਾਇਰਤਾ

ਤੇ ਸ਼ਰਮ ਆਈ। ਮੈਂ ਅੱਜ ਜ਼ਰੂਰ ਇਕ ਹੋਰ ਤਜ਼ਰਬਾ ਕਰਾਂਗਾ। ਇਹ ਕੁਝ ਮੈਂ ਪਲ ਭਰ ਵਿਚ ਉੱਤਰ ਦੇਣ ਤੋਂ ਪਹਿਲਾਂ ਸੋਚ ਲਿਆ।

ਮੈਂ ਕਿਹਾ, "ਮੁਆਫ਼ ਕਰਨਾ ਦੇਵੀ, ਮੇਰਾ ਰਵੱਈਆ ਸਾਰੇ ਦਾ ਸਾਰਾ ਗੈਰ ਸ਼ਰੀਫ਼ਾਨਾ ਰਿਹਾ ਹੈ। ਮੈਂ ਜ਼ਰੂਰ ਤੁਹਾਡੇ ਨਾਲ ਚਾਹ ਪੀਵਾਂਗਾ, ਜੇ ਇਹ ਤੁਹਾਨੂੰ ਖ਼ੁਸ਼ੀ ਦੇ ਸਕੇ। ਪਰ ਮੈਂ ਸੱਚ ਕਹਿ ਰਿਹਾ ਸਾਂ ਕਿ ਮੇਰੀ ਜੇਬ ਮਹਿਦੂਦ ਹੈ।"

'ਦੇਵੀ' ਸ਼ਬਦ ਨੇ ਉਸ ਤੇ ਬੜਾ ਸਿਹਤਮੰਦ ਅਸਰ ਕੀਤਾ। ਇਨ੍ਹਾਂ ਗੱਲਾਂ ਦੇ ਦੌਰਾਨ ਵਿਚ ਇੱਕੜ-ਦੁੱਕੜ ਬੰਦੇ ਸਾਡੇ ਵਲ ਵੇਖਦੇ ਲੰਘੇ ਸਨ। ਹੁਣ ਜ਼ੁਬੈਦਾਂ ਦੀਆਂ ਅੱਖਾਂ ਲਿਸ਼ਕ ਰਹੀਆਂ ਸਨ। "ਅਸੀਂ ਘਰ ਚਲ ਕੇ ਚਾਹ ਪੀਵਾਂਗੇ। ਮੈਨੂੰ ਪਤਾ ਹੈ ਕਿ ਤੁਸੀਂ ਛੋਹ ਛਾਹ ਨੂੰ ਨਹੀਂ ਮੰਨਦੇ, ਕਿਉਂਕਿ ਤੁਸੀਂ ਦੁਪਹਿਰੇ ਮੁਸਲਮ ਕੈਫ਼ੇ ਤੋਂ ਲੰਚ ਖਾਧਾ ਸੀ।"

ਮੈਥੋਂ ਜਿਵੇਂ ਤੁਹਾਡੀ ਮਰਜ਼ੀ' ਸੁਣਦਿਆਂ ਹੀ ਉਸ ਟਾਂਗੇ ਵਾਲੇ ਨੂੰ ਅਵਾਜ਼ ਦਿੱਤੀ। ਮੈਂ ਅਗਲੀ ਸੀਟ ਤੇ ਬੈਠ ਗਿਆ ਤੇ ਉਹ ਪਿਛਲੀ ਤੇ, ਅਤੇ ਉਸ ਨੇ ਟਾਂਗੇ ਵਾਲੇ ਨੂੰ ਹਦਾਇਤ ਦਿੱਤੀ, 'ਪ੍ਰੇਮ ਗਲੀ ਨੰਬਰ ਤਿੰਨ।"

ਟਾਂਗਾ ਅਸੈਂਬਲੀ-ਘਰ ਤੋਂ ਮੁੜ ਕੇ ਐਬਟ ਰੋਡ ਤੋਂ ਹੁੰਦਾ ਮੈਕਲੋਡ ਰੋਡ ਨੂੰ ਪਾਰ ਕਰਦਾ ਨਿਸਬਤ ਰੋਡ ਤੇ ਦੌੜਨ ਲੱਗਾ। ਦਿਆਲ ਸਿੰਘ ਕਾਲਜ ਲਾਇਬ੍ਰੇਰੀ, ਪਾਕਿਸਤਾਨ ਟਾਈਮਜ਼ ਦਾ ਦਫ਼ਤਰ, ਮੇਓ ਹਸਪਤਾਲ ਦਾ ਚੌਕ ਤੇ ਫੇਰ ਟਾਂਗਾ ਸੱਜੇ ਹੱਥ ਮੁੜਿਆ। ਇਕ, ਦੋ, ਤਿੰਨ, ਤੇ ਟਾਂਗਾ ਗਲੀ ਨੰਬਰ ਤਿੰਨ ਵਿਚ ਦੌੜਨ ਲੱਗਾ। ਉਸ ਅੱਧ ਵਿਚ ਪਹੁੰਚ ਕੇ ਕਾਟਵੀਂ ਗਲੀ ਤੋਂ ਖੱਬੇ ਪਾਸੇ ਮੁੜਵਾ ਕੇ ਟਾਂਗੇ ਵਾਲੇ ਨੂੰ ਦੂਸਰੇ ਮਕਾਨ ਤੇ ਖੜੇ ਹੋਣ ਲਈ ਕਿਹਾ। ਬਟੂਏ ਵਿਚੋਂ ਦੋ ਦਾ ਨੋਟ ਕੱਢ ਕੇ ਕੁੜੀ ਨੇ ਟਾਂਗੇ ਵਾਲੇ ਵਲ ਵਧਾਇਆ ਤਾਂ ਟਾਂਗੇ ਵਾਲੇ ਨੇ ਕਿਹਾ, "ਬੀਬੀ ਜੀ! ਕੀ ਇਹ ਆਪ ਦੇ ਹੀ ਮਹਿਮਾਨ ਹਨ, ਮੇਰੇ ਨਹੀਂ ?" ਇਹ ਗੱਲ ਸੁਣ ਕੇ ਮੇਰਾ ਬਟੂਆ ਖਿੱਚਦਾ ਹੱਥ ਜੇਬ ਵਿਚ ਹੀ ਅਟਕ ਗਿਆ। ਜ਼ੁਬੈਦਾ ਦੇ ਬੜੇ ਮਜਬੂਰ ਕਰਨ ਤੇ ਵੀ ਉਸ ਇਕ ਪੈਸਾ ਨਾ ਲਿਆ। ਮੈਨੂੰ ਆਪਣੇ ਮਤਰੇਏ ਭਣੇਵੇਂ ਰਾਹੀਂ ਬਣੇ ਨਵੇਂ ਦੋਸਤ ਦੀ ਗੱਲ ਯਾਦ ਆਈ। ਟਾਂਗੇ ਵਾਲਾ ਮਜ਼ਦੂਰ ਸੀ, ਕੋਈ ਮਾਲਦਾਰ ਤਾਂ ਨਹੀਂ ਸੀ।

ਜ਼ੁਬੈਦਾ ਨੇ ਬੈੱਲ ਦਾ ਬਟਣ ਨੱਪਿਆ। ਕੁਝ ਚਿਰ ਮਗਰੋਂ ਇਕ ਅੱਧਘੜ ਤੀਵੀਂ ਨੇ ਦਰਵਾਜ਼ਾ ਖੋਲ੍ਹਿਆ। ਇਕ ਸਿੱਖ ਨੂੰ ਆਪਣੇ ਮਾਲਕ ਦੀ ਅਣਵਿਆਹੀ ਲੜਕੀ ਨਾਲ ਵੇਖ

ਕੇ ਉਹ ਕੁਝ ਝਿਜਕੀ, ਪਰ ਕਲ੍ਹ ਤੋਂ ਜੋ ਮੇਜ਼ਬਾਨੀ ਪਾਕਿਸਤਾਨੀ, ਹਿੰਦੀ ਭਾਈਆਂ ਦੀ ਕਰ ਰਹੇ ਸਨ, ਉਸ ਨੂੰ ਖ਼ਿਆਲ ਵਿਚ ਰੱਖਦਿਆਂ ਉਸ ਨੇ ਆਪਣੇ ਆਪ ਨੂੰ ਸੰਭਾਲਦਿਆਂ ਕਿਹਾ, "ਜ਼ੁਬੈਦਾ ਬੇਟੀ! ਮੇਜ਼ਰ ਸਲੀਮ ਸਾਹਿਬ ਆਏ ਸਨ।"

"ਉਹ ਕਦੇ ਮੇਰਾ ਖਹਿੜਾ ਛੱਡੇਗਾ ਵੀ। ਅੱਬਾ ਜਾਨ ਉਸ ਦਾ ਹੌਂਸਲਾ ਵਧਾ ਰਹੇ ਹਨ। ਜ਼ਰਾ ਪਾਣੀ ਚਾਹ ਲਈ ਰੱਖ ਦੇ ਨਾ।"

"ਤੁਸੀਂ, ਸਰਦਾਰ ਸਾਹਿਬ ਜ਼ਰਾ ਤਸ਼ਰੀਫ ਰੱਖੋ, ਮੈਂ ਜ਼ਰਾ ਚਾਹ ਦਾ ਇੰਤਜ਼ਾਮ ਕਰ ਕੇ ਆਈ।"

"ਕੋਈ ਉਚੇਚ ਕਰਨ ਦੀ ਲੋੜ ਨਹੀਂ ਜ਼ੁਬੈਦਾਂ ਭੈਣ !"

"ਤਾਂ ਤੁਸੀਂ ਮੈਨੂੰ ਬਿਲਕੁਲ ਨਹੀਂ ਪਹਿਚਾਣਦੇ ? ਅੱਛਾ ਕੋਈ ਨਹੀਂ, ਮੈਂ ਗਲਤੀ ਤੇ ਹੋ ਸਕਦੀ ਹਾਂ।" ਉਸ ਇਕ ਲੰਬਾ ਸਾਹ ਖਿੱਚਦਿਆਂ ਪਿਛਲੇ ਵਾਕ ਨਾਲ ਅੰਦਰ ਦੀ ਗਰਮ ਹਵਾੜ ਛਡਦਿਆਂ ਕਿਹਾ।

ਹੁਣ ਕੋਈ ਗੁੰਝਲ ਪੀਚੀ ਜਾ ਰਹੀ ਸੀ ਤੇ ਮੈਂ ਹੈਰਾਨ ਸਾਂ। ਮੈਂ ਕੁਰਸ਼ੀ ਤੇ ਬੈਠ ਕੇ ਸੋਚ ਰਿਹਾ ਸਾਂ, "ਹੋ ਸਕਦਾ ਹੈ ਕਿ ਮੇਰੀਆਂ ਪੁਰਾਣੀਆਂ ਸਹੇਲੀਆਂ ਵਿਚੋਂ ਕੋਈ ਹੋਵੇ। ਪਰ ਕੋਈ ਵੀ ਤੇ ਉਨ੍ਹਾਂ ਵਿਚੋਂ ਮੁਸਲਮਾਨ ਨਹੀਂ ਸੀ ਤੇ ਕੀ ਪਤਾ......। ਪਰ ਇਹ ਤਾਂ ਇਸ ਘਰ ਦੀ ਧੀ ਹੈ।

ਏਨੇ ਚਿਰ ਵਿਚ ਜ਼ੁਬੈਦਾ ਮੇਰੇ ਸਾਹਮਣੇ ਮੇਜ਼ ਤੇ ਆ ਬੈਠੀ। ਹਾਲੀ ਕੋਈ ਗੱਲ ਸ਼ੁਰੂ ਕਰਨ ਹੀ ਲੱਗੀ ਸੀ ਕਿ ਸੱਦੇ ਦੀ ਘੰਟੀ ਘੁਕੀ। ਨੌਕਰਾਣੀ ਨੇ ਪਲੇਟਾਂ, ਸਾਸਰ ਤੇ ਕੱਪਾਂ ਨੂੰ ਸਮੇਤ ਚਾਹ ਦੇ ਸਮਾਨ ਦੇ ਟ੍ਰੇ ਵਿਚ ਲਿਆ ਕੇ ਮੇਜ਼ ਤੇ ਰੱਖਿਆ ਅਤੇ ਜ਼ੁਬੈਦਾ ਤੋਂ ਇਸ਼ਾਰਾ ਪਾ ਕੇ ਬਾਰੀ ਵਿਚੋਂ ਥੱਲੇ ਤੱਕਦਿਆਂ ਝੱਟ ਜਵਾਬ ਦਿੱਤਾ, "ਉਹ ਤੇ ਮੈਚ ਵੇਖਣ ਗਏ ਹੋਏ ਨੇ।"

ਜ਼ੁਬੈਦਾ ਨੇ ਪੁੱਛਿਆ, "ਕਿਉਂ ਨਿਆਮਤ, ਸ਼ਰੀਫ਼ ਸੀ ਨਾ ਇਹ ?"

ਨੌਕਰਾਣੀ ਨੇ ਅੱਧੀ ਮੁਸਕ੍ਰਾਹਟ ਨਾਲ ਹਾਂ ਵਿਚ ਸਿਰ ਹਿਲਾਇਆ।

"ਉਹ ਮੇਜਰ ਤੇ ਐਗਜ਼ੈਕਟਿਵ ਅਫ਼ਸਰ ਤਾਂ ਮੇਰੇ ਪਿਛੇ ਪੈਣੇ ਹੀ ਸਨ, ਪਰ ਇਹ ਕੰਗਾਲ ਵੀ ਚੰਬੜੀ ਜਾਂਦਾ ਹੈ। ਗੱਲਾਂ ਤਾਂ ਸਰਦਾਰ ਜੀ ਸਿਆਣੀਆਂ ਕਰਦਾ ਹੈ, ਪਰ ਸਿਆਣਪ ਹੀ ਤੇ ਇਸ ਦੁਨੀਆ ਵਿਚ ਸਭ ਕੁਝ ਨਹੀਂ ਨਾ ਹੁੰਦੀ।"

ਏਨੇ ਚਿਰ ਵਿਚ ਹੀ ਜ਼ੁਬੈਦਾ ਨੇ ਸਭ ਕੁਝ ਟੇਬਲ ਤੇ ਸਜਾ ਦਿੱਤਾ ਸੀ। ਪੀਸ, ਜਾਮ, ਚਟਣੀ, ਮਿਠਾਈਆਂ ਜਿਵੇਂ ਜਾਦੂ ਨਾਲ ਪੈਦਾ ਹੋ ਗਈਆਂ ਸਨ। ਮੇਰੀਆਂ ਨਜ਼ਰਾਂ ਉਸ ਦੇ ਬੁਲ੍ਹਾਂ ਤੇ ਟਿੱਕ ਗਈਆਂ ਤੇ ਮੈਨੂੰ ਇਉਂ ਜਾਪਿਆ ਜਿਵੇਂ ਦੋ ਗੁਲਾਬ ਦੀਆਂ ਪੰਖੜੀਆਂ ਨੇ ਮਨੁੱਖੀ ਅਵਾਜ਼ ਵਿਚ ਕਿਹਾ ਹੋਵੇ, "ਤਕੋ, ਸਰਦਾਰ ਸਾਹਿਬ।"

ਮੈਂ ਉਤੋਂ ਉਤੋਂ ਤਾਂ ਮਮੂਲੀ ਜਿਹਾ ਹੱਸਿਆ, ਪਰ ਵਿਚੋਂ ਕੁੜੀ ਮੈਨੂੰ ਬੜਾ ਹੈਰਾਨ ਕਰ ਰਹੀ ਸੀ। ਆਖ਼ਰ ਉਹ ਚਾਹ ਬਣਾ ਕੇ ਪਿਆਲਾ ਮੇਰੇ ਅੱਗੇ ਕਰਦੀ ਹੋਈ ਬੋਲੀ, "ਹਿੰਦ ਦੀ ਸ਼ਹਿਰੀਅਤ, ਸਰਦਾਰ ਸਾਹਿਬ, ਕਿਸ ਤਰ੍ਹਾਂ ਹਾਸਲ ਹੋ ਸਕਦੀ ਹੈ ?"

ਪੈਰੋ ਪੈਰ ਹੈਰਾਨੀ ਦੇ ਪ੍ਰਭਾਵ ਨੂੰ ਚਿਹਰੇ ਤੋਂ ਰੋਕਦਿਆਂ ਮੈਂ ਕਿਹਾ, "ਜੀ, ਪੂਰਾ ਤਾਂ ਮੈਨੂੰ ਪਤਾ ਨਹੀਂ, ਪਰ ਕਿਸੇ ਦੇਸ਼ ਵਿਚ ਕਿਸੇ ਨੀਯਤ ਸਮੇਂ ਤਕ ਰਹਿ ਕੇ ਦਰਖ਼ਾਸਤ ਕੀਤਿਆਂ ਹੀ ਮਿਲ ਸਕਦੀ ਹੋਵੇਗੀ।"

ਹੁਣ ਮੈਨੂੰ ਉਸ ਦੇ ਜਾਸੂਸ ਹੋਣ ਦਾ ਸ਼ੱਕ ਪਿਆ।

"ਕੀ ਬ੍ਰਿਟੇਨ ਵਾਂਗ ਤੀਵੀਂ ਦੇ ਕਿਸੇ ਹਿੰਦੀ ਨਾਲ ਸ਼ਾਦੀ ਕਰਨ ਨਾਲ ਝਟ ਪੱਟ ਨਹੀਂ ਮਿਲ ਸਕਦੀ ?"

"ਮੈਂ ਕਹਿ ਨਹੀਂ ਸਕਦਾ", ਮੈਂ ਏਦਾਂ ਮਹਿਸੂਸ ਕਰਦਿਆਂ ਕਿਹਾ ਜਿਸ ਤਰ੍ਹਾਂ ਕਿਸੇ ਗੇਂਦ ਬੱਲੇ ਦੇ ਖਿਡਾਰੀ ਨੂੰ ਬੌਲਰ ਦੇ ਛਿਆਂ ਬੌਲਾਂ ਦੀ ਸਮਝ ਨਾ ਆਈ ਹੋਵੇ ਤੇ ਫੇਰ ਵੀ ਉਹ ਆਊਟ ਹੋਣੋਂ ਬਚ ਗਿਆ ਹੋਵੇ।

"ਤਾਂ ਤੁਸੀਂ ਮੈਨੂੰ 'ਬਿਲਕੁਲ ਨਹੀਂ ਪਛਾਣਿਆ ? ਕਿਤੇ ਤੁਸੀਂ ਮੇਰੇ ਨਾਲ ਨਾਟਕ ਤਾਂ ਨਹੀਂ ਖੇਡ ਰਹੇ ?"

"ਮੈਂ ਤੁਹਾਨੂੰ ਸਮਝ ਨਹੀਂ ਰਿਹਾ, ਜ਼ੁਬੈਦਾ ਬਾਨੋ !"

"ਕੀ ਉੱਨੀ ਸੌ ਸੰਤਾਲੀ ਤੋਂ ਮਗਰੋਂ ਤੁਹਾਨੂੰ ਕੋਈ ਸਿਰ ਦੀ ਸੱਟ ਜਾਂ ਦਿਲ ਦੀ ਚੋਟ ਤਾਂ ਨਹੀਂ ਲੱਗੀ, ਜਿਸ ਨਾਲ ਤੁਹਾਡਾ ਚੇਤਾ ਜਾਂਦਾ ਰਿਹਾ ਹੋਵੇ ?"

"ਮੈਂ ਸਿਨਮਾ ਦਾ ਪਾਤਰ ਨਹੀਂ, ਦੁਨੀਆ ਦਾ ਆਦਮੀ ਹਾਂ।"

"ਅੱਛਾ ! ਮੈਂ ਤੁਹਾਨੂੰ ਬਹੁਤਾ ਚਿਰ ਬੇਚੈਨੀ ਵਿਚ ਨਹੀਂ ਰੱਖ ਸਕਦੀ", ਉਸ ਹਉਕੇ ਵਰਗਾ ਸਾਹ ਲੈਂਦਿਆਂ ਕਿਹਾ, "ਜੇ ਤੁਸੀਂ ਸਿਨਮਾ ਦੇ ਉਹ ਪਾਤਰ ਹੋਵੋ ਜੋ ਆਪਣਾ ਚੇਤਾ ਗਵਾ ਚੁੱਕਾ ਹੋਵੇ ਤਾਂ ਮੈਂ ਤੁਹਾਨੂੰ ਆਪਣੀ ਕਹਾਣੀ ਇਵੇਂ ਸੁਣਾਵਾਂਗੀ :

"ਸੰਨ ੧੯੪੭ ਬਾਰ੍ਹਾਂ ਅਗਸਤ ਦੀ ਗੱਲ ਹੈ, ਮੈਂ ਆਪਣੀ ਅੰਮਾ ਜਾਨ ਤੇ ਛੋਟੇ ਭਾਈ ਨਾਲ ਬਾਜ਼ਾਰ ਬੱਕਰਵਾਨਾਂ, ਕੂਚਾ ਅਰਾਈਆਂ ਵਿਚ ਰਹਿ ਰਹੀ ਸਾਂ। ਸਾਡੇ ਭਾਈ ਮੁਸਲਮਾਨਾਂ ਨੂੰ ਕੋਈ ਖ਼ਿਆਲ ਨਹੀਂ ਸੀ ਕਿ ਉਨ੍ਹਾਂ ਨੂੰ ਆਪਣਾ ਵਤਨ ਬਹੁਤ ਹੀ ਛੇਤੀ ਛੱਡਣਾ ਪਵੇਗਾ। ਮੇਰੇ ਅੱਬਾ ਜਾਨ ਦੀ ਨਵੀਂ-ਨਵੀਂ ਤਬਦੀਲੀ ਲਾਹੌਰ ਹੋਈ ਸੀ। ਉਹ ਅੱਜ ਕੱਲ੍ਹ ਨਹਿਰ ਦੇ ਦਫ਼ਤਰ ਵਿਚ ਸੁਪਰਡੈਂਟ ਨੇ। ਉਹ ਉਸ ਦਿਨ ਵਾਪਸ ਨਾ ਮੁੜ ਸਕੇ ਤੇ ਉਸੇ ਰਾਤ ਉਸ ਬਾਜ਼ਾਰ ਤੇ ਸਿੱਖਾਂ ਤੇ ਹਿੰਦੂਆਂ ਨੇ ਹਮਲਾ ਕਰ ਦਿੱਤਾ। ਗੋਲੀਆਂ ਦੀ ਵਾਛੜ ਕਰਦੇ ਉਹ ਅੱਗੇ ਵਧੇ। ਮੁਸਲਮਾਨ ਕੁਝ ਲੜੇ, ਮਰੇ ਤੇ ਬਹੁਤੇ ਭੱਜ ਗਏ। ਇਸ ਹਫੜਾ-ਦਫੜੀ ਵਿਚ ਮੇਰਾ ਬਾਰਾਂ ਸਾਲਾਂ ਦਾ ਸੱਤਵੀਂ ਵਿਚ ਪੜ੍ਹਦਾ ਭਾਈ ਬਾਹਰ ਨੱਠਾ, ਅਤੇ ਫਿਰ ਉਹ ਲੱਭਾ ਹੀ ਨਹੀਂ। ਅਸੀਂ ਮਾਵਾਂ ਧੀਆਂ ਘਿਰ ਗਈਆਂ ਤੇ ਬਾਹਰ ਨਾ ਨਿਕਲ ਸਕੀਆਂ। ਅੱਧੀ ਰਾਤ ਨੂੰ ਹਮਲਾ ਕਰਨ ਵਾਲੇ ਕੂਚੇ ਦੇ ਅੰਦਰ ਆ ਵੜੇ। ਸਾਡੇ ਘਰ ਦਾ ਬੂਹਾ ਤੋੜ ਦਿੱਤਾ ਗਿਆ ਤੇ ਸ਼ਾਇਦ ਇਸ ਲਈ ਕਿ ਉਹ ਮੇਰੀ ਨਿਰਾਦਰੀ ਹੁੰਦੀ ਆਪਣੀ ਅੱਖੀਂ ਨਾ ਵੇਖ ਸਕੇ, ਮੇਰੀ ਅੰਮੀ ਦਰਵਾਜ਼ੇ ਦੇ ਕੋਲ ਹਿੰਦੂਆਂ ਤੇ ਸਿੱਖਾਂ ਦੀਆਂ ਤਲਵਾਰਾਂ ਨਾਲ ਸ਼ਹੀਦ ਹੋ ਗਈ। ਮੈਂ ਪਹਿਲੋਂ ਟੱਟੀ ਵਿਚ ਲੁਕਣ ਲੱਗੀ, ਪਰ ਮਗਰੋਂ ਇਕ ਪਰਛੱਤੀ ਤੇ ਚੜ੍ਹ ਗਈ। ਉਸ ਵੇਲੇ ਤਾਂ ਮੈਂ ਬਚ ਗਈ। ਬਾਹਰ ਆਵਾਜਾਈ ਸੀ ਤੇ ਬਾਜ਼ਾਰ ਰੁਕੇ ਹੋਏ ਸਨ। ਠੂਹ-ਠਾਹ ਹੋ ਰਹੀ ਸੀ। ਮੈਂ ਇਸ ਖ਼ਿਆਲ ਨਾਲ ਕਿ ਪੁਲਿਸ ਸਵੇਰੇ ਬਚਾ ਹੀ ਲਵੇਗੀ, ਪਸੀਨੋ- ਪਸੀਨਾ ਹੋਈ ਲੁਕੀ ਰਹੀ ਅਤੇ ਆਪਣੀ ਅੰਮੀ ਦਾ ਮੂੰਹ ਵੇਖਣ ਜੋਗੀ ਜੁਰਅੱਤ ਵੀ ਨਾ ਪੈਦਾ ਕਰ ਸਕੀ। ਤੜਕਸਾਰ ਹੋਰ ਲੁਟੇਰੇ ਸਾਡੇ ਮਕਾਨ ਵਿਚ ਦਾਖ਼ਲ ਹੋਏ ਅਤੇ ਸਭ ਕੁਝ ਮਿੰਟਾਂ ਵਿਚ ਸਾਫ਼ ਹੋ ਗਿਆ। ਅਖ਼ੀਰ ਚਾਰ ਆਦਮੀਆਂ ਨੇ, ਜਿਨ੍ਹਾਂ ਵਿਚੋਂ ਇਕ ਹਥਿਆਰਬੰਦ ਸਿੱਖ ਸੀ, ਮੈਨੂੰ ਸਮਾਨ ਦੀ ਪੰਡ ਸਮਝ ਕੇ ਹੱਥ ਪਾਇਆ। ਭੈਣ ਨੇ ਰੱਬ ਦਾ ਵਾਸਤਾ ਪਾਇਆ, ਪਰ ਭਰਾ ਸ਼ੈਤਾਨ ਬਣ ਚੁੱਕੇ ਸਨ। ਉਨ੍ਹਾਂ ਮੈਨੂੰ ਘੇਰ ਲਿਆ। ਅਜੇ ਦੋ ਹੀ ਮਿੰਟ ਗੁਜ਼ਰੇ ਸਨ ਕਿ ਇਕ ਆਦਮੀ ਅੰਦਰ ਆ ਵੜਿਆ। ਮੈਂ ਹੋਰ ਡਰ ਗਈ। ਹਾਲੀ ਤੱਕ ਇਕ ਸੀ ਤੇ ਨਾਲ ਦੋ, ਤਿੰਨ, ਚਾਰ ਤੇ ਹੁਣ ਇਕ ਹੋਰ ਵੱਡਾ ਪੰਜ। ਪਰ ਮੇਰੀ ਉਮੀਦ

ਦੇ ਉਲਟ ਉਹ ਗੱਜਿਆ, 'ਉਇ, ਇਹ ਕੀ ਕਾਇਰੋ ? ਕ੍ਰਿਪਾਨ ਗੁਰੂ ਨੇ ਇਸ ਕੰਮ ਲਈ ਦਿੱਤੀ ਸੀ ?'

"ਤਿੰਨੇ ਦੂਰ ਹਟ ਗਏ, ਪਰ ਪਹਿਲੇ ਸਿੱਖ ਨੇ ਮੈਨੂੰ ਉਠਦੀ ਨੂੰ ਪਿੱਠ ਵਿਚ ਇਕ ਠੋਕ ਦਿੱਤੀ। ਮੈਂ ਸਿਰ ਭਾਰ ਚੀਕ ਮਾਰ ਕੇ ਡਿੱਗ ਪਈ ਤੇ ਕੁਰਲਾਉਣ ਲੱਗੀ। ਮੈਂ ਦੂਜੇ ਵਾਰ ਨਾਲ ਮੁੱਕਣ ਦੀ ਆਸ ਕਰ ਰਹੀ ਸਾਂ ਕਿ ਤਲਵਾਰ ਵਾਲਾ ਕੰਧ ਨਾਲ ਵੱਜ ਕੇ ਡਿੱਗ ਪਿਆ। ਮੈਂ ਉਠ ਬੈਠੀ, ਜਿਵੇਂ ਕੁਝ ਹੋਇਆ ਹੀ ਨਹੀਂ ਹੁੰਦਾ। ਨਵੇਂ ਆਏ ਅਕਾਲੀ ਨੇ ਇੱਟ ਤਲਵਾਰ ਵਾਲੇ ਸਿੱਖ ਦੇ ਸਿਰ ਵਿਚ ਮਾਰੀ ਸੀ ਤੇ ਬਾਕੀ ਦੇ ਤਿੰਨ ਭੱਜੇ ਜਾ ਰਹੇ ਸਨ। ਗੁੱਸੇ ਵਿਚ ਆ ਕੇ ਉਠਦਿਆਂ ਹੀ ਤਲਵਾਰ ਵਾਲੇ ਸਿੱਖ ਨੇ ਅਕਾਲੀ ਤੇ ਹਮਲਾ ਕੀਤਾ, ਉਸ ਦੇ ਵਾਰ ਦਾ ਜ਼ੋਰ ਪਤਾ ਨਹੀਂ ਕਮਜ਼ੋਰ ਪੈ ਚੁੱਕਾ ਸੀ। ਅਕਾਲੀ ਦੀ ਬਾਂਹ ਨੂੰ ਉਸ ਜ਼ਖਮੀ ਕੀਤਾ, ਪਰ ਉਸੇ ਵੇਲੇ ਅਕਾਲੀ ਜਾਪਦੇ ਸਿੱਖ ਨੇ ਤਲਵਾਰ ਖੋਹ ਲਈ ਸੀ। ਹਥਿਆਰਬੰਦ ਨਿਹੱਥਾ ਹੋ ਕੇ ਬਾਹਰ ਉਠ ਨੱਠਾ। ਭਾਵੇਂ ਮੈਂ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਈ ਸਾਂ, ਪਰ ਇਸ ਬਹਾਦਰੀ ਨੂੰ ਵੇਖ ਕੇ ਬੇਹੋਸ਼ ਨਾ ਹੋ ਸਕੀ। ਮੇਰੀ ਹਾਲਤ ਦੇਖ ਕੇ ਉਸ ਮੇਰੇ ਵੱਲ ਪਿੱਠ ਕਰ ਲਈ ਤੇ ਆਪਣੀ ਪੱਗ ਲਾਹ ਕੇ ਮੇਰੇ ਵੱਲ ਸੁਟਦਿਆਂ ਕਿਹਾ, 'ਭਰਾ ਦੀ ਪੱਗ ਕਿਸ ਕੰਮ ਜੇ ਭੈਣ ਦੀ ਅਸਮਤ ਨਾ ਕੱਜ ਸਕੇ। ਮੇਰੇ ਪੱਗ ਵਲ੍ਹੇਟ ਚੁੱਕਣ ਤੋਂ ਮਗਰੋਂ ਉਸ ਮੇਰੇ ਜ਼ਖ਼ਮ ਉਪਰ ਲੀਰਾਂ ਰੱਖ ਕੇ ਬੰਨੀਆਂ। ਕੁਝ ਪਾਟੇ ਹੋਏ ਲੀੜਿਆਂ ਨਾਲ ਮੈਂ ਛੇਤੀ-ਛੇਤੀ ਆਪਣੇ ਆਪ ਨੂੰ ਕੱਜਿਆ। ਆਪਣੇ ਕੋਠੇ ਤੋਂ ਦੂਸਰੇ ਬੰਨੇ ਦੇ ਕੋਠੇ ਤੇ ਟਪਾ ਕੇ ਉਸ ਇਕ ਹਲਕਾ ਜਿਹਾ ਬੈਗ ਮੇਰੇ ਸਿਰ ਤੇ ਚੁਕਾਇਆ ਤੇ ਆਪ ਇਕ ਟੁੱਟਾ ਟਰੰਕ ਸਿਰ ਤੇ ਚੁੱਕ ਕੇ ਕਿਹਾ, 'ਬਸੰਤ ਕੌਰੇ ! ਮੇਰੇ ਮਗਰ-ਮਗਰ ਤੁਰੀ ਆ।' ਉਸ ਵੇਲੇ ਵੀ ਮੈਂ ਉਸ ਨੂੰ ਕਾਫ਼ਰ ਹੀ ਸਮਝਦੀ ਸਾਂ, ਪਰ ਫੇਰ ਵੀ ਪਤਾ ਨਹੀਂ ਕਿਉਂ ਉਸ ਦੇ ਮਗਰ ਤੁਰੀ ਜਾ ਰਹੀ ਸਾਂ। ਸ਼ਾਇਦ ਜ਼ਿੰਦਗੀ ਦੀ ਖ਼ਾਹਿਸ਼ ਐਸਾ ਕਰਵਾ ਰਹੀ ਸੀ। ਤਿੰਨ ਦਿਨ ਉਹ ਆਪਣੇ ਨਵੇਕਲੇ ਦਫਤਰ ਜਿਹੇ ਵਿਚ ਮੇਰੇ ਜ਼ਖ਼ਮ ਨੂੰ ਸਪਿਰਟ ਨਾਲ ਸਾਫ਼ ਕਰ ਕੇ ਬੰਨ੍ਹਦਾ ਰਿਹਾ। ਉਸ ਨੂੰ ਡਰ ਸੀ ਡਾਕਟਰ ਵੀ ਜਾਂ ਸਿੱਖ ਹੋਵੇਗਾ ਜਾਂ ਹਿੰਦੂ। ਉਸ ਦਾ 'ਭੈਣ' ਕਹਿਣਾ ਹੁਣ ਮੈਨੂੰ ਚੰਗਾ ਨਹੀਂ ਸੀ ਲੱਗਦਾ। ਜੇ ਉਹ ਮੈਨੂੰ ਆਪਣੀ ਬਣਾ ਕੇ ਰੱਖ ਲੈਂਦਾ ਤਾਂ ਮੈਂ ਖ਼ੁਸ਼ ਹੁੰਦੀ। ਮੈਂ ਹੀਲੇ ਬਹਾਨੇ ਉਸ ਨੂੰ ਜਤਾਇਆ ਵੀ, ਪਰ ਉਹ ਕਹਿੰਦਾ ਕਿ ਮਨੁੱਖਤਾ ਦੇ ਉੱਚੇ ਆਦਰਸ਼ਾਂ ਤੇ ਇੱਜ਼ਤ ਨੂੰ ਦਾਗ਼ ਲੱਗਣ ਦੇਣਾ, ਨਾ ਮੈਨੂੰ ਚੰਗਾ ਲੱਗਦਾ ਹੈ ਤੇ ਨਾ ਤੁਹਾਨੂੰ। ਪਰ ਮੈਂ ਉਸ ਲਈ ਅੱਜ ਤੱਕ ਤੜਫ ਰਹੀ ਹਾਂ। ਆਖ਼ਰ ਉਸ ਮੇਰੇ ਲਈ ਆਪਣੀ ਇੱਜ਼ਤ ਨੂੰ ਦਾਗ ਲਗਾਇਆ। ਉਨ੍ਹਾਂ ਦਿਨਾਂ ਵਿਚ

ਕਿਸੇ ਸਿੱਖ ਲਈ ਇਕ ਮੁਸਲਮਾਨੀ ਨੂੰ ਸ਼ਰੀਫ਼ਪੁਰੇ ਦੇ ਕੈਂਪ ਵਿਚ ਪਹੁੰਚਾਣਾ ਕੋਈ ਸੌਖਾ ਕੰਮ ਤਾਂ ਨਹੀਂ ਸੀ। ਸੋ ਉਸ ਨੇ ਇਕ ਤਜਵੀਜ਼ ਸੋਚੀ। ਆਪਣੇ ਇਕ ਹਿੰਦੂ ਦੋਸਤ ਨੂੰ ਸ਼ਰੀਫ਼ਪੁਰੇ ਕੈਂਪ ਵਿਚ ਭੇਜ ਕੇ ਆਪਣੇ ਪਤੇ ਦੀ ਰਿਪੋਰਟ ਕਰਾਈ। ਪਾਕਿਸਤਾਨੀ ਫ਼ੌਜ ਨੇ ਪੁਲੀਸ ਦੇ ਰਾਹੀਂ ਮੈਨੂੰ ਉਸ ਦੇ 'ਪੰਜੇ' ਤੋਂ ਛੁਡਾਇਆ ਅਤੇ ਉਹ ਆਦਮੀ ਤੁਸੀਂ ਹੋ ਤੇ ਤੁਸੀਂ ਮੇਰੇ ਨਾਲ ਨਾਟਕ ਖੇਡ ਰਹੇ ਹੋ।"

ਮੇਰੀਆਂ ਅੱਖਾਂ ਅੱਗੇ ਇਕ ਚੇਤੰਨਤਾ ਦਾ ਝਲਕਾਰਾ ਵੱਜਾ। ਮੈਂ ਪੁੱਛਿਆ, "ਕਿਤੇ ਉਸ ਦਾ ਨਾਂ ਪ੍ਰੀਤਮ ਸਿੰਘ ਤੇ ਨਹੀਂ ਸੀ ?"

"ਹਾਂ, ਹਾਂ, ਪ੍ਰੀਤਮ ਸਿੰਘ ! ਕੀ ਤੁਹਾਡਾ ਨਾਂ ਪ੍ਰੀਤਮ ਸਿੰਘ ਨਹੀਂ ?"

"ਨਹੀਂ, ਮੈਂ ਮਹਿੰਦਰਪਾਲ ਸਿੰਘ ਸਹਿਗਲ ਹਾਂ। ਠੀਕ, ਪ੍ਰੀਤਮ ਸਿੰਘ ਦਾ ਤੇ ਮੇਰਾ ਭੁਲੇਖਾ ਅੰਮ੍ਰਿਤਸਰ ਵਿਚ ਬਹੁਤਿਆਂ ਨੂੰ ਪਿਆ ਕਰਦਾ ਹੈ। ਉਹ ਤਾਂ ਅੱਜ ਕੱਲ੍ਹ ਜੇਲ੍ਹ ਵਿਚ ਹੈ।"

"ਹੈਂ ! ਕੀ ਕਿਹਾ ਜੇ ?" ਤੇ ਉਸ ਮੇਰੇ ਖੱਬੇ ਕੋਟ ਦੀ ਬਾਂਹ ਚੜ੍ਹਾ ਕੇ ਤਲਵਾਰ ਦਾ ਜ਼ਖ਼ਮ ਲੱਭਣ ਦੀ ਕੋਸ਼ਿਸ਼ ਕੀਤੀ, ਜੋ ਉਸ ਨੂੰ ਨਾ ਲੱਭਾ।

"ਕੀ ਕਿਹਾ ?" ਉਸ ਫਿਰ ਪੁੱਛਿਆ, "ਪ੍ਰੋ: ਪ੍ਰੀਤਮ ਸਿੰਘ ਜੇਲ੍ਹ ਵਿਚ ? ਪਰ ਕਿਉਂ?"

"ਮਨੁੱਖੀ ਉੱਚੇ ਆਦਰਸ਼ਾਂ ਦੀ ਲੜਾਈ ਵਿਚ ਜੇਲ੍ਹ ਤੇ ਫਾਂਸੀ ਕੋਈ ਵੱਡੀ ਗੱਲ ਨਹੀਂ ਅਤੇ ਪ੍ਰੀਤਮ ਸਿੰਘ ਉਨ੍ਹਾਂ ਆਦਰਸ਼ਾਂ ਲਈ ਲੜ ਰਿਹਾ ਹੈ।"

"ਮੇਰਾ ਸ਼ਰੀਫ਼ ਵੀ ਤਾਂ ਅਜਿਹੇ ਆਦਰਸ਼ਾਂ ਲਈ ਲੜ ਰਿਹਾ ਹੈ। ਉਸ ਵੀ ਤੇ ਕਹਿੰਦੇ ਹਨ, ਕਈ ਹਿੰਦੂ ਤੇ ਸਿੱਖ ਮਰਦਾਂ ਤੇ ਤੀਵੀਆਂ ਨੂੰ ਬਚਾਇਆ ਹੈ। ਕੀ ਇਸੇ ਲਈ ਹੀ ਪੁਲੀਸ ਉਸ ਦੇ ਮਗਰ ਪਈ ਰਹਿੰਦੀ ਹੈ ? ਤੇ ਉਸ ਉਠ ਕੇ ਜ਼ੋਰ ਦੀ ਮੇਰਾ ਹੱਥ ਫੜ ਕੇ ਘੁੱਟ ਲਿਆ ਤੇ ਕਹਿਣ ਲੱਗੀ, "ਅੱਜ ਭਾਈ ਜਾਨ, ਤੁਸੀਂ ਏਥੇ ਰਹੋਗੇ ਅਤੇ ਮੇਰੇ ਅੱਬਾ ਜਾਨ ਨੂੰ ਮਿਲੋਗੇ। ਅੱਜ ਖ਼ੁਸ਼ੀ ਦਾ ਦਿਨ ਹੈ ! ਮੈਨੂੰ ਇਕ ਨਵੀਂ ਰੌਸ਼ਨੀ ਮਿਲੀ ਹੈ !"

-0-

## ਡੇਢ ਆਦਮੀ

ਜਦ ਉਸ ਨੂੰ ਪਾਗਲਖਾਨੇ ਦੇ ਮਾਨਸਿਕ ਰੋਗੀਆਂ ਦੇ ਡਾਕਟਰ ਕੋਲ ਲਿਆਂਦਾ ਗਿਆ ਤਾਂ ਉਹ ਬਿਲਕੁਲ ਸ਼ਾਂਤ ਸੀ। ਸਰੀਰ ਉਸ ਦਾ ਚੁਸਤ ਸੀ ਤੇ ਉਸ ਦੇ ਵਾਹੇ ਹੋਏ ਲੰਮੇ ਵਾਲ ਬੰਗਾਲੀ ਜੂੜੇ ਵਿਚ ਬੱਝੇ ਹੋਏ ਹਨ। ਉਸ ਦੇ ਮੱਥੇ ਉਪਰਲੇ ਵਾਲ ਬੇਤਰਤੀਬੀ ਨਾਲ ਉੱਚੇ ਉਠੇ ਹੋਏ ਸਨ, ਜਿਵੇਂ ਉਹ ਉਨ੍ਹਾਂ ਵਿਚ ਉਂਗਲਾਂ ਮਾਰਦੀ ਰਹੀ ਹੋਵੇ। ਉਹ ਇਕ ਨਿਰਛਲ ਘਰ-ਗ੍ਰਿਹਸਥਣ ਜਾਪਦੀ ਸੀ।

ਡਾਕਟਰ ਨੇ ਉਸ ਨੂੰ ਸਿਰ ਤੋਂ ਪੈਰਾਂ ਤੱਕ ਵੇਖਿਆ। ਪੈਰਾਂ ਤੋਂ ਉਸ ਦੀ ਨਜ਼ਰ ਫੇਰ ਉਪਰ ਉੱਠਣੀ ਸ਼ੁਰੂ ਹੋਈ। ਲੱਕ ਤੋਂ ਗਲ ਤੱਕ ਉਸ ਦੀਆਂ ਅੱਖਾਂ ਹੌਲੀ-ਹੌਲੀ ਘੋਖ ਕੇ ਵੇਖਦੀਆਂ ਗਈਆਂ ਅਤੇ ਅੱਖਾਂ ਤੇ ਜਾ ਕੇ ਬਿਲਕੁਲ ਟਿਕ ਗਈਆਂ। ਕੁਝ ਚਿਰ ਮਗਰੋਂ ਉਸ ਦੀਆਂ ਅੱਖਾਂ ਵਿਚ ਅੱਖਾਂ ਗੱਡੀ ਡਾਕਟਰ ਬੋਲਿਆ :

"ਤੂੰ... ਪਾਗਲ... ਨਹੀਂ ਹੈਂ।"

"ਹਾਂ, ਇਹੋ ਤੇ ਮੈਂ ਕਹਿੰਦੀ ਹਾਂ ਕਿ ਮੈਂ ਪਾਗਲ ਨਹੀਂ ਹਾਂ, ਪਰ ਇਹ ਭੀੜ ਮੈਨੂੰ ਪਾਗਲ ਬਣਾ ਕੇ ਹੀ ਰਹੇਗੀ।"

ਡਾਕਟਰ ਨੇ ਨਾਲ ਲਿਆਉਣ ਵਾਲੀਆਂ ਨੂੰ ਕਿਹਾ, "ਬਾਹਰ ਨਿਕਲ ਜਾਓ, ਮੂਰਖ ! ਇਹ ਪਾਗ਼ਲ ਨਹੀਂ ਹੈ।"

ਉਨ੍ਹਾਂ ਵਿਚੋਂ ਇਕ ਤੀਵੀਂ ਫੜੇ ਹੋਏ ਕਾਗ਼ਜ਼ ਡਾਕਟਰ ਦੀ ਮੇਜ਼ ਤੇ ਰੱਖਣ ਵਧੀ ਅਤੇ ਫੇਰ ਦੋਵੇਂ ਬਾਹਰ ਨਿਕਲ ਗਈਆਂ। ਇਕ ਤਖ਼ਤੇ ਦਾ ਸਪ੍ਰਿੰਗਦਾਰ ਬੂਹਾ ਕੁਝ ਚਿਰ ਝੂਲ ਕੇ ਰੁਕ ਗਿਆ।

ਡਾਕਟਰ ਨੇ ਅਦਬ ਨਾਲ ਮੁਸਕਰਾਉਂਦਿਆਂ ਕਿਹਾ, "ਬੈਠ ਜਾਓ ਸ੍ਰੀਮਤੀ ਜੀ।"

ਉਹ ਚਾਰ ਸਾਲ ਤੋਂ ਅਦਬ ਵਾਲੇ ਸ਼ਬਦ ਬੋਲਣ ਤੇ ਬੇਅਦਬੀ ਦੇ ਸ਼ਬਦ ਸੁਣਨ ਦੀ ਆਦੀ ਹੋ ਚੁੱਕੀ ਸੀ। ਡਾਕਟਰ ਦੇ ਸ਼ਬਦਾਂ ਨੇ ਮਾਨੋ ਸੜੀ ਹੋਈ ਥਾਂ ਤੇ ਠੰਢਾ ਫਹਿਆ ਰੱਖ ਦਿੱਤਾ। ਉਸ ਕਾਹਲੀ-ਕਾਹਲੀ ਅੱਖਾਂ ਝਮਕ ਕੇ ਇਕ ਟੱਕ ਵੇਖਦਿਆਂ ਕਿਹਾ, "ਆਪ ਤੇ ਆਦਮੀ ਹੋ।"

"ਕੀ ਇਸ ਵਿਚ ਆਪ ਨੂੰ ਸ਼ੱਕ ਸੀ ?" ਡਾਕਟਰ ਨੇ ਪੁੱਛਿਆ।

ਬੜੇ ਗੰਭੀਰ ਲਹਿਜੇ ਵਿਚ ਉਸ ਕਿਹਾ, "ਆਦਮੀ ਤਾਂ ਹੀ ਆਦਮੀ ਹੁੰਦਾ ਹੈ ਜੇ ਅੰਤ ਤੱਕ ਆਦਮੀ ਰਹੇ।"

ਡਾਕਟਰ ਕੁਝ ਚਿਰ ਚੁੱਪ ਰਿਹਾ। ਫਿਰ ਉਸ ਸਾਹਮਣੇ ਪਏ ਕਾਗ਼ਜ਼ ਤੇ ਵੇਖਿਆ ਤੇ ਅੱਖਾਂ ਚੁੱਕਣ ਤੋਂ ਮਗਰੋਂ ਸਵਾਲ ਕੀਤਾ,

"ਕੀ ਤੁਸੀਂ ਕੁਝ ਪੜ੍ਹੇ ਹੋਏ ਵੀ ਹੋ ?"

"ਹਾਂ ਅੱਠ ਜਮਾਤਾਂ।"

ਡਾਕਟਰ ਦੇ ਕਾਗਜ਼ਾਂ ਤੇ ਵਿਦਿਆ ਵਾਲਾ ਖ਼ਾਨਾ ਖ਼ਾਲੀ ਸੀ। ਉਸ ਕਲਮ ਚੁੱਕ ਕੇ ਕੁਝ ਲਿਖਿਆ। ਫਿਰ ਹੋਲਡਰ ਦਾ ਪਿਛਲਾ ਬੰਨਾ ਦੰਦਾਂ ਵਿਚ ਲੈ ਕੇ ਸੋਚਦਾ ਰਿਹਾ ਕਿ ਇਸ ਦੀ ਬੋਲ- ਚਾਲ ਅੱਠਵੀਂ ਜਮਾਤ ਪੜ੍ਹੀ ਤੀਵੀਂ ਤੋਂ ਕਿਤੇ ਉਚੇਰੀ ਪੱਧਰ ਦੀ ਕਿਉਂ ਸੀ। ਉਸ ਨੂੰ ਸ਼ਾਇਦ ਪਤਾ ਨਹੀਂ ਸੀ ਕਿ ਵਿਚਾਰ ਜੀਵਨ ਦੇ ਤਜਰਬੇ ਦੀ ਉਪਜ ਹੁੰਦੇ ਹਨ।

ਡਾਕਟਰ ਨੇ ਫਿਰ ਪੁੱਛਿਆ, "ਕੀ ਆਪ ਦਾ ਨਾਂ ਪਾਰਬਤੀ ਦੇਵੀ ਹੈ ?"

ਕੁੜੀ ਨੇ ਅਜੀਬ ਢੰਗ ਨਾਲ ਉੱਤਰ ਦਿੱਤਾ, "ਪਾਰਬਤੀ ਦੇਵੀ ? ਨਹੀਂ, ਪਾਰਬਤੀ... ਨਹੀਂ ਨਹੀਂ... ਪਾਰੂ।"

"ਹਾਂ, ਹਾਂ, ਪਾਰੂ। ਪਾਰਬਤੀ ਦੇਵੀ, ਤੂੰ ਪਾਗਲ ਨਹੀਂ ਹੈ। ਪਰ ਇਕ ਗੱਲ ਦਾ ਮੈਨੂੰ ਪਤਾ ਹੈ ਕਿ ਤੂੰ ਕੋਈ ਗੱਲ ਕਰਨਾ ਚਾਹੁੰਦੀ ਹੈ।"

"ਜਿਸ ਨੂੰ ਕੋਈ ਸੁਣਦਾ ਨਹੀਂ", ਪਾਰੂ ਨੇ ਮਾਨੋ ਫ਼ਿਕਰਾ ਪੂਰਾ ਕਰਦਿਆਂ ਕਿਹਾ।

"ਉਹ ਗੱਲ ਮੈਂ ਸੁਣਾਂਗਾ।"

"ਉਹ ਗੱਲ ਨਹੀਂ, ਉਹ ਇਕ ਕਹਾਣੀ ਹੈ, ਇਕ ਸਵਾਲ ਹੈ। ਉਸ ਦਾ ਉੱਤਰ ਮਿਲੇ ਬਿਨਾਂ ਮੈਂ ਪਾਗਲ ਹੋ ਜਾਵਾਂਗੀ।"

"ਮੈਂ ਲੱਗਦੀ-ਵਾਹੇ ਉੱਤਰ ਦੇਣ ਦਾ ਜਤਨ ਕਰਾਂਗਾ।

ਪਾਰੂ ਕੁਰਸੀ ਤੇ ਟਿਕ ਕੇ ਬੈਠ ਗਈ। ਉਹ ਡਾਕਟਰ ਦੀਆਂ ਅੱਖਾਂ ਵਿਚ ਵੇਖਦੀ ਬੋਲੀ :

"ਮੈਂ ਢਾਕੇ ਵਿਚ ਜੰਮੀ। ਮੇਰਾ ਪਿਤਾ ਮਾਲਕ-ਮਕਾਨ ਸੀ ਤੇ ਮਕਾਨ ਵੱਡਾ ਹੋਣ ਕਰਕੇ ਕਈ ਹਿੱਸੇ ਕਿਰਾਏ ਤੇ ਦੇ ਛੱਡਦਾ ਸੀ। ਉਮਰ ਭਰ ਉਸ ਕੋਈ ਕੰਮ ਨਹੀਂ ਸੀ ਕੀਤਾ। ਅਸੀਂ ਦੋ ਭੈਣਾਂ ਤੇ ਦੋ ਭਰਾ ਸਾਂ। ਮੇਰਾ ਵਿਆਹ ਇਕ ਜਨਰਲ ਸਟੋਰ ਦੇ ਸੇਲਜ਼ਮੈਨ ਨਾਲ

ਹੋਇਆ, ਜਿਸ ਦਾ ਬਸਤੀਆਂ ਵਿਚ ਛੋਟਾ ਜਿਹਾ ਆਪਣਾ ਮਕਾਨ ਸੀ। ਮੈਂ ਆਪਣੇ ਪਤੀ ਦੇ ਘਰ ਬਹੁਤ ਸੁਖੀ ਸਾਂ। ਮੇਰੇ ਘਰ ਦੋ ਸਾਲ ਦਾ ਬੱਚਾ ਸੀ, ਜਦ ਢਾਕੇ ਵਿਚ ਗੜਬੜ ਸ਼ੁਰੂ ਹੋਈ। ਸਾਡਾ ਘਰ ਮੁਸਲਮਾਨੀ ਇਲਾਕੇ ਵਿਚ ਘਿਰਿਆ ਹੋਇਆ ਸੀ। ਸੋ ਅਸੀਂ ਸਭ ਕੁਝ ਉਥੇ ਹੀ ਛੱਡ ਕੇ ਪਿਤਾ ਜੀ ਦੇ ਘਰ ਆ ਗਏ। ਜਦ ਬਜ਼ਾਰਾਂ ਵਿਚ ਛੁਰੇ-ਬਾਜ਼ੀ ਤੇ ਘਰਾਂ ਵਿਚ ਬੇਇੱਜ਼ਤੀਆਂ ਹੋਣ ਲੱਗੀਆਂ ਤਾਂ ਅਸੀਂ ਆਪਣੇ ਦੇਸ ਨੂੰ ਵਿਦਾ ਆਖੀ। ਮੇਰੀ ਵੱਡੀ ਭੈਣ ਇਕ ਪਿੰਡ ਵਿਚ ਵਿਆਹੀ ਹੋਈ ਸੀ। ਉਨ੍ਹਾਂ ਦੀ ਅੱਜ ਤੱਕ ਕੋਈ ਉੱਘ ਸੁੱਘ ਨਹੀਂ ਨਿਕਲੀ। ਰਸਤੇ ਵਿਚ ਬਹੁਤ ਔਕੜਾਂ ਆਈਆਂ, ਪਰ ਜਿਵੇਂ ਕਿਵੇਂ ਅਸੀਂ ਸਿਆਲਦਾ ਸਟੇਸ਼ਨ ਤੇ ਆ ਉਤਰੇ ਤੇ ਸੁਖ ਦਾ ਸਾਹ ਲਿਆ।

"ਅਸੀਂ ਸਾਰਾ ਟੱਬਰ ਕਈ ਦਿਨ ਫੁੱਟ-ਪਾਥਾਂ ਤੇ ਰੁਲਦੇ ਰਹੇ। ਸਭ ਕੁਝ ਰਸਤੇ ਵਿਚ ਲੁੱਟਿਆ ਪੁੱਟਿਆ ਗਿਆ ਸੀ। ਮੰਗਣ ਤੋਂ ਸਿਵਾ ਹੋਰ ਕੋਈ ਕੰਮ ਨਹੀਂ ਸੀ ਦਿੱਸਦਾ। ਸੋ ਢਿੱਡ ਦੀ ਭੁੱਖ ਤੋਂ ਤੰਗ ਆ ਕੇ ਮੰਗਣਾ ਸ਼ੁਰੂ ਕੀਤਾ। ਮੇਰਾ ਪਤੀ ਸਾਰੇ ਟੱਬਰ ਵਿਚ ਸਭ ਤੋਂ ਤਕੜਾ ਸੀ। ਉਹ ਕਈ ਦਿਨ ਕੰਮ ਲੱਭਣ ਜਾਂਦਾ ਰਿਹਾ, ਪਰ ਕੰਮ ਕਿਤੇ ਲੱਭਦਾ ਨਹੀਂ ਸੀ ਤੇ ਮੰਗਿਆ ਹੋਇਆ ਉਹ ਖਾਂਦਾ ਨਹੀਂ ਸੀ। ਪਾਣੀ ਤੇ ਕੋਈ ਕਿੰਨਾ ਚਿਰ ਜੀਉਂ ਸਕਦਾ ਹੈ? ਥੋੜ੍ਹੇ ਦਿਨਾਂ ਵਿਚ ਹੀ ਉਹ ਸਭ ਤੋਂ ਮਾੜਾ ਹੋ ਗਿਆ। ਆਖ਼ਰ ਆਪਣੇ ਬੱਚੇ ਦਾ ਵਾਸਤਾ ਪਾ ਕੇ ਮੈਂ ਉਸ ਨੂੰ ਮੰਗਿਆ ਪਿੰਨਿਆ ਖੁਆ ਹੀ ਦਿੱਤਾ। ਮੈਨੂੰ ਕੀ ਪਤਾ ਸੀ ਕਿ ਉਹ ਖਾਣਾ ਹੀ ਉਸ ਦੀ ਮੌਤ ਬਣ ਜਾਏਗਾ। ਮੇਰੀ ਦੁਨੀਆ ਹਨੇਰੀ ਹੋ ਗਈ।

ਕੁਝ ਚਿਰ ਮਗਰੋਂ ਮੇਰੇ ਵੱਡੇ ਭਰਾ ਨੂੰ ਹੋਟਲ ਤੇ ਪਲੇਟਾਂ ਧੋਣ ਦੀ ਨੌਕਰੀ ਮਿਲ ਗਈ। ਬਸੀਆਂ ਵਿਚ ਖਪਰੈਲ ਦੀ ਛੱਤ ਵਾਲੀ ਇਕ ਬਾੜੀ ਵਿਚ ਦਸਾਂ ਰੁਪਈਆਂ ਦਾ ਸਾਨੂੰ ਇਕ ਕਮਰਾ ਮਿਲ ਗਿਆ। ਦਾਦਾ ਦੀ ਤਨਖ਼ਾਹ ਵਿਚੋਂ ਜਿਹੜੇ ਵੀਹ ਰੁਪਏ ਬਚਦੇ ਸਨ, ਉਸ ਨਾਲ ਭਰਜਾਈ ਤੇ ਉਸ ਦੇ ਬੱਚਿਆਂ ਦਾ ਗੁਜ਼ਾਰਾ ਵੀ ਨਹੀਂ ਸੀ ਚਲਦਾ। ਦਾਦਾ ਵੀ ਮਾੜਾ ਹੁੰਦਾ ਜਾ ਰਿਹਾ ਸੀ। ਭਰਜਾਈ ਮੇਰੇ ਤੇ ਨਰਾਜ਼ ਸੀ ਕਿਉਂਕਿ ਮੈਂ ਉਸ ਦੇ ਬੱਚਿਆਂ ਦੇ ਮੂੰਹੋਂ ਭਾਤ ਖੁੰਹਦੀ ਸੀ ਬੁੱਢੇ ਬਾਪ ਨੇ ਕਦੇ ਕੁਝ ਕੀਤਾ ਨਹੀਂ ਸੀ। ਉਹ ਇਕ ਨੁੱਕਰੇ ਬੈਠਾ ਮੈਨੂੰ ਗਾਲ੍ਹਾਂ ਕੱਢਦਾ ਰਹਿੰਦਾ। ਮੈਂ ਤੰਗ ਆ ਕੇ ਬਾਹਰ ਚਲੀ ਜਾਂਦੀ ਤੇ ਮੰਗਦੀ ਪਿੰਨਦੀ। ਲੰਗੜਿਆਂ ਲੂਹਲਿਆਂ ਤੇ ਅੰਨ੍ਹਿਆਂ ਬੁੱਢਿਆਂ ਨੂੰ ਭਿੱਖ ਮਿਲ ਜਾਂਦੀ ਸੀ, ਪਰ ਮੈਨੂੰ ਸਾਰੇ ਦਿਨ ਵਿਚ ਦੋ ਚਾਰ ਪੈਸੇ ਵੀ ਨਾ ਨਸੀਬ ਹੁੰਦੇ। ਉਹ ਪੈਸੇ ਵੀ ਟੱਬਰ ਤੇ ਖ਼ਰਚ ਹੋ ਜਾਂਦੇ ਅਤੇ ਮੇਰਾ ਬੱਚਾ ਦਿਨੋ-ਦਿਨ ਦੁਬਲਾ ਹੁੰਦਾ ਜਾਂਦਾ। ਇਕ ਦਿਨ ਫੁਟ-ਪਾਥ ਤੇ ਮੈਂ ਤਰਲੇ

ਕਰ ਕਰ ਮੰਗ ਰਹੀ ਸਾਂ ਕਿ ਇਕ ਸੂਟਿਡ-ਬੂਟਿਡ ਮੱਧਖੜ ਸਾਹਬ ਮੇਰੇ ਅੱਗੋਂ ਲੰਘਿਆ। ਕੁਝ ਹਾਸਲ ਹੋਣ ਦੀ ਆਸ ਵਿਚ ਮੈਂ ਆਪਣਾ ਹੱਥ ਅੱਗੇ ਕਰ ਕੇ ਅਸੀਸ ਕੀਤੀ।

"ਹੂੰ..." ਉਹ ਇਕ ਪਾਸੇ ਦੀ ਮੁੱਛ ਚੜ੍ਹਾ ਕੇ ਬੋਲਿਆ, 'ਹੱਟੀਕੱਟੀ ਜਵਾਨ ਹੈਂ, ਮੰਗਦਿਆਂ ਸ਼ਰਮ ਨਹੀਂ ਆਉਂਦੀ ?"

"ਸ਼ਰਮ ਤੇ ਆਉਂਦੀ ਹੈ, ਪਰ ਕੀ ਕਰਾਂ ?" ਮੈਂ ਪੁਛਿਆ।

"ਕੋਈ ਕੰਮ ਕਰ, ਕੋਈ ਕੰਮ," ਉਸ ਖੜੋ ਕੇ ਕਿਹਾ।

"ਕੰਮ ਤੇ ਮੇਰੇ ਪਤੀ ਨੂੰ ਵੀ ਨਾ ਮਿਲਿਆ ਤੇ ਉਹ ਅਣਿਆਈ ਮੌਤੇ ਮਰ ਗਿਆ।"

"ਸਾਹਬ ਨੇ ਹਮਦਰਦੀ ਜਤਾਉਂਦਿਆਂ ਕਿਹਾ, 'ਤੈਨੂੰ ਤੇ ਕੰਮ ਮਿਲ ਸਕਦਾ ਹੈ ਜੇ ਕਰਨਾ ਹੋਵੇ ਤਾਂ।"

"ਜੇ ਕੰਮ ਮਿਲੇ ਤਾਂ ਹੋਰ ਕੀ ਚਾਹੀਦਾ ਹੈ ?" ਮੈਂ ਆਖਿਆ।

"ਆ ਮੇਰੇ ਨਾਲ, ਮੈਂ ਤੈਨੂੰ ਘਰ ਵਿਖਾਦਿਆਂ। ਉਥੇ ਘਰ ਦਾ ਕੰਮ-ਕਾਰ ਕਰਨਾ ਪਏਗਾ ਅਤੇ ਗੁਜ਼ਾਰੇ ਜੋਗੇ ਪੈਸੇ ਮਿਲ ਜਾਣਗੇ, ਉਸ ਨੇ ਮੈਨੂੰ ਸਿਰ ਤੋਂ ਪੈਰਾਂ ਤੱਕ ਵੇਖਦਿਆਂ ਕਿਹਾ ਅਤੇ ਤੁਰ ਪਿਆ।

"ਮੈਂ ਉਸ ਦੇ ਮਗਰ ਮਗਰ ਤੁਰ ਪਈ। ਚੌਕ ਵਿਚ ਪਹੁੰਚ ਕੇ ਉਹ ਟ੍ਰੈਮ ਉਡੀਕਣ ਲੱਗ ਪਿਆ। ਅਸੀਂ ਟ੍ਰੈਮ ਤੇ ਚੜ੍ਹ ਗਏ। ਉਸ ਮੈਨੂੰ ਪਿਛਲੀ ਸੀਟ ਤੇ ਬਿਠਾ ਕੇ ਦੋ ਟਿਕਟਾਂ ਖਰੀਦੀਆਂ ਇਕ ਥਾਂ ਪਹੁੰਚ ਕੇ ਉਸ ਰੱਸੀ ਖਿੱਚ ਕੇ ਟ੍ਰੈਮ ਖੜੀ ਕਰਨ ਲਈ ਟੱਲੀ ਵਜਾਈ ਤੇ ਮੈਨੂੰ ਵੀ ਉਤਰਨ ਲਈ ਇਸ਼ਾਰਾ ਕੀਤਾ। ਕੰਡੱਕਟਰ ਨੇ ਡਰਾਈਵਰ ਨੂੰ 'ਜਨਾਨਾ ਉਤਰੇਗਾ, ਬਾਂਧ ਕੇ ਕਹਿ ਕੇ ਟ੍ਰੈਮ ਨੂੰ ਪੂਰੀ ਤਰ੍ਹਾਂ ਰੁਕਣ ਲਈ ਚੇਤਾਵਨੀ ਕੀਤੀ। ਮੈਂ ਉਸ ਦੇ ਮਗਰ ਉਤਰ ਗਈ। ਇਕ ਬੜੀ ਦੇ ਨਵੇਕਲੇ ਕੋਨੇ ਇਕ ਘਰ ਸੀ। ਉਸ ਨੇ ਬੂਹਾ ਖੜਕਾਇਆ। ਅੰਦਰੋਂ ਇਕ ਨੌਕਰ ਨੇ ਬੂਹਾ ਖੋਲ੍ਹਿਆ ਅਤੇ ਮਾਲਕ ਦੇ ਮੂੰਹ ਵੱਲ ਵੇਖਦਾ ਬਾਹਰ ਨਿਕਲ ਗਿਆ। ਮੈਨੂੰ ਪਿਛਲੇ ਕਮਰੇ ਦਾ ਬੂਹਾ ਵਿਖਾ ਕੇ ਸਾਹਬ ਨੇ ਬਾਹਰਲਾ ਬੂਹਾ ਬੰਦ ਕਰ ਦਿੱਤਾ। ਬੰਦ ਹੋਣ ਦੇ ਖਟਕੇ ਨਾਲ ਮੈਨੂੰ ਇਕ ਝਟਕਾ ਲੱਗਾ। ਪਰ ਹੁਣ ਸਾਹਬ ਮੇਰੇ ਕਮਰੇ ਵਿਚ ਆ ਚੁੱਕਾ ਸੀ। ਉਸ ਉਹ ਬੂਹਾ ਵੀ ਬੰਦ ਕਰ ਕੇ ਕੁੰਜੀ ਲਾ ਦਿੱਤੀ। ਇਸ ਕਮਰੇ ਵਿਚ ਇਕ ਪਲੰਘ ਵਿਛਿਆ ਹੋਇਆ ਸੀ। ਇਕ ਮੇਜ਼ ਤੇ ਕੁਰਸੀ ਤੋਂ ਇਲਾਵਾ ਇਕ ਕਿਤਾਬਾਂ ਭਰੀ ਅਲਮਾਰੀ ਵੀ ਸੀ। ਸਾਹਬ ਨੇ ਮੈਨੂੰ ਪਲੰਘ ਤੇ ਬੈਠ ਜਾਣ ਲਈ ਕਿਹਾ। ਜਦੋਂ

ਬਾਹਰ ਨਿਕਲੀ, ਮੇਰੇ ਹੱਥਾਂ ਵਿਚ ਪੰਜਾਂ ਦਾ ਨੋਟ ਸੀ। ਬਾੜੀ ਤੋਂ ਬਾਹਰ ਸਿਗਰਟ ਦਾ ਕਸ਼ ਲਗਾਂਦਾ ਮੈਨੂੰ ਓਹੋ ਨੌਕਰ ਦਿਸਿਆ ਜੋ ਮੇਰੀ ਵੱਲ ਵੇਖ ਕੇ ਬੜੀ ਬੇਰਹਿਮੀ ਨਾਲ ਹੱਸਿਆ।

"ਟ੍ਰੈਮ ਤੇ ਚੜ੍ਹ ਕੇ ਮੈਂ ਆਪਣੇ ਘਰ ਜਾਣ ਵਾਲੇ ਰਸਤੇ ਤੇ ਜਾ ਉਤਰੀ। ਪੰਜ ਰੁਪਏ ਭਨਾ ਲਏ। ਘਰ ਜਾ ਕੇ ਜਦ ਪੰਦਰਾਂ ਆਨੇ ਪਿਤਾ ਜੀ ਦੇ ਹੱਥ ਤੇ ਰੱਖੇ ਤਾਂ ਉਹ ਪਰਸੰਨ ਤੇ ਹੈਰਾਨ ਬਹੁਤ ਹੋਏ। ਘਰ ਵਿਚ ਕਿਸੇ ਨਾ ਪੁੱਛਿਆ ਕਿ ਮੈਂ ਪੈਸੇ ਕਿਥੋਂ ਲਿਆਂਦੇ ਨੇ।"

ਹੁਣ ਤੱਕ ਡਾਕਟਰ ਨੇ ਕੋਈ ਹੁੰਗਾਰਾ ਨਹੀਂ ਸੀ ਦਿੱਤਾ ਅਤੇ ਪੱਥਰ ਦੀ ਮੂਰਤ ਵਾਂਗ ਅਹਿੱਲ ਸੁਣ ਰਿਹਾ ਸੀ। ਹੁਣ ਉਹ ਹਿੱਲਿਆ ਅਤੇ ਉਸ ਦੇ ਇਕ ਸਾਹ ਦੇ ਬਾਹਰ ਨਿਕਲਣ ਦੀ ਅਵਾਜ਼ ਵਧੇਰੇ ਉੱਕੀ ਸੁਣਾਈ ਦਿੱਤੀ। ਉਹ ਹਿੱਲ ਕੇ ਫੇਰ ਅਹਿੱਲ ਹੋ ਗਿਆ, ਜਿਵੇਂ ਹੋਰ ਸੁਣਨ ਲਈ ਤਿਆਰ ਹੋ ਗਿਆ ਹੋਵੇ।

"ਹੁਣ ਮੈਂ ਸ਼ਾਮੀਂ ਜ਼ਰਾ ਤਿਆਰ ਹੋ ਕੇ ਮੰਗਣ ਜਾਂਦੀ। ਜਾਂਦੀ ਵੀ ਕਿਉਂ ਨਾ ? ਇਸ ਤਰ੍ਹਾਂ-ਮੇਰੇ ਪਿਤਾ ਤੇ ਪੁੱਤਰ ਨੂੰ ਭਾਤ ਮਿਲਦਾ ਸੀ। ਬੱਚਾ ਮੇਰੀ ਭਰਜਾਈ ਸੰਭਾਲ ਲੈਂਦੀ ਸੀ। ਉਸ ਬਾਬੂ ਵਰਗੇ ਕੰਮ ਦੇਣ ਵਾਲੇ ਮੈਨੂੰ ਅਕਸਰ ਮਿਲ ਜਾਂਦੇ ਸਨ। ਉਹ ਮੇਰੀਆਂ ਸ਼ਰਮੀਲੀਆਂ-ਨਿਰਲੱਜ ਅੱਖਾਂ ਵਿਚੋਂ ਮੇਰੇ ਸੌਦੇ ਦਾ ਹੋਕਾ ਸਮਝ ਲੈਂਦੇ ਸਨ ਤੇ ਕੰਮ ਦੇਣ ਦਾ ਬਹਾਨਾ ਕਰ ਕੇ ਲੈ ਜਾਂਦੇ ਸਨ। ਉਹ ਹਰ ਫ਼ਿਰਕੇ ਤੇ ਹਰ ਧਰਮ ਦੇ ਆਦਮੀ ਹੁੰਦੇ, ਪਰ ਹੁੰਦੇ ਸਾਰੇ ਸੂਟਿਡ-ਬੂਟਿਡ।

"ਇਕ ਦਿਨ ਜਦ ਮੈਂ ਵਾਪਸ ਆਈ ਤਾਂ ਸਾਡੇ ਗਵਾਂਢੀ ਗਨਪਤਿ ਮੁਖੋਪਾਧਿਆ ਮੇਰੇ ਪਿਤਾ ਨਾਲ ਬੜੇ ਜੋਸ਼ ਵਿਚ ਗੱਲਾਂ ਕਰ ਰਹੇ ਸਨ :

"ਰਾਮ ਰਾਮ ! ਕਦੇ ਅੱਗੇ ਵੀ ਐਸਾ ਅਨਰਥ ਸੁਣਿਆ ਸੀ ? ਬ੍ਰਾਹਮਣ ਐਸੀਆਂ ਗੱਲਾਂ ਕਰਨ। ਬ੍ਰਾਹਮਣ ਤਾਂ ਧਰਮ ਦੀ ਧੁਜਾ ਹਨ। ਵਿਧਵਾ-ਵਿਵਾਹ ਅਧਰਮ ਹੈ, ਅਤੇ ਸਾਡੇ ਵਿਚ ਕੁਝ ਐਸੇ ਲੋਕ ਪੈਦਾ ਹੋ ਗਏ ਹਨ ਜੋ ਕਾਨਫ਼ਰੰਸਾਂ ਵਿਚ ਬੇਸ਼ਰਮੀ ਨਾਲ ਵਿਧਵਾ-ਵਿਵਾਹ ਦਾ ਪਰਚਾਰ ਤੇ ਸਮਰਥਨ ਕਰਦੇ ਹਨ। ਮੈਂ ਤਾਂ ਸੁੱਖ ਦਾ ਸਾਹ ਲਿਆ ਜਦ ਇਸ ਕਾਨਫ਼ਰੰਸ ਵਿਚ ਵਿਧਵਾ-ਵਿਵਾਹ ਦਾ ਪ੍ਰਸਤਾਵ ਗਿਰ ਗਿਆ। ਪਰ ਫਿਰ ਵੀ ਅਧਰਮੀਆਂ ਦੀ ਗਿਣਤੀ ਵਧ ਰਹੀ ਹੈ। ਖ਼ਬਰੇ ਭਗਵਾਨ ਕੀ ਕਰਨ ਵਾਲਾ ਹੈ।"

"ਮੈਂ ਇਹ ਕੰਮ ਕਾਫ਼ੀ ਚਿਰ ਕਰਦੀ ਰਹੀ ਅਤੇ ਇਸ ਕੰਮ ਵਿਚ ਤਾਕ ਹੋ ਗਈ। ਜੁਆਨ ਵਿਧਵਾਵਾਂ ਨੂੰ ਜਿਸ ਗੱਲ ਦਾ ਡਰ ਹੁੰਦਾ ਹੈ, ਉਸ ਦੀ ਰੋਕ ਮੈਂ ਆਪਣੇ ਵਰਗੀ ਕਾਰ ਕਰਦੀਆਂ ਹੋਰ ਤੀਵੀਆਂ ਤੋਂ ਸਿੱਖ ਲਈ ਸੀ।

"ਆਖ਼ਰ ਇਕ ਦਿਨ ਆਇਆ ਕਿ ਮੈਂ ਬਦਇਖ਼ਲਾਕੀ ਦੇ ਕਾਰੋਬਾਰ ਕਰਨ ਦੇ ਜੁਰਮ ਵਿਚ ਪਕੜੀ ਗਈ। ਮੇਰੇ ਨਾਲ ਦਾ ਬਦਇਖ਼ਲਾਕੀ ਦਾ ਭਾਈਵਾਲ ਪਤਾ ਨਹੀਂ ਕਿਵੇਂ ਬਚ ਨਿਕਲਿਆ ! ਮੇਰੇ ਖ਼ਿਲਾਫ ਗਵਾਹਾਂ ਵਿਚ ਸ਼ਹਿਰ ਦਾ ਇਕ ਪਤਵੰਤਾ ਵੀ ਸੀ, ਜੋ ਉਸ ਸ਼ਾਨਦਾਰ ਕੋਠੀ ਵਿਚ ਰਹਿੰਦਾ ਸੀ, ਜਿਸ ਦੇ ਕੋਲੋਂ ਮੈਂ ਫੜੀ ਗਈ। ਮੈਂ ਉਸ ਨੂੰ ਤੇ ਪੁਲੀਸ ਨੂੰ ਆਪਣੀਆਂ ਔਕੜਾਂ ਤੇ ਮੁਸ਼ਕਲਾਂ ਦੱਸਣ ਦਾ ਯਤਨ ਕੀਤਾ, 'ਮੈਨੂੰ ਕੋਈ ਕੰਮ ਨਹੀਂ ਦਿੰਦਾ, ਮੇਰਾ ਬੱਚਾ ਭੁੱਖਾ ਮਰ ਜਾਏਗਾ। ਮੇਰੇ ਪਿਤਾ ਦਾ ਕੋਈ ਸਹਾਰਾ ਨਹੀਂ। ਪਰ ਕਾਨੂੰਨ ਲਈ ਇਹ ਸਭ ਬਹਾਨੇ ਸਨ। ਮੇਰਾ ਪਤਾ ਲੈ ਕੇ ਮੇਰੇ ਭਰਾ ਤੇ ਪਿਤਾ ਨੂੰ ਖ਼ਬਰ ਕੀਤੀ ਗਈ। ਇਸ ਵੇਲੇ ਮੈਨੂੰ ਉਨ੍ਹਾਂ ਵੀ ਨਾ ਅਪਣਾਇਆ। ਮੁਕੱਦਮਾ ਚੱਲਣ ਮਗਰੋਂ ਮੈਨੂੰ ਸਜ਼ਾ ਹੋ ਗਈ, ਪਰ ਪਹਿਲਾ ਜੁਰਮ ਹੋਣ ਕਰਕੇ ਮੈਜਿਸਟਰੇਟ ਨੇ ਕੁਝ ਨਰਮੀ ਵਰਤੀ।

"ਜੇਲ੍ਹ ਕੱਟ ਕੇ ਆਉਣ ਤੋਂ ਮਗਰੋਂ ਮੈਂ ਘਰ ਗਈ। ਪਿਤਾ ਜੀ ਸੁੱਕ ਕੇ ਕੰਡਾ ਹੋਏ ਹੋਏ ਸਨ। ਮੇਰਾ ਬੱਚਾ ਮਰਨ ਵਾਲਾ ਸੀ। ਦਾਦਾ ਤੇ ਉਸ ਦੇ ਬੱਚਿਆਂ ਦਾ ਬੁਰਾ ਹਾਲ ਸੀ, ਪਰ ਮੈਨੂੰ ਅਪਣਾਉਣ ਲਈ ਕੋਈ ਤਿਆਰ ਨਹੀਂ ਸੀ। ਮੈਂ ਮੁੜ ਆਈ ਅਤੇ ਆਪਣੇ ਸਭ ਤੋਂ ਪਹਿਲੇ ਵਾਕਫ਼ ਦੀ ਸਹਾਇਤਾ ਨਾਲ ਬਦਇਖ਼ਲਾਕੀ ਦੇ ਕਾਰੋਬਾਰ ਨੂੰ ਇਖ਼ਲਾਕੀ ਕਾਰੋਬਾਰ ਬਣਾਉਣ ਵਿਚ ਸਫਲ ਹੋਈ। ਮੈਨੂੰ ਖੁਲ੍ਹੇ ਤੋਰ ਤੇ ਬੈਠਕ ਵਿਚ ਬੈਠ ਕੇ ਕਾਰੋਬਾਰ ਕਰਨ ਦਾ ਲਾਇਸੈਂਸ ਮਿਲ ਗਿਆ। ਸੋਨਾਗਚੀ ਵਿਚ ਮਾਮੂਲੀ ਜਿਹੀ ਕੋਠੜੀ ਲੈ ਕੇ ਮੈਂ ਕਾਰੋਬਾਰ ਸ਼ੁਰੂ ਕੀਤਾ। ਨਵੀਂ ਨਵੀਂ ਆਈ ਹੋਣ ਦੀ ਖਿੱਚ ਕਰਕੇ ਕਈ ਲੋਕ ਆਉਂਦੇ ਅਤੇ ਚੋਖੇ ਪੈਸੇ ਮਿਲ ਜਾਂਦੇ। ਮੇਰੇ ਭਰਾ ਤੇ ਪਿਤਾ ਨੂੰ ਇਸ ਗੱਲ ਦਾ ਪਤਾ ਨਹੀਂ ਸੀ। ਆਖ਼ਰ ਇਕ ਦਿਨ ਆਪਣੇ ਬੱਚੇ ਨੂੰ ਮੈਂ ਉਥੋਂ ਚੁਕ ਲਿਆਈ। ਦੋ ਕੁ ਮਹੀਨੇ ਮਗਰੋਂ ਮੈਂ ਇਕ ਵਧੀਆ ਬਾੜੀ ਵਿਚ ਦੁਹਰਾ ਕਮਰਾ ਲੈ ਲਿਆ। ਚੰਗੇ ਤਬਕੇ ਦੇ ਗਾਹਕ ਆਉਣ ਲੱਗ ਪਏ। ਮੈਂ ਬਿਜਲੀ-ਪੱਖਾ, ਰੇਡੀਓ-ਸੈੱਟ ਅਤੇ ਹੋਰ ਸਜਾਵਟੀ ਚੀਜ਼ਾਂ ਖ਼ਰੀਦ ਲਿਆਦੀਆਂ। ਹੁਣ ਮੈਂ ਆਪਣੇ ਗਾਹਕ ਦੀ ਘੋਖ ਕਰ ਕੇ ਵਿਹਾਜਦੀ ਸਾਂ। ਮਰਜ਼ੀ ਦਾ ਗਾਹਕ ਰੱਖਦੀ ਸਾਂ।

"ਇਕ ਦਿਨ ਮੇਰੀ ਗਵਾਂਢਣ ਮੇਰੇ ਕਮਰੇ ਵਿਚ ਆਈ। ਪੁੱਛਣ ਤੇ ਪਤਾ ਲੱਗਾ ਕਿ ਮੇਰੀ ਬਰਾਦਰੀ ਦੀ ਹੀ ਸੀ'।

"ਅਰੀ ਤੂੰ ਅੱਛੀ ਦੁਜਾਤੀ ਹੈਂ ?" ਉਸ ਆਖਿਆ, "ਤੇਰੇ ਅੰਦਰ ਠਾਕੁਰ ਹੀ ਨਹੀਂ ਹਨ। ਕੀ ਤੂੰ ਰੋਜ਼ ਠਾਕੁਰ-ਪੂਜਾ ਨਹੀਂ ਕਰਾਉਂਦੀ ?"

"ਮੈਂ ਹੈਰਾਨ ਸਾਂ। ਪੱਛਣ ਤੇ ਪਤਾ ਲੱਗਾ ਕਿ ਸਾਡੀ ਬਰਾਦਰੀ ਦੀ ਹਰ ਇਕ ਵੇਸਵਾ ਦੇ ਅੰਦਰ ਸ਼ਿਵ ਜੀ ਹੁੰਦੇ ਹਨ ਅਤੇ ਬਹੁਤ-ਗਿਣਤੀ ਸ਼ਿਵ-ਪੂਜਾ ਵੇਸਵਾਵਾਂ ਦੀ ਹੀ

ਹੈ। ਪੰਡਤ ਆਉਂਦੇ ਹਨ ਤੇ ਫੁੱਲ ਚੜ੍ਹਾਉਂਦੇ ਹਨ। ਦੋ ਮਿੰਟ ਪੂਜਾ ਵੀ ਕਰਦੇ ਹਨ ਅਤੇ ਪੰਜ ਰੁਪਏ ਮਹੀਨਾ ਲੈਂਦੇ ਹਨ। ਮੈਂ ਉਸ ਨੂੰ ਪੰਡਤ ਲਗਾ ਦੇਣ ਲਈ ਕਿਹਾ। ਉਸੇ ਦਿਨ ਮੈਂ ਇਕ ਠਾਕੁਰ ਅਤੇ ਇਕ ਠਾਕੁਰ ਦੀ ਤਸਵੀਰ ਮੁੱਲ ਲੈ ਆਂਦੀ। ਦੂਜੇ ਦਿਨ ਪੰਡਤ ਜੀ ਆਏ। ਗਨਪਤਿ ਮੁਖੋਪਾਧਿਆ ਹੀ ਸਨ। ਪਰ ਮੈਂ ਇਹ ਪਰਗਟ ਕਰਦਿਆਂ ਕਿ ਮੈਂ ਉਸ ਨੂੰ ਨਹੀਂ ਪਛਾਣਦੀ, ਪੂਜਾ ਦੀ ਮਾਹਵਾਰੀ ਰਕਮ ਪੇਸ਼ਗੀ ਦੇ ਦਿੱਤੀ।

"ਮੇਰੇ ਕੋਲ ਹੋਰ ਉੱਚੇ ਤਬਕੇ ਦੇ ਗਾਹਕਾਂ ਤੋਂ ਇਲਾਵਾ ਦਾਰੋਗੇ ਤੇ ਮੈਜਿਸਟਰੇਟ ਵੀ ਆਉਂਦੇ ਸਨ। ਕੀ ਤੁਸੀਂ ਹੈਰਾਨ ਹੋਵੋਗੇ ਜੇ ਮੈਂ ਕਹਾਂ ਕਿ ਉਹ ਮੈਜਿਸਟਰੇਟ ਸਾਹਿਬ ਵੀ ਇਕ ਦਿਨ ਆਏ ਜਿਨ੍ਹਾਂ ਮੈਨੂੰ ਸਜ਼ਾ ਦਿੱਤੀ ਸੀ ?"

ਡਾਕਟਰ ਇਥੇ ਕੁਝ ਇਵੇਂ ਹਿੱਲਿਆ ਜਿਵੇਂ ਉਸ ਨੂੰ ਕਿਸੇ ਹੁੱਜ ਦਿੱਤੀ ਹੋਵੇ। ਪਾਰੂ ਨੇ ਕਹਾਣੀ ਜਾਰੀ ਰੱਖੀ :

"ਦੂਜੇ ਹੀ ਮਹੀਨੇ ਬਾੜੀ ਦੇ ਦਰਬਾਨ ਨੇ ਮੇਰੇ ਕੋਲੋਂ ਹੋਰਨਾਂ ਤੋਂ ਵੱਧ ਕਰਾਇਆ ਲੈਣ ਦੀ ਮੰਗ ਕੀਤੀ। ਉਸ ਨੇ ਆਪਣੀ ਮਜਬੂਰੀ ਜਤਾਉਂਦਿਆਂ ਕਿਹਾ, "ਮੇਰਾ ਕੋਈ ਵੱਸ ਨਹੀਂ, ਮੈਂ ਤਾਂ ਮਾਲਕ ਦੇ ਹੁਕਮ ਤੇ ਤੁਰਦਾ ਹਾਂ। ਤੁਸੀਂ ਆਪ ਮਾਲਕ ਨੂੰ ਉਨ੍ਹਾਂ ਦੇ ਦਫਤਰ ਵਿਚ ਮਿਲ ਲਵੋ।

"ਮੈਂ ਉਸ ਤੋਂ ਮਾਲਕ ਦੇ ਦਫਤਰ ਦਾ ਪਤਾ ਲੈ ਲਿਆ। ਜਦ ਮੈਂ ਉਥੇ ਪਹੁੰਚੀ ਤਾਂ ਤੁਸੀਂ ਹੈਰਾਨ ਨਾ ਹੋਣਾ, ਬਾੜੀ ਦੇ ਇਕ ਸੌ ਦੂਹਰੇ ਕਮਰਿਆਂ ਦਾ ਵੇਸਵਾਵਾਂ ਤੋਂ ਔਸਤਨ ਡੇਢ ਸੌ ਰੁਪਿਆ ਮਾਹਵਾਰ ਦੇ ਹਿਸਾਬ ੧੫੦੦੦ ਉਗਰਾਹੁਣ ਵਾਲਾ ਸੇਠ ਉਹੋ, ਸ਼ਰੀਫ਼ ਆਦਮੀ ਸੀ, ਜਿਸ ਨੇ ਮੇਰੇ ਵਿਰੁੱਧ ਬਦਇਖ਼ਲਾਕੀ ਦੇ ਕਾਰੋਬਾਰ ਕਰਨ ਦੀ ਗਵਾਹੀ ਦਿੱਤੀ ਸੀ। ਉਹ ਮੈਨੂੰ ਮਨਾਉਣਾ ਚਾਹੁੰਦਾ ਸੀ, ਪਰ ਮੈਂ ਉਸ ਨੂੰ ਐਨੀ ਨਫ਼ਰਤ ਕਰਦੀ ਸਾਂ ਕਿ ਮੈਂ ਉਸ ਦੀ ਕੋਈ ਗੱਲ ਨਾ ਮੰਨੀ ਅਤੇ ਇਸ ਤਰ੍ਹਾਂ ਕਿਰਾਏ ਦੇ ਮੁਆਮਲੇ ਵਿਚ ਉਸ ਨੇ ਮੇਰੀ ਵੀ ਇਕ ਨਾ ਸੁਣੀ। ਮੈਂ ਵਾਪਸ ਮੁੜ ਆਈ ਅਤੇ ਘਰ ਆ ਕੇ ਪਤਾ ਲੱਗਾ ਕਿ ਸੋਨਾਗਾਚੀ ਦੇ ਇਲਾਕੇ ਵਿਚ ਉਸ ਦੀਆਂ ਇਹੋ ਜਹੀਆਂ ਹੋਰ ਵੀ ਬੜੀਆਂ ਬਾੜੀਆਂ ਹਨ।

"ਪਤਾ ਨਹੀਂ ਮੇਰੀ ਅਮੀਰੀ ਦਾ ਮੇਰੇ ਪਿਤਾ, ਭਰਾਵਾਂ ਨੂੰ ਕਿਵੇਂ ਪਤਾ ਲੱਗ ਗਿਆ, ਸ਼ਾਇਦ ਪੁਜਾਰੀ ਜੀ ਤੋਂ। ਉਹ ਮੇਰੇ ਕੋਲ ਪਹੁੰਚ ਹੀ ਪਏ। ਉਨ੍ਹਾਂ ਦਾ ਭੈੜਾ ਹਾਲ ਵੇਖ ਕੇ ਮੇਰੇ ਕੋਲੋਂ ਰਿਹਾ ਨਾ ਗਿਆ। ਮੈਂ ਉਨ੍ਹਾਂ ਨੂੰ ਅਕਸਰ ਕੁਝ ਨਾ ਕੁਝ ਦੇ ਛੱਡਦੀ।

"ਮੈਂ ਅਕਸਰ ਬਜ਼ਾਰ ਵਿਚ ਜਾਂਦੀ। ਫ਼ਟ ਪਾਥਾਂ ਤੇ ਮੰਗਦੀਆਂ ਮੁਟਿਆਰਾਂ ਨੂੰ ਆਪਣੀ ਕਮਾਈ ਵਿਚੋਂ ਦਿਲ ਖੋਲ੍ਹ ਕੇ 'ਦਾਨ' ਕਰਦੀ। ਕਿੱਡੀ ਮੂਰਖ ਸਾਂ ਮੈਂ ! ਕੀ ਮੈਂ ਇਸ ਤਰ੍ਹਾਂ ਉਨ੍ਹਾਂ ਨੂੰ ਸੋਨਾਗਾਚੀ ਪਹੁੰਚਣ ਤੋ ਰੋਕ ਸਕਦੀ ਸਾਂ ?

"ਇਕ ਰਾਤ ਮੇਰੇ ਕੋਲ ਮਨ-ਭਾਉਂਦੇ ਪੰਜਾਬੀ ਗਾਹਕ ਨਾਲ ਇਕ ਅਜੀਬ ਆਦਮੀ, ਅਜੀਬ ਜਿਹੇ ਲਿਬਾਸ ਵਿਚ ਆਇਆ। ਚੌੜਾ ਪਜਾਮਾ, ਖੁਲ੍ਹਾ ਕੁਰਤਾ, ਪੈਰੀਂ ਚੱਪਲ, ਲੰਮੇ ਤੀਵੀਆਂ ਵਰਗੇ ਵਾਲ ਪਿੱਛੇ ਸੁੱਟੇ ਹੋਏ ਸਨ। ਉਸ ਕਮਰੇ ਦੇ ਵਿਚਕਾਰ ਆਪਣੇ ਪੈਰਾਂ ਤੇ ਭੌਂ ਕੇ ਸਭ ਪਾਸੇ ਵੇਖਿਆ। ਕੋਨੇ ਵਿਚ ਠਾਕਰ ਵੇਖ ਕੇ ਉਸ ਆਪਣੀ ਜ਼ਬਾਨ ਵਿਚ ਮੇਰੇ ਗਾਹਕ ਰਾਹੀਂ ਪੁੱਛਿਆ, 'ਠਾਕਰ ਦੀ ਪੂਜਾ ਕੌਣ ਕਰਦਾ ਹੈ ?' ਮੇਰੇ ਉਤਰ ਨੂੰ ਆਪਣੇ ਸਾਥੀ ਤੋਂ ਅਨੁਵਾਦਿਆ ਸੁਣ ਕੇ ਉਸ ਨੇ ਕਿਹਾ, 'ਤਾਂ ਉਹ ਪੁਜਾਰੀ ਕਦੇ ਵੀ ਵੇਸਵਾ-ਬਿਰਤੀ ਦੇ ਵਿਰੁੱਧ ਅਤੇ ਵਿਧਵਾ- ਵਿਆਹ ਦੇ ਹੱਕ ਵਿਚ ਨਹੀਂ ਹੋ ਸਕਦਾ। ਮੇਰੇ ਕਹਿਣ ਤੇ ਜਿਹੜੀ ਗੱਲ ਉਹ ਅਜੀਬ ਮਨੁੱਖ ਆਪਣੇ ਸਾਥੀ ਨਾਲ ਕਰਦਾ, ਭਾਵੇਂ ਉਹ ਮੇਰੇ ਲਈ ਨਾ ਵੀ ਹੁੰਦੀ, ਉਹ ਝੱਟ ਮੇਰੇ ਲਈ ਇਸ ਤਰ੍ਹਾਂ ਅਨੁਵਾਦ ਕਰ ਦਿੰਦਾ ਕਿ ਸ਼ਾਇਦ ਅਜੀਬ ਮਨੁੱਖ ਨੂੰ ਵੀ ਪਤਾ ਨਾ ਲੱਗਦਾ।

"ਕੰਧ ਤੇ ਲੱਗੀਆਂ ਲੀਡਰਾਂ ਦੀਆਂ ਤਸਵੀਰਾਂ ਵੇਖ ਕੇ ਉਸ ਪੁੱਛਿਆ, 'ਕੀ ਇਹ ਤੁਹਾਨੂੰ ਬਹੁਤ ਚੰਗੇ ਲੱਗਦੇ ਹਨ? ਮੇਰੇ ਹਾਂ ਕਹਿਣ ਤੇ ਉਸ ਫਿਰ ਪੁੱਛਿਆ, 'ਕਿਉਂ ?'

"ਕਿਉਂਕਿ ਉਨ੍ਹਾਂ ਨੇ ਭਾਰਤ ਨੂੰ ਅਜ਼ਾਦ ਕਰਵਾਉਣ ਵਿਚ ਹਿੱਸਾ ਪਾਇਆ ਹੈ 'ਮੈਂ ਉੱਤਰ ਦਿੱਤਾ।'

"ਉਸ ਨੇ ਡੂੰਘਾ ਸਾਹ ਖਿੱਚ ਕੇ ਆਪਣੇ ਸਾਥੀ ਨੂੰ ਕਿਹਾ, 'ਜਦ ਤੱਕ ਸਭ ਨੂੰ ਕੰਮ, ਚੰਗਾ ਖਾਣਾ, ਲੋੜੀਂਦੇ ਕੱਪੜੇ, ਸਵਾਸਥ-ਵਰਧਕ ਘਰ ਨਹੀਂ ਮਿਲਦੇ, ਵੇਸਵਾ-ਬਿਰਤੀ ਕਦੇ ਨਹੀਂ ਹਟ ਸਕਦੀ। ਅਤੇ ਭਾਵੇਂ ਤੋਪਾਂ, ਬੰਦੂਕਾਂ ਨਾਲ ਕੋਈ ਦੇਸ ਕਿੱਡਾ ਮਹਾਨ ਹੋਵੇ, ਜਿੰਨਾ ਚਿਰ ਸਿੱਧੀ-ਵਿੰਗੀ ਵੇਸਵਾ-ਬਿਰਤੀ ਉਸ ਦੇਸ ਵਿਚ ਹੈ ਉੱਨਾ ਚਿਰ ਉਹ ਦੇਸ ਅਸਲ ਵਿਚ ਗ਼ੁਲਾਮ ਹੈ।

"ਗੱਲ ਨੂੰ ਜਾਰੀ ਰੱਖਦਿਆਂ ਉਸ ਕਿਹਾ :

"ਇਹ ਮਜ਼ਦੂਰੀ ਕਰਨ, ਨਹੀਂ ਰਹਿ ਸਕਦੀਆਂ ਤਾਂ ਆਪਣਾ ਕੁਝ ਭਾਰ ਹੌਲਾ ਕਰਨ ਲਈ ਆਪਣੇ ਵਰਗੇ ਮਜ਼ਦੂਰਾਂ ਨਾਲ ਸ਼ਾਦੀ ਕਰਨ, ਰਲ ਕੇ ਬੱਚਿਆਂ ਨੂੰ ਪਾਲਣ,

ਤਜ਼ਰਬੇ ਤੋਂ ਗਿਆਨ ਪ੍ਰਾਪਤ ਕਰਨ, ਕੰਮ ਨਾ ਮਿਲੇ ਤਾਂ ਇਕੱਠੀਆਂ ਹੋ ਕੇ ਲੜਨ, ਉਨ੍ਹਾਂ ਨਾਲ ਜੋ ਕੰਮ ਦੇ ਸਕਦੇ ਹਨ—ਪਰ ਆਪਣੇ ਲਾਭ ਲਈ ਤੇ ਐਸ਼ੋ ਇਸ਼ਰਤ ਦੇ ਸਾਮਾਨ ਨੂੰ ਕਾਇਮ ਰੱਖਣ ਲਈ ਕੰਮ ਨਹੀਂ ਦਿੰਦੇ। ਇਹ ਹੈ ਕੰਮ, ਅਸਲੀ ਕੰਮ। ਜੋ ਇਹ ਕੰਮ ਕਰਦਿਆਂ ਗੋਲੀ ਖਾ ਕੇ ਮਰ ਜਾਂਦਾ ਹੈ, ਉਹ ਮਹਾਨ ਹੈ—ਉਹ ਅਸਲੀ ਲੀਡਰ ਹੈ।

"ਅਚਾਨਕ ਉਸ ਦੀ ਨਜ਼ਰ ਗੱਦੀ ਦੇ ਉੱਪਰ ਲਟਕ ਰਹੀ ਸ਼ਿਵ ਜੀ ਦੀ ਤਸਵੀਰ ਤੇ ਪਈ।

"ਕੀ ਭਗਵਾਨ ਸਭ ਕੁਝ ਦੇਖਦਾ ਹੈ ?"

"ਹਾਂ, ਮੈਂ ਕਿਹਾ।

"ਕੀ ਇਸ ਗੱਦੀ ਤੇ ਹੁੰਦੇ ਕੁਕਰਮ ਨੂੰ ਵੀ ?

"ਮੈਨੂੰ ਚੱਕਰ ਆ ਗਿਆ। ਮੈਂ ਪੈਰਾਂ ਭਾਰ ਭੁੰਜੇ ਬੈਠ ਗਈ। ਅੱਧ-ਪਚੱਧੀ ਹੋਸ਼ ਆਉਣ ਤੇ ਮੈਂ ਪਤਾ ਨਹੀਂ ਕਿਉਂ ਉਸ ਨੂੰ ਬੇਇੱਜ਼ਤੀ ਕਰ ਕੇ ਬਾਹਰ ਕੱਢ ਦਿੱਤਾ। ਉਸ ਨੇ ਆਪਣੇ ਸਾਥੀ ਨੂੰ ਬਾਹਰ ਨਿਕਲਦਿਆਂ, ਸਾਧਾਂ ਵਾਂਗ ਕਿਹਾ, 'ਅਜੇ ਬੁਧੀ ਮਲੀਨ ਹੈ ਇਸ ਦੀ। ਅਸੀਂ ਇਕ ਵਾਰ ਫਿਰ ਆਵਾਂਗੇ ਇਨ੍ਹਾਂ ਕੋਲ।'

"ਅਤੇ ਫੇਰ ਉਹ ਚਲੇ ਗਏ। ਮੈਨੂੰ ਆਪਣੇ ਗਾਹਕ ਦੇ ਘਰ ਦਾ ਪਤਾ ਸੀ। ਮਗਰੋਂ ਮੈਂ ਉਸ ਨੂੰ ਇਕ ਇਕ ਦਿਨ ਦੇ ਵਕਫ਼ੇ ਮਗਰੋਂ ਕਈ ਚਿੱਠੀਆਂ ਪਾਈਆਂ। ਅਕਸਰ ਪਹਿਲੀ ਚਿੱਠੀ ਦੇ ਜਵਾਬ ਵਿਚ ਹੀ ਉਹ ਉਸੇ ਰਾਤ ਆ ਹਾਜ਼ਰ ਹੁੰਦਾ ਸੀ। ਪਰ ਕੋਈ ਉੱਤਰ ਨਾ ਆਇਆ। ਮੈਂ ਆਪ ਖੋਜ ਕੀਤੀ। ਉਹ ਘਰ ਛੱਡ ਗਿਆ ਹੋਇਆ ਸੀ।

ਅਖ਼ਬਾਰ ਵਿਚ ਖ਼ਬਰਾਂ ਛਪ ਰਹੀਆਂ ਸਨ ਕਿ ਨਗਰ-ਸਭਾ ਵੇਸਵਾਵਾਂ ਨੂੰ ਸੋਨਾਗਾਚੀ ਵਿਚੋਂ ਕੱਢ ਕੇ ਸ਼ਹਿਰ ਤੋਂ ਦੂਰ ਪੰਦਰ੍ਹਾਂ ਮੀਲ ਤੇ ਵਸਾਉਣ ਦੀ ਤਜਵੀਜ਼ ਤੇ ਵਿਚਾਰ ਕਰ ਰਹੀ ਹੈ। ਵੇਸਵਾਵਾ ਇਸ ਦੇ ਵਿਰੁੱਧ ਸਨ। ਅਸਾਂ ਚੰਦਾ ਇਕੱਠਾ ਕਰਕੇ ਇਕ ਦੋ ਅਖ਼ਬਾਰਾਂ ਦੇ ਐਡੀਟਰਾਂ ਨੂੰ ਆਪਣੇ ਨਾਲ ਲਾ ਲਿਆ ਸੀ। ਨਗਰ-ਸਭਾ ਦੇ ਵਿਸ਼ਾਲ ਹਾਲ ਵਿਚ ਇਸ ਗੱਲ ਤੇ ਵਿਚਾਰ ਹੋਣੀ ਸੀ। ਇਕ ਗੈਲਰੀ ਵੇਸਵਾਵਾਂ ਵਾਸਤੇ ਵੀ ਨੀਯਤ ਕੀਤੀ ਗਈ ਸੀ। ਮੈਂ ਵੀ ਸਰਦੀਆਂ ਪੁੱਜਦੀਆਂ ਵੇਸਵਾਵਾਂ ਵਿਚੋਂ ਗਿਣੀ ਜਾਂਦੀ ਸਾਂ। ਸੋ ਮੈਂ ਵੀ ਹੋਰ ਸਾਥਣਾਂ ਨਾਲ ਉਥੇ ਪਹੁੰਚੀ। ਬਾੜੀ ਦਾ ਮਾਲਕ ਸੇਠ ਵੀ ਨਗਰ-ਸਭਾ ਦਾ ਪ੍ਰਤੀਨਿਧ ਸੀ। ਉਸ ਨੇ ਵੇਸਵਾਵਾਂ ਦੇ ਸ਼ਹਿਰ ਵਿਚ ਰੱਖੇ ਜਾਣ ਦੇ ਹੱਕ ਵਿਚ ਧੂਆਂਧਾਰ ਭਾਸ਼ਨ ਦਿੱਤਾ, "ਵੇਸਵਾਵਾਂ ਦੇ ਸ਼ਹਿਰ ਤੋਂ ਬਾਹਰ ਜਾਣ ਨਾਲ ਸ਼ਰੀਫ਼ ਆਦਮੀਆਂ ਦੀਆਂ

ਧੀਆਂ ਭੈਣਾਂ ਵਾਸਤੇ ਸ਼ਹਿਰ ਵਿਚ ਰਹਿਣਾ ਮੁਸ਼ਕਲ ਹੋ ਜਾਏਗਾ। ਵੇਸਵਾਵਾਂ, ਸਮਾਜ ਦਾ ਉਹ ਭਾਗ ਹਨ ਜੋ ਬਦਮਾਸ਼ਾਂ ਦੇ ਵਿਸ਼ੇ-ਵਾਸ਼ਨਾ ਦੇ ਜੋਸ਼ ਨੂੰ ਆਪਣੇ ਆਪ ਤੇ ਸਹਾਰ ਕੇ ਸ਼ਰੀਫ਼ਜ਼ਾਦੀਆਂ ਦੀ ਇੱਜ਼ਤ ਨੂੰ ਬਚਾਉਂਦੀਆਂ ਹਨ।" ਅੱਜ ਤਾਂ ਉਹ ਵੇਸ਼ਵਾਵਾਂ ਦੇ ਬਦਇਖ਼ਲਾਕੀ ਦੇ ਕਾਰੋਬਾਰ ਨੂੰ ਮਾਨੋ ਸਦਾਚਾਰ ਬਣਾ ਰਿਹਾ ਸੀ। ਮੇਰੀਆਂ ਹੋਰ ਵੇਸਵਾਵਾਂ ਭੈਣਾਂ ਨੂੰ ਉਸ ਦੀ ਤਕਰੀਰ ਚੰਗੀ ਲੱਗੀ। ਉਹ ਉਨ੍ਹਾਂ ਦੇ ਹੱਕ ਵਿਚ ਵੀ ਸੀ ਤੇ ਮੇਰੇ ਹੱਕ ਵਿਚ ਵੀ। ਪਰ ਉਸ ਅਜੀਬ ਆਦਮੀ ਦੀਆਂ ਗੱਲਾਂ ਉਸ ਦੀ ਤਕਰੀਰ ਵੇਲੇ ਮੈਨੂੰ ਰਹਿ ਰਹਿ ਕੇ ਯਾਦ ਆਉਂਦੀਆਂ ਸਨ। ਮੈਂ ਇਸ ਭਲੇਮਾਣਸ ਸੇਠ ਦੀ ਅਸਲੀ ਮਨਸ਼ਾ ਨੂੰ ਉਨ੍ਹਾਂ ਦੇ ਆਸਰੇ ਸਮਝਣ ਦੇ ਯੋਗ ਹੋ ਗਈ ਸਾਂ।

"ਸਾਨੂੰ ਸ਼ਹਿਰੋਂ ਬਾਹਰ ਕੱਢਣ ਦੀ ਤਜਵੀਜ਼ ਰੱਦ ਹੋ ਗਈ। ਮੇਰੀਆਂ ਸਾਥਣਾਂ ਖ਼ੁਸ਼ ਸਨ, ਪਰ ਮੈਂ ਗੰਭੀਰ ਹੁੰਦੀ ਜਾ ਰਹੀ ਸਾਂ। ਮੈਂ ਉਨ੍ਹਾਂ ਨਾਲ ਬਾਹਰ ਆ ਰਹੀ ਸਾਂ। ਬਾਹਰ ਉਸ ਸੇਠ ਨੂੰ ਇਕ ਮਾਅਰਕੇ ਦੀ ਤਕਰੀਰ ਕਰਨ ਮਗਰੋਂ ਵਧਾਈਆਂ ਮਿਲ ਰਹੀਆਂ ਸਨ, ਫ਼ੋਟੋਆਂ ਲਾਹੀਆਂ ਜਾ ਰਹੀਆਂ ਸਨ। ਮੇਰੇ ਅੰਦਰੋਂ ਪਤਾ ਨਹੀਂ ਕਿੱਥੋਂ ਰੋਹ ਉਮ੍ਹਲ ਪਿਆ। ਮੈਂ ਨਿਉਂ ਕੇ ਆਪਣੀ ਸੈਂਡਲ ਖੋਲ੍ਹ ਲਈ ਅਤੇ ਵਗਾਹ ਕੇ ਉਸ ਦੇ ਮੂੰਹ ਉੱਤੇ ਕੱਢ ਮਾਰੀ।

"ਚਾਰੇ ਪਾਸੇ ਹਾਹਾਕਾਰ ਮੱਚ ਗਈ। ਮੈਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਮੇਰੀਆਂ ਸਾਥਣਾਂ ਨੇ ਮੈਨੂੰ ਫਿਟਕਾਂ ਪਾਈਆਂ। ਮੇਰੇ ਤੇ ਮੁਕੱਦਮਾ ਚਲਾਇਆ ਗਿਆ। ਮੇਰੇ ਬਿਆਨਾਂ ਨੂੰ ਮਕਾਰੀ ਕਿਹਾ ਗਿਆ। ਸੇਠ ਦੀ ਮੇਰੇ ਵਿਰੁੱਧ ਗਵਾਹੀ ਲੈ ਕੇ ਮੇਰੀ ਦੁਸ਼ਮਣੀ ਉਸ ਨਾਲ ਸਾਬਤ ਕੀਤੀ ਗਈ। ਮੈਨੂੰ ਸਜ਼ਾ ਦਿੱਤੀ ਗਈ।

"ਮੈਂ ਆਪਣੀ ਕਹਾਣੀ ਜੇਲ੍ਹ ਦੀਆਂ ਕੰਧਾਂ ਨੂੰ ਸੁਣਾਉਂਦੀ ਸਾਂ, ਹੋਰ ਕੋਈ ਸੁਣਦਾ ਜੁ ਨਹੀਂ ਸੀ। ਦਿਨੇ ਉਹ ਮੇਰਾ ਮੂੰਹ ਬੰਦ ਕਰ ਦਿੰਦੇ ਸਨ। ਮੈਂ ਰਾਤ ਨੂੰ ਸੁਪਨਿਆਂ ਵਿਚ ਇਕੱਠੇ ਹੋਏ ਲੋਕਾਂ ਨੂੰ ਸੁਣਾਉਂਦੀ ਸਾਂ। ਤੁਹਾਡੇ ਬਿਨਾਂ ਮੇਰੀ ਕਿਸੇ ਸੰਖੇਪ ਕਹਾਣੀ ਵੀ ਨਹੀਂ ਸੁਣੀ। ਇਹੋ ਹੈ ਮੇਰੀ ਕਹਾਣੀ, ਇਹੋ ਹੈ ਮੇਰਾ ਸਵਾਲ, ਇਹ ਹੈ ਮੇਰੀ ਸਮੱਸਿਆ। ਇਸ ਦਾ ਉੱਤਰ ? ਇਸ ਦਾ ਹੱਲ ?"

"ਮੈਂ ਪੂਰਾ ਆਦਮੀ ਨਹੀਂ, ਭੈਣ", ਡਾਕਟਰ ਨੇ ਕਿਹਾ, "ਅੱਧੇ ਆਦਮੀ ਕੋਲ ਹਮਦਰਦੀ ਹੁੰਦੀ ਹੈ, ਸਮਝ ਹੁੰਦੀ ਹੈ। ਸੋ ਮੈਂ ਅੱਧਾ ਆਦਮੀ ਹਾਂ। ਪੂਰੇ ਆਦਮੀ ਨੂੰ ਤਾਂ ਤੂੰ ਕੱਢ ਦਿੱਤਾ, ਹੱਲ ਨੂੰ ਤੂੰ ਠੁਕਰਾ ਦਿੱਤਾ, ਪਰ ਉਹ ਜ਼ਰੂਰ ਤੁਹਾਡੇ ਕੋਲ ਫਿਰ ਆਏਗਾ। ਜੇ ਛੇਤੀ ਹੈ ਤਾਂ ਤੈਨੂੰ ਖ਼ੁਦ ਲੱਭਣਾ ਪਵੇਗਾ। ਉਹ ਕਿਸੇ ਨਾ ਕਿਸੇ ਸ਼ਕਲ ਵਿਚ, ਕੋਈ ਨਾ ਕੋਈ

ਬੋਲਦਾ, ਕਿਸੇ ਨਾ ਕਿਸੇ ਕਾਰਖ਼ਾਨੇ ਵਿਚ ਜਾਂ ਖੇਤ ਵਿਚ ਲੱਭ ਹੀ ਪਵੇਗਾ। ਪਰ ਮੈਂ ਅੱਧਾ ਆਦਮੀ ਹਾਂ। ਮੈਂ ਗੌਰਮਿੰਟ ਦਾ ਤਨਖ਼ਾਹਦਾਰ ਡਾਕਟਰ ਹਾਂ। ਮੇਰੇ ਕੋਲ ਹੱਲ ਕਿੱਥੇ ? ਤੂੰ ਪਾਗ਼ਲ ਨਹੀਂ ਹੈਂ। ਤੂੰ ਕਦੇ ਪਾਗਲ ਸੈਂ, ਪਰ ਹੁਣ ਨਹੀਂ। ਤੇਰੀ ਸਜ਼ਾ ਮੁੱਕਣ ਵਾਲੀ ਹੈ ਤੇ ਹੁਣ ਤੂੰ ਕੋਈ ‘ਕੰਮ ਕਰੀਂ।”

‘ਕੰਮ’ ਸ਼ਬਦ ਤੇ ਡਾਕਟਰ ਨੇ ਜ਼ੋਰ ਦਿੱਤਾ। ਪਾਰੂ ਨੇ ਉਸ ਨੂੰ ਅੱਖਾਂ ਪੂੰਝਦਿਆਂ ਦੇਖਿਆ।

-0-

# ਪੱਤਣ ਤੇ ਸਰਾਂ

ਲਾਰੀ ਆਖ਼ਰੀ ਪੜਾ ਤੇ ਪਹੁੰਚ ਕੇ ਖਲੋ ਗਈ। ਮਾਨ ਸਿੰਘ ਨੇ ਕਾਹਲੀਆਂ ਸਵਾਰੀਆਂ ਨੂੰ ਪਹਿਲੋਂ ਉਤਰ ਜਾਣ ਦਿੱਤਾ। ਉਸ ਕੋਲ ਦਰਮਿਆਨੇ ਹੁਜਮ ਦਾ ਇਕ ਚਮੜੇ ਦਾ ਅਟੈਚੀਕੇਸ ਸੀ, ਜਿਸ ਨੂੰ ਹੱਥਾਂ ਵਿਚ ਲਮਕਾ ਕੇ ਉਹ ਤੁਰ ਪਿਆ। ਇਕ ਨਿਮਾਣੇ ਜਿਹੇ ਮੁੰਡੇ ਨੇ ਪਤਲੂਣ ਕੋਟ ਵਾਲੇ ਅਧਖੜ ਸਰਦਾਰ ਨੂੰ ਦੇਖ ਕੇ ਲਿਲਕਣੀ ਭਰੇ ਲਹਿਜੇ ਵਿਚ ਕਿਹਾ, "ਸਰਦਾਰ ਜੀ, ਲਿਆਓ ਮੈਂ ਚੁੱਕ ਕੇ ਲੈ ਚਲਦਾਂ।" ਉਂਝ ਉਸ ਨੂੰ ਕੋਈ ਕੰਮ ਮਿਲਣ ਦੀ ਆਸ ਨਹੀਂ ਸੀ, ਕਿਉਂਕਿ ਅਟੈਚੀਕੇਸ ਬਹੁਤ ਹੌਲਾ ਜਾਪਦਾ ਸੀ।

"ਪਰ ਪਤਾ ਵੀ ਊ, ਲਿਜਾਣਾ ਕਿੱਥੇ ਐ ?" ਮਾਨ ਸਿੰਘ ਨੇ ਤੁਰੇ ਜਾਂਦਿਆਂ ਏਵੇਂ ਪੁੱਛਿਆ ਜਿਵੇਂ ਉਸ ਨੂੰ ਮਜ਼ਦੂਰ ਦੀ ਕੋਈ ਲੋੜ ਨਹੀਂ ਤੇ ਉਸ ਦੇ ਲਾਗੋਂ ਦੀ ਲੰਘ ਤੁਰਿਆ। ਪਰ ਮੁੰਡੇ ਨੂੰ ਕੰਮ ਮਿਲਣ ਦੀ ਕੁਝ ਆਸ ਬੱਝ ਚੁੱਕੀ ਸੀ। ਸੋ ਉਸ ਨੇ ਮਗਰ ਹੋ ਕੇ ਕਿਹਾ, "ਸਰਦਾਰ ਜੀ ਜਿਥੇ ਕਹੋਗੇ ਲੈ ਚਲਾਂਗੇ।"

"ਮੈਂ, ਕਾਕਾ, ਪੱਤਣ ਤੇ ਜਾਣਾ।"

ਮੁੰਡੇ ਨੇ ਅਗਾਂਹ ਹੋ ਕੇ ਅਟੈਚੀ ਨੂੰ ਹੱਥ ਪਾ ਕੇ ਆਪਣੇ ਸਿਰ ਤੇ ਰੱਖ ਲਿਆ।

ਦਰਿਆ ਬਿਆਸ ਦੇ ਉੱਚੇ ਢਾਹੇ ਤੇ ਵਸੇ ਪੁਰਾਣੇ ਕਸਬੇ ਦੇ ਖੰਡਰਾਂ ਵਿਚੋਂ ਲੰਘੀ ਜਾ ਰਿਹਾ ਸੀ, ਜਿਵੇਂ ਯਾਦ ਕਦੀ ਅਰਮਾਨਾਂ ਦੀ ਬਸਤੀ ਵਿਚੋਂ ਲੰਘਦੀ ਹੈ। ਵਸੋਂ ਵਾਲੀਆਂ ਗਲੀਆਂ ਨੂੰ ਪਾਰ ਕਰਦੇ ਦੋਵੇਂ ਕਸਬੇ ਦੇ ਦੂਸਰੇ ਪਾਸੇ ਨਿਕਲ ਗਏ। ਢਾਹੇ ਦੇ ਸਿਰੇ ਤੋਂ ਦਰਿਆ ਉਸ ਦੇ ਅੰਦਾਜ਼ੇ ਤੋਂ ਬਹੁਤ ਦੂਰ ਜਾਪਿਆ, ਉਸ ਦਾ ਖ਼ਿਆਲ ਸੀ ਦਰਿਆ ਢਾਹੇ ਦੇ ਪੈਰਾਂ ਵਿਚ ਹੀ ਕਿਤੇ ਵਗਦਾ ਹੋਵੇਗਾ। ਉਹ ਵਲ ਕੇ ਉਤਰਾਈ ਉਤਰ ਰਹੇ ਸਨ, ਜਦ ਮਾਨ ਸਿੰਘ ਦੇ ਪੁੱਛਣ ਤੇ ਮੁੰਡੇ ਨੇ ਦਸਿਆ ਕਿ ਅਸਲੀ ਦਰਿਆ ਤਾਂ ਓਥੋਂ ਡੇਢ ਕੋਹ ਹੋਵੇਗਾ। ਮਾਨ ਸਿੰਘ ਨੇ ਮਜ਼ਦੂਰ ਕਰ ਲੈਣ ਤੇ ਹੁਣ ਮਨ ਹੀ ਮਨ ਵਿਚ ਖ਼ੁਸ਼ੀ ਕੀਤੀ। ਇਕ ਛੰਭ ਦੇ ਕੰਢੇ ਬਰੇਤੇ ਵਿਚ ਉਹ ਤੁਰ ਰਹੇ ਸਨ। ਮਾਨ ਸਿੰਘ ਦਾ ਬੂਟ ਹਰ ਕਦਮ ਤੇ ਕੁਝ

ਇੰਚ ਪਿਛਾਂਹ ਤਿਲ੍ਹਕਦਾ ਮਲੂਮ ਹੁੰਦਾ ਸੀ। ਅੱਡੇ ਤੇ ਭਾਵੇਂ ਸੂਰਜ ਵਾਹਵਾ ਉੱਚਾ ਮਲੂਮ ਹੁੰਦਾ ਸੀ, ਪਰ ਢਾਹੇ ਦੇ ਉਹਲੇ ਤਾਂ ਤਰਕਾਲਾਂ ਪਈਆਂ ਜਾਪਦੀਆਂ ਸਨ।

"ਸਰਦਾਰ ਜੀ, ਪੈਰ ਪੁੱਟੀ ਚਲੋ। ਬੱਸ ਐਤਕੀ ਬੇੜੀ ਪੈਣੀ ਐਂ" ਮਜ਼ਦੂਰ ਮੁੰਡੇ ਨੇ ਕਿਹਾ ਤੇ ਮਾਨ ਸਿੰਘ ਅੱਗੇ ਨਿਕਲ ਤੁਰਿਆ। ਹੁਣ ਉਹ ਛੰਭ ਨੂੰ ਇਕ ਬੰਨੇ ਛੱਡ ਕੇ ਸਿੱਧੇ ਦਰਿਆ ਦੀ ਧਾਰ ਵਲ ਵਧ ਰਹੇ ਸਨ। ਮੁੰਡਾ ਵਿੱਥ ਪਾਈ ਜਾ ਰਿਹਾ ਸੀ ਤੇ ਤਿਲ੍ਹਕਦੇ ਬੂਟਾਂ ਨਾਲ ਮਾਨ ਸਿੰਘ ਲਈ ਉਸ ਦੇ ਨਾਲ ਤੁਰਨਾ ਔਖਾ ਪਰਤੀਤ ਹੋ ਰਿਹਾ ਸੀ। ਸਿਆਲੀ ਸੂਰਜ ਦੀਆਂ ਤਿਰਛੀਆਂ ਕਿਰਨਾਂ ਫ਼ਰਲਾਂਗ ਕੁ ਅੱਗੇ ਰੇਤ ਤੇ ਪੈ ਰਹੀਆਂ ਸਨ ਤੇ ਮਾਨ ਸਿੰਘ ਨੂੰ ਇਉਂ ਜਾਪਦਾ ਸੀ ਕਿ ਸ਼ਾਮਾਂ ਪੈ ਕੇ ਫੇਰ ਲੌਢਾ ਵੇਲਾ ਹੋ ਰਿਹਾ ਹੋਵੇ। ਸਮੇਂ ਦੇ ਇਸ ਤਰ੍ਹਾਂ ਪਿਛਾਂਹ ਮੁੜਨ ਦਾ ਅਨੁਭਵ ਅੱਜ ਹੀ ਉਸ ਨੂੰ ਹੋਇਆ ਸੀ। ਸੂਰਜ ਦੇ ਡੁੱਬਦੇ ਜਾਣ ਕਾਰਨ ਧੁੱਪ ਮਾਨੋ ਮਾਨ ਸਿੰਘ ਦੇ ਅੱਗੇ ਅੱਗੇ ਦੌੜੀ ਜਾ ਰਹੀ ਸੀ। ਫੇਰ ਵੀ ਪੱਤਣ ਤੇ ਪਹੁੰਚਣ ਤੋਂ ਪਹਿਲਾਂ ਉਨ੍ਹਾਂ ਇਸ ਨੂੰ ਫੜ ਹੀ ਲਿਆ।

"ਆ ਜਾਓ, ਸਰਦਾਰ ਜੀ, ਆ ਜਾਓ। ਅਸੀਂ ਤੁਹਾਡੇ ਲਈ ਹੀ ਰੁੱਕੇ ਹੋਏ ਆਂ। ਬੱਸ ਸੂਰਜ ਡੁੱਬਿਆ ਈ ਸਮਝੋ", ਮਲਾਹ ਨੇ ਕਿਹਾ ਤੇ ਇਕ ਵਾਰੀ ਅੱਖਾਂ ਤੇ ਹੱਥ ਦਾ ਛੱਪਰ ਬਣਾ ਕੇ ਢਾਹੇ ਵਲੋਂ ਆ ਰਹੇ ਰਸਤੇ ਵੱਲ ਵੇਖਿਆ। ਮਾਨ ਸਿੰਘ ਨੇ ਮੁੰਡੇ ਦੀ ਮਿਹਨਤ ਮੋੜ ਦਿੱਤੀ ਅਤੇ ਤਾਹੀਓਂ ਪੈਸੇ ਲੈ ਕੇ ਉਸ ਨੇ ਕੋਈ ਹੀਲ-ਹੁਜਤ ਨਾ ਕੀਤੀ, ਸਗੋਂ ਉਸ ਦੇ ਚਿਹਰੇ ਤੇ ਆਏ ਪ੍ਰਭਾਵ ਨੇ ਪਰਗਟ ਕੀਤਾ ਕਿ ਉਸ ਦੀ ਨਿਸ਼ਾ ਹੋ ਗਈ ਐ।

ਮਾਨ ਸਿੰਘ ਦੇ ਫੱਟੇ ਉੱਤੋਂ ਲੰਘ ਕੇ ਬੇੜੀ ਵਿਚ ਪੈਰ ਧਰਦਿਆਂ ਹੀ ਮਲਾਹ ਨੇ ਫੱਟਾ ਖਿੱਚ ਲਿਆ ਤੇ ਵੰਝ ਨਾਲ ਬੇੜੀ ਜਲ-ਵਰਵਾਹ ਵਿਚ ਠੇਲ੍ਹਣੀ ਸ਼ੁਰੂ ਕੀਤੀ। ਬਿਆਸ ਵਿਚ ਸਿਆਲ ਵਿਚ ਵੀ ਪਾਣੀ ਚੋਖਾ ਵਗਦਾ ਹੈ ਅਤੇ ਹਾਲੀ ਤੇ ਸਿਆਲ ਦਾ ਮੁੱਢ ਹੀ ਬੱਝਾ ਸੀ। ਬੇੜੀ ਦਾ ਪੂਰ ਕੋਈ ਬਹੁਤ ਵੱਡਾ ਨਹੀਂ ਸੀ। ਪੰਜ ਸੱਤ ਆਦਮੀ ਸਨ ਤੇ ਸੁਫ਼ਿਆਨੇ ਜਹੇ ਕੱਪੜਿਆਂ ਵਿਚ ਭਰਵੇਂ ਸਰੀਰ ਵਾਲੀ ਇਕ ਗੋਰੀ ਜਹੀ ਤੀਵੀਂ ਵੀ ਸੀ। ਫੱਟੇ ਤੇ ਤੁਰ ਕੇ ਬੇੜੀ ਵਿਚ ਆਉਂਦਿਆਂ ਉਸ ਤੀਵੀਂ ਨੇ ਉਸ ਵੱਲ ਦੇਖਿਆ ਸੀ ਤੇ ਫੇਰ ਮੂੰਹ ਹੇਠਾਂ ਕਰ ਲਿਆ ਸੀ। ਸ਼ਾਇਦ ਉਸ ਨੇ ਮਾਨ ਸਿੰਘ ਨੂੰ ਪਛਾਣ ਲਿਆ ਸੀ।

ਬੇੜੀ ਹੁਣ ਵਹਿਣ ਵਿਚ ਪੈ ਗਈ ਸੀ ਤੇ ਰਉਂ ਨਾਲ ਤੁਰ ਕੇ ਤਿਰਛੇ ਰੁਖ਼ ਵਹਿਣ ਨੂੰ ਕੱਟ ਰਹੀ ਸੀ। ਡੁਬਦੇ ਸੂਰਜ ਦੀਆਂ ਕਿਰਨਾਂ ਉਛਲਦੇ ਪਾਣੀ ਨੂੰ ਪੰਘਰਿਆ ਸੋਨਾ ਬਣਾ ਰਹੀਆਂ ਸਨ। ਜਦੋਂ ਬੇੜੀ ਵਿਚ ਖਲੋਤੇ ਲੰਮੇ ਲੰਮੇ ਮਾਨ ਸਿੰਘ ਦੇ ਚਿਹਰੇ ਵੱਲ ਬੈਠੀ ਹੋਈ ਤੀਵੀਂ ਨੇ ਮੁੜ ਦੇਖਿਆ, ਐਨ ਉਸੇ ਵੇਲੇ ਮਾਨ ਸਿੰਘ ਉਸ ਦੇ ਚਿਹਰੇ ਵੱਲ ਦੇਖਣ ਦਾ

ਜਤਨ ਕਰ ਰਿਹਾ ਸੀ। ਉਸਦੀਆਂ ਅੱਖਾਂ ਡੁਬਦੇ ਸੂਰਜ ਦੀਆਂ ਕਿਰਨਾਂ ਨੇ ਲਿਸ਼ਕਾ ਦਿੱਤੀਆਂ। ਪਛਾਣੀਆਂ ਹੋਈਆਂ ਸ਼ਰਬਤੀ ਅੱਖਾਂ ਸਨ। ਪਰ ਚਿਹਰਾ ਭਾਰਾ ਸੀ, ਜੋ ਭੁਲੇਖਾ ਪਾਉਂਦਾ ਸੀ। ਪਛਾਣੇ ਜਾਣ ਦੀ ਲਿਸ਼ਕ ਮਾਨ ਸਿੰਘ ਦੀਆਂ ਅੱਖਾਂ ਵਿਚ ਦੇਖ ਕੇ ਤੀਵੀਂ ਨੇ ਫੇਰ ਮੂੰਹ ਹੇਠਾਂ ਕਰ ਲਿਆ। ਹੁਣ ਤੀਵੀਂ ਨੇ ਮਾਨ ਸਿੰਘ ਨੂੰ ਪੂਰੀ ਤਰ੍ਹਾਂ ਪਛਾਣ ਲਿਆ ਜਾਪਦਾ ਸੀ।

ਮਾਨ ਸਿੰਘ ਜਦੋਂ ਹਾਈ ਸਕੂਲ ਵਿਚ ਹੀ ਪੜ੍ਹਦਾ ਸੀ ਤਾਂ ਉਹ ਆਪਣੇ ਸ਼ਹਿਰ ਵਿਚ ਹੀ ਇਕ ਕੁੜੀ ਨਾਲ ਮੰਗਿਆ ਗਿਆ ਸੀ। ਉਸ ਦੇ ਕਾਲਜ ਤਕ ਪਹੁੰਚਦਿਆਂ ਕੁੜੀ ਇਕ ਸੁੰਦਰ ਮੁਟਿਆਰ ਹੋ ਗਈ ਸੀ ਤੇ ਉਹ ਆਪ ਇਕ ਸੁਹਣਾ ਗਭਰੂ। ਕੁੜੀ ਨੂੰ ਮਾਪਿਆਂ ਨੇ ਪੰਜਵੀਂ ਪਾਸ ਕਰਨ ਮਗਰੋਂ ਉਠਾ ਲਿਆ ਸੀ। ਮਾਨ ਸਿੰਘ ਤੇ ਉਹ ਕੁੜੀ ਅਕਸਰ ਬਾਜ਼ਾਰ ਵਿਚ ਆਹਮੋ-ਸਾਹਮਣੇ ਹੋ ਜਾਂਦੇ ਸਨ ਤੇ ਇਕ ਦੂਸਰੇ ਨੂੰ ਪਛਾਣ ਲੈਂਦੇ ਸਨ। ਮਾਨ ਸਿੰਘ ਦੇ ਮਾਪੇ ਮਾਨ ਸਿੰਘ ਦੇ ਕਹਿਣ ਤੇ ਕੁੜੀ ਦੇ ਮਾਪਿਆਂ ਨੂੰ ਕੁੜੀ ਨੂੰ ਹੋਰ ਪੜ੍ਹਾਉਣ ਲਈ ਕਹਿੰਦੇ ਅਤੇ ਉਹ ਸਗੋਂ ਉਨ੍ਹਾਂ ਨੂੰ ਛੇਤੀ ਵਿਆਹ ਲੈਣ ਲਈ ਮਜਬੂਰ ਕਰਦੇ। ਕੱਦ-ਬੁੱਤ, ਰੰਗ-ਰੂਪ ਵਲੋਂ ਤਾਂ ਉਹ ਕੁੜੀ ਮਾਨ ਸਿੰਘ ਦੇ ਮਨ ਚਿਤ ਲੱਗਦੀ ਸੀ, ਖ਼ਾਸ ਕਰਕੇ ਉਸ ਦੀ ਇਕ ਉਡਦੀ ਸੁਨਹਿਰੀ ਲਿਟ ਉਸ ਨੂੰ ਬਹੁਤ ਪਿਆਰੀ ਲੱਗਦੀ ਸੀ। ਕੁੜੀ ਕੁਝ ਸ਼ੁਕੀਨ-ਮਿਜਾਜ਼ ਵੀ ਸੀ ਤੇ ਮਾਨ ਸਿੰਘ ਦੇ ਮਾਪੇ ਕੁਝ ਮਾਇਕ ਤੌਰ ਤੇ ਵੀ ਕੁੜਮਾਂ ਕੋਲੋਂ ਹੌਲੇ ਸਨ। ਮਾਨ ਸਿੰਘ ਗਾਂਧੀ ਜੀ ਦੇ ਵਿਚਾਰਾਂ ਦੇ ਅਸਰ ਹੇਠ ਸੀ। ਭਾਵੇਂ ਉਸ ਦੇ ਮਾਤਾ ਪਿਤਾ ਵੀ ਇਹ ਨਹੀਂ ਚਾਹੁੰਦੇ ਸਨ, ਫਿਰ ਵੀ ਉਹ ਖੱਦਰ ਦੇ ਸਾਦੇ ਕੱਪੜੇ ਪਾਉਂਦਾ ਸੀ।

ਇਕ ਵਿਆਹ ਵਿਚ, ਜਿੱਥੇ ਦੋਹਾਂ ਧਿਰਾਂ ਦੀ ਸਾਂਝੀ ਰਿਸ਼ਤੇਦਾਰੀ ਸੀ, ਕਿਸੇ ਸਹੇਲੀ ਨੇ ਉਸ ਦੀ ਮੰਗੇਤਰ ਨੂੰ ਲਾਇਕ ਪਤੀ ਪਰਾਪਤ ਕਰਨ ਤੇ ਪਰਸੰਨਤਾ ਪਰਗਟ ਕੀਤੀ ਤਾਂ ਉਸ ਨੇ ਕਿਹਾ, "ਕੁੜੇ, ਐਵੇਂ ਨਾ ਪਈ ਬਕ। ਸਾਡੀ ਤੇ ਕਿਸਮਤ ਸੜ ਗਈ ! ਗ਼ਰੀਬ ਘਰ ਐ ਤੇ ਉਹਨੂੰ ਪਾਉਣਾ ਹੰਢਾਉਣਾ ਵੀ ਨਹੀਂ ਆਉਂਦਾ। ਪੜ੍ਹਾਈ ਨੂੰ ਮੈਂ ਚੱਟਣੈ?"

ਇਹ ਗੱਲ ਮਾਨ ਸਿੰਘ ਕੋਲੋਂ ਕਿਵੇਂ ਨਾ ਕਿਵੇਂ ਪਹੁੰਚ ਗਈ। ਗੱਲ ਤੇ ਕਹਿੰਦੀ ਹੈ, 'ਤੂੰ ਮੈਨੂੰ ਮੂੰਹੋਂ ਕੱਢ, ਤੇ ਮੈਂ ਤੈਨੂੰ ਸ਼ਹਿਰੋਂ ਕਢਾਉਂਦੀ ਹਾਂ। ਉਸ ਦੇ ਦੇਸ਼-ਪ੍ਰੇਮ ਦੇ ਭਾਵ ਨੂੰ ਉਸਦੀ ਮੰਗੇਤਰ ਨੇ ਨਹੀਂ ਸਮਝਿਆ ਸੀ। 'ਵਿਦਿਆ ਦੀ ਘਾਟ' ਉਸ ਨੇ ਸੋਚਿਆ। ਮਾਪਿਆਂ ਦੀ ਗ਼ਰੀਬੀ ਦੀ ਬੋਲੀ ਉਸ ਨੂੰ ਖਾ ਗਈ। ਉਹ ਉਸ ਨੂੰ ਵਧੇਰੇ ਪੜ੍ਹਾਉਣ ਦੀ ਮੰਗ ਤੇ ਡਟ ਗਿਆ। ਵਿਆਹ ਤਾਂ ਮਾਪੇ ਵੀ ਅੱਗੇ-ਅੱਗੇ ਪਾਈ ਜਾ ਰਹੇ ਸਨ। ਉਹ ਮਾਨ ਸਿੰਘ ਨੂੰ ਪੂਰੀ

ਵਿਦਿਆ ਦੇਣ ਤੋਂ ਪਹਿਲਾਂ ਵਿਆਉਣਾ ਨਹੀਂ ਚਾਹੁੰਦੇ ਸਨ। ਭਾਵੇਂ ਮਾਨ ਸਿੰਘ ਉਸ ਕੁੜੀ ਨੂੰ ਆਪਣੇ ਯੋਗ ਨਹੀਂ ਸਮਝਦਾ ਸੀ ਪਰ ਉਸ ਦੀ ਜ਼ੁਲਫ਼ ਨੇ ਉਸ ਦੇ ਦਿਲ ਵਿਚ ਕੁੰਡੀ ਅੜਾ ਦਿੱਤੀ ਹੋਈ ਸੀ।

ਵਿਆਹ ਦੇ ਤਕਾਜ਼ੇ ਹੋਏ। ਬੋਲ ਵਿਗਾੜ ਹੋਇਆ। ਮਾਨ ਸਿੰਘ ਦੇ ਮਾਪਿਆਂ ਦੀ ਬੇਇੱਜ਼ਤੀ ਹੋਈ। ਉਸ ਨੇ ਮਾਪਿਆਂ ਨੂੰ ਵਿਆਹ ਤੋਂ ਨਾਂਹ ਕਰ ਦੇਣ ਤੇ ਰਿਸ਼ਤਾ ਤੋੜ ਦੇਣ ਲਈ ਕਿਹਾ। ਉਸ ਨੇ ਕੁੰਡੀ ਨੂੰ ਆਪਣੇ ਦਿਲ ਦੀ ਇਕ ਬੋਟੀ ਸਮੇਤ ਖਿੱਚ ਕੇ ਬਾਹਰ ਮਾਰਿਆ। ਰਿਸ਼ਤਾ ਟੁੱਟ ਗਿਆ।

ਮਗਰੋਂ ਜਦ ਕਦੇ ਉਹ ਕੁੜੀ ਮਾਨ ਸਿੰਘ ਨੂੰ ਸਾਹਮਣੇ ਆਉਂਦਿਆਂ ਦਿੱਸਦੀ ਤਾਂ ਉਸ ਵਲ ਦੇਖੀ ਹੀ ਜਾਂਦਾ। ਕਦੇ ਉਸ ਦੇ ਚਿਹਰੇ ਤੇ ਉਦਾਸੀ ਹੁੰਦੀ, ਕਦੇ ਗੁੱਸਾ, ਕਦੇ ਘ੍ਰਿਣਾ ਹੁੰਦੀ ਅਤੇ ਕਦੇ ਦੀਨਤਾ ਦੇ ਭਾਵ ਹੁੰਦੇ। ਮਾਨ ਸਿੰਘ ਕੁਝ ਚਿਰ ਉਸ ਵਲ ਤਕ ਕੇ ਜਾਂ ਅੱਖਾਂ ਨੀਵੀਆਂ ਕਰ ਲੈਂਦਾ ਜਾਂ ਪਾਸੇ ਫੇਰ ਲੈਂਦਾ। ਕੁੜੀ ਦੇ ਪਿਤਾ ਨੂੰ ਸੱਟੇ ਵਿਚੋਂ ਘਾਟਾ ਪੈ ਗਿਆ ਸੀ, ਪਰ ਫੇਰ ਵੀ ਉਸ ਦਾ ਵਿਆਹ ਕਿਸੇ ਪਿੰਡ ਦੇ ਇਕ ਅਮੀਰ ਘਰਾਣੇ ਵਿਚ ਹੋ ਗਿਆ।

ਮਾਨ ਸਿੰਘ ਨੌਕਰੀਆਂ ਦੇ ਸਿਲਸਿਲੇ ਵਿਚ ਆਪਣੀ ਪਤਨੀ ਬਾਲ ਬੱਚੇ ਸਮੇਤ ਸ਼ਹਿਰੋਂ ਬਾਹਰ ਰਿਹਾ। ਸਭ ਕੁਝ ਭੁੱਲ ਚੁੱਕਾ ਸੀ ਕਿ ਉਹੋ ਸ਼ਰਬਤੀ ਅੱਖੀਆਂ ਅੱਜ ਫਿਰ ਸਾਖਿਆਤ ਉਸ ਦੀਆਂ ਅੱਖੀਆਂ ਵਿਚ ਝਾਕੀਆਂ। ਪਰ ਉਹ ਕੁੰਡੀ ਖਾਉਂਦੀ ਉਡਦੀ ਲਿਟ ਨਹੀਂ ਸੀ ਦਿਸ ਰਹੀ। ਉਹ ਅਪੱਛਰਾਂ ਵਾਲਾ, ਲਚਕਦਾਰ ਸਰੀਰ ਨਹੀਂ ਸੀ ਅਤੇ ਇਸ ਲਈ ਸ਼ੱਕ ਕਾਇਮ ਸੀ।

ਬੇੜੀ ਕੰਢੇ ਲੱਗੀ। ਸੂਰਜ ਅੰਦਰ ਬਾਹਰ ਸੀ। ਤੀਵੀਂ ਕੋਲ ਇਕ ਸੂਟਕੇਸ ਸੀ, ਜੋ ਦਰਮਿਆਨਾ ਭਾਰ ਸੀ। ਕੰਢੇ ਤੇ ਕੋਈ ਬੰਬੂਕਾਟ ਨਹੀਂ ਸੀ, ਕੋਈ ਮਜ਼ਦੂਰ ਨਹੀਂ ਸੀ। 'ਵੇ ਭਾਈ, ਤੁਸੀਂ ਕਿਥੇ ਜਾਣਾ ਜੇ ? ਉਸ ਨੇ ਬੇੜੀ ਵਿਚੋਂ ਉਤਰੇ ਲੋਕਾਂ ਨੂੰ ਪੁੱਛਿਆ। ਕੋਈ ਵੀ ਤਾਂ ਉਸ ਰਾਹ ਨਹੀਂ ਸੀ ਜਾ ਰਿਹਾ, ਜਿਸ ਰਾਹ ਉਸ ਜਾਣਾ ਸੀ।

ਮਲਾਹ ਨੇ ਕਿਹਾ, "ਸਰਦਾਰ ਜੀ, ਤੁਸੀਂ ਕਿਥੇ ਜਾਣਾ ?"

"ਜਾਣਾ ਤਾਂ ਮੈਂ ਅੱਗੇ ਹੈ, ਪਰ ਮੈਂ ਰਾਤ ਸ਼ਹਿਰ ਠਹਿਰਾਂਗਾ।"

"ਵੇ ਭਾਈ" ਉਸ ਮਲਾਹ ਨੂੰ ਸੰਬੋਧਨ ਕਰ ਕੇ ਕਿਹਾ, "ਮੈਂ ਵੀ ਅੱਗੇ ਜਾਣਾ, ਪਰ ਸ਼ਹਿਰ ਰਹਿ ਪਵਾਂਗੀ। ਭਲਾ ਹੋਵੇ, ਖਸਮਾਂ ਖਾਣੇ ਡਰੈਵਰ ਦਾ। ਲਾਰੀ ਵਿਗੜ ਗਈ, ਨਹੀਂ ਤਾਂ ਮੈਂ ਕਦੇ ਦੀ ਟਿਕਾਣੇ ਪਹੁੰਚ ਗਈ ਹੁੰਦੀ। ਵੇ ਕੋਈ ਭਾਰ ਚੁੱਕਣ ਵਾਲਾ ਨਹੀਂ ਐਥੇ ?"

"ਬੀਬੀ, ਐਥੇ ਐਸ ਵੇਲੇ ਭਾਰ ਚੁੱਕਣ ਵਾਲਾ ਕੌਣ ?"

ਮਾਨ ਸਿੰਘ ਨੇ ਆਪਣਾ ਅਟੈਚੀਕੇਸ ਖੱਬੇ ਹੱਥ ਕਰ ਕੇ ਆਪਣਾ ਰੁਮਾਲ ਕਢਿਆ ਤੇ ਬੇੜੀ ਵਿਚੋਂ ਕੱਢ ਕੇ ਰੱਖੇ ਸੂਟਕੇਸ ਦੇ ਹੈਂਡਲ ਨੂੰ ਰੁਮਾਲ ਨਾਲ ਵਲ੍ਹੇਟ ਕੇ ਚੁੱਕ ਲਿਆ। ਸੂਰਜ ਦੀ ਲਾਲੀ ਹੀ ਪੱਛਮੀ ਅਕਾਸ਼ ਤੇ ਬਾਕੀ ਸੀ।

ਸੱਜੇ ਖੱਬੇ ਦੋ ਭਾਰ ਲਟਕਾਈ ਮਾਨ ਸਿੰਘ ਤੁਰ ਪਿਆ ਅਤੇ ਉਹ ਤੀਵੀਂ ਆਪਣੀ ਗੰਭੀਰ ਚਾਲੇ ਮਗਰੇ ਤੁਰ ਪਈ। ਉਸ ਕੋਈ ਨਾਂਹ ਨੁਕਰ ਨਾ ਕੀਤੀ। ਕਰਦੀ ਵੀ ਕਿਵੇਂ ? ਉਹ ਇਹੋ ਜਹੇ ਹਾਲਾਤ ਵਿਚ ਘਿਰੀ ਹੋਈ ਸੀ। ਦੋ ਫ਼ਰਲਾਂਗ ਤੁਰ ਕੇ ਉਸ ਨੇ ਕਿਹਾ, "ਤੁਸੀਂ ਮੇਰਾ ਸੂਟਕੇਸ ਮੈਨੂੰ ਦੇ ਦਿਓ। ਤੁਸੀਂ ਐਨਾ ਭਾਰ ਕਿਵੇਂ ਚੁਕੋਗੇ ? ਮੈਂ ਇਸ ਨੂੰ ਆਪ ਚੁੱਕ ਕੇ ਹੌਲੀ ਹੌਲੀ ਤੁਹਾਡੇ ਨਾਲ ਸ਼ਹਿਰ ਪਹੁੰਚ ਜਾਵਾਂਗੀ।"

ਮਾਨ ਸਿੰਘ ਉਸ ਵਲ ਮੁੜਿਆ ਅਤੇ ਉਸ ਦੀ ਟਾਈ ਹਵਾ ਨਾਲ ਉਡ ਕੇ ਇਕ ਲਾਂਭੇ ਹੋ ਗਈ। ਉਸ ਬੜੀ ਸੰਜੀਦਗੀ ਨਾਲ ਕਿਹਾ, "ਤੁਸੀਂ ਕੀ ਗੱਲਾਂ ਕਰਦੇ ਹੋ ? ਸ਼ਹਿਰ ਏਥੋਂ ਪੰਜ ਮੀਲ ਦੱਸੀਦਾ ਐ।"

"ਹੱਛਾ, ਤੁਸੀਂ ਮੈਨੂੰ ਆਪਣੇ ਵਾਲਾ ਹੌਲਾ ਭਾਰ ਫੜਾ ਦਿਓ, ਕਹਿੰਦਿਆਂ ਕਹਿੰਦਿਆਂ ਉਸ ਅਟੈਚੀਕੇਸ ਨੂੰ ਕਰੜਾ ਹੱਥ ਪਾ ਲਿਆ। ਮਾਨ ਸਿੰਘ ਸਾਹਮਣੇ ਅੰਧਕਾਰ ਬਣਦੇ ਜਾਂਦੇ ਵਾਯੂ-ਮੰਡਲ ਵਿਚ ਉਹ ਦੋ ਸ਼ਰਬਤੀ ਅੱਖੀਆਂ ਫੇਰ ਚਮਕ ਉਠੀਆਂ ਤੇ ਨਾਲ ਹੀ ਉਹ ਬਤੀ ਸਾਲ ਪਹਿਲੋਂ ਦੇ ਸੁੰਦਰ ਤੇਜ਼ ਨਕਸ਼ ਹੁਣ ਦੇ ਗੋਲ ਗੋਰੇ ਚਿਹਰੇ ਵਿਚੋਂ ਉਭਰ ਪਏ। ਉਸ ਦਾ ਹੱਥ ਢਿੱਲਾ ਪੈ ਗਿਆ ਤੇ ਉਸ ਅਟੈਚੀਕੇਸ ਛੱਡ ਦਿੱਤਾ। ਤੀਵੀਂ ਪਹਿਲੋਂ ਤੁਰੀ ਆਈ ਪਹਿਲੀ ਚਾਲੇ, ਪਰ ਮੀਲ ਕੁ ਤੁਰ ਕੇ ਉਸ ਦੇ ਤੇ ਮਾਨ ਸਿੰਘ ਵਿਚ ਵਧੇਰੇ ਫ਼ਰਕ ਪੈਣਾ ਸ਼ੁਰੂ ਹੋ ਗਿਆ। ਮਾਨ ਸਿੰਘ ਫ਼ਰਲਾਂਗ- ਫ਼ਰਲਾਂਗ, ਦੋ-ਦੋ ਫ਼ਰਲਾਂਗ ਮਗਰੋਂ ਹੱਥ ਬਦਲਦਾ ਜਾ ਰਿਹਾ ਸੀ ਅਤੇ ਉਹ ਤੀਵੀਂ ਵੀ ਉਵੇਂ ਹੀ ਕਰ ਰਹੀ ਸੀ। ਦੋ ਕੁ ਮੀਲ ਤੇ ਜਦ ਮਾਨ ਸਿੰਘ ਉਸ ਨੂੰ ਨਾਲ ਰਲਾ ਲੈਣ ਲਈ ਖਲੋਤਾ ਤਾਂ ਉਹ ਵੀ ਅਟੈਚੀਕੇਸ ਰੱਖ ਕੇ ਸਾਹ ਲੈਣ ਲਗ ਪਈ। ਸਾਹ ਲੈ ਕੇ ਤੁਰਨ ਲਈ ਤਿਆਰ ਹੋਣ ਤੋਂ ਪਹਿਲਾਂ ਹਨੇਰੇ ਦਾ ਲਾਭ ਉਠਾਉਂਦੇ ਉਸ ਕਿਹਾ, "ਤੁਸੀਂ ਸ਼ੈਦ ਮੈਨੂੰ ਪਛਾਣਿਆ ਨਹੀਂ ?"

"ਕਿਉਂ ਨਹੀਂ ਪਛਾਣਿਆ। ਸਮੇਂ ਦੇ ਲੰਘਣ ਨਾਲ ਪਛਾਣਾਂ ਤੇ ਨਹੀਂ ਭੁੱਲ ਜਾਂਦੀਆਂ ?"

ਹੁਣ ਉਸ ਤੀਵੀਂ ਵਿਚ ਇੰਨੀ ਕਾਹਲ ਆ ਗਈ ਸੀ ਕਿ ਉਸ "ਭਲਾ ਮੈਂ ਕੌਣ ਹਾਂ?" ਪੁੱਛਣ ਦੀ ਥਾਂ ਝਟ ਪਟ ਕਹਿ ਦਿੱਤਾ, "ਮੈਂ ਮੋਹਣੀ ਆਂ।" ਮਾਨ ਸਿੰਘ ਅਗਾਂਹ ਤੁਰ ਪਿਆ। ਢਾਈ ਪੌਣੇ ਤਿੰਨ ਮੀਲ ਤੇ ਇਕ ਘੋੜ-ਸਵਾਰ ਨੇ ਲਲਕਾਰਿਆ, "ਕੌਣ ਉਇ ਤੁਸੀਂ?" ਮਾਨ ਸਿੰਘ ਨੇ ਸੂਟਕੇਸ ਰੱਖ ਕੇ ਆਪਣੇ ਕੋਟ ਵਿਚੋਂ ਕੁਝ ਕਢਦਿਆਂ ਤੇ ਮੋਹਣੀ ਦੇ ਅੱਗੇ ਖੜੋਂਦਿਆਂ। ਕਿਹਾ, "ਦਿਸਦਾ ਨਹੀਂ ਓਇ, ਕੌਣ ਐਂ ਅਸੀਂ।" ਘੋੜੇ ਵਾਲਾ ਵਲ ਖਾ ਕੇ ਕੋਲੋਂ ਦੀ ਲੰਘ ਗਿਆ। ਖ਼ਬਰੇ ਤਸੀਲੋਂ ਮੁੜਿਆ ਕੋਈ ਸ਼ਰਾਬੀ ਸੀ, ਹਨੇਰੇ ਦਾ ਦੋਹਾਂ ਧਿਰਾਂ ਨੂੰ ਡਰ ਹੁੰਦਾ ਹੈ। ਘੋੜੇ ਦੇ ਸੁੰਮਾਂ ਦਾ ਖੜਾਕ ਦੂਰ ਹੋ ਜਾਣ ਮਗਰੋਂ ਮਾਨ ਸਿੰਘ ਨੇ ਕਿਹਾ, "ਹਨੇਰਾ ਬਹੁਤਾ ਹੋ ਗਿਆ, ਬਹੁਤਾ। ਜ਼ਰਾ ਪੈਰ ਰਲਾਈ ਆਓ।"

ਕੁਝ ਦੂਰ ਜਾ ਕੇ ਉਸ ਸੂਟਕੇਸ ਸਿਰ ਤੇ ਰੱਖ ਲਿਆ। ਦੇਖਿਆ ਮੋਹਣੀ ਕੋਸ਼ਿਸ਼ ਕਰਨ ਦੇ ਬਾਵਜੂਦ ਪਛੜ ਰਹੀ ਸੀ। ਉਹ ਖੜੋ ਗਿਆ। ਜਦ ਮੋਹਣੀ ਨੇ ਆਪਣਾ ਸੂਟਕੇਸ ਮਾਨ ਸਿੰਘ ਦੇ ਸਿਰ ਤੇ ਦੇਖਿਆ ਤਾਂ ਤਿਲਮਿਲਾ ਉਠੀ। ਉਹ ਉਸ ਦੇ ਬਾਰੇ ਸਦਾ ਪੁੱਛਾਂ ਕਰਦੀ ਰਹੀ ਸੀ। ਉਹ ਜਾਣਦੀ ਸੀ ਕਿ ਉਹ ਮੰਨਿਆ ਪਰਮੰਨਿਆ ਆਦਮੀ ਸੀ ਤੇ ਉਸ ਨੇ ਉਸ ਦਾ ਸੂਟਕੇਸ ਆਪਣੇ ਸਿਰ ਤੇ ਚੁਕਿਆ ਹੋਇਆ ਸੀ।

"ਤੁਸੀਂ ਇਹ ਕੀਤਾ ?" ਮੋਹਣੀ ਦੇ ਸੁਆਲ ਵਿਚ ਤਰਲਾ ਸੀ।

ਮਾਨ ਸਿੰਘ ਨੇ ਸਾਹ ਲੈਣ ਲਈ ਰੱਖਿਆ ਆਪਣਾ ਅਟੈਚੀਕੇਸ ਨਿਉਂ ਕੇ ਚੁੱਕਿਆ ਤੇ ਮੋਹਣੀ ਦੇ ਸੂਟਕੇਸ ਉਪਰ ਰੱਖ ਲਿਆ।

"ਮੋਹਣੀ", ਉਸ ਆਪਣਿਆਂ ਵਾਂਗ ਕਿਹਾ, "ਹੁਣ ਗੱਲਾਂ ਕਰਨ ਦਾ ਵੇਲਾ ਨਹੀਂ। ਹਨੇਰੇ ਵਿਚ ਕੁਝ ਦਿਸਦਾ ਨਹੀਂ। ਘੋੜੇ ਵਾਲਾ ਈ ਚਾਰ ਆਦਮੀ ਲੈ ਕੇ ਨਾ ਆ ਘੇਰੇ।"

ਮੋਹਣੀ ਨੇ ਕੋਈ ਉੱਤਰ ਨਾ ਦਿੱਤਾ ਅਤੇ ਛੇਤੀ ਛੇਤੀ ਉਸ ਦੇ ਮਗਰ ਤੁਰ ਪਈ। ਭਾਰ ਨੇ ਮਾਨ ਸਿੰਘ ਦੀ ਚਾਲ ਵਧਾ ਦਿੱਤੀ ਸੀ ਅਤੇ ਮੋਹਣੀ ਬਿਨਾਂ ਭਾਰ ਤੋਂ ਵੀ ਮਸੀਂ ਉਸ ਦੇ ਨਾਲ ਤੁਰ ਰਹੀ ਸੀ। ਮੋਹਣੀ ਬੱਤੀਆਂ ਸਾਲਾਂ ਵਿਚੋਂ ਕੋਈ ਦਿਨ ਢੂੰਡ ਰਹੀ ਸੀ ਜਦ ਉਸ ਦੇ ਧਨੀ ਪਤੀ ਨੇ ਉਸ ਦਾ ਭਾਰ ਚੁਕਿਆ ਹੋਵੇ। "ਤੇ ਫ਼ਸਾਦਾਂ ਵਿਚ ਛੱਡ ਕੇ ਦੌੜ ਆਇਆ ਸੀ। ਕੋਈ ਕਿਸਮਤ ਈ ਚੰਗੀ ਸੀ ਕਿ ਬਚ ਗਏ। ਇਹ ਮੇਰਾ ਕੀ ਲਗਦਾ ਸੀ ਕਿ ਘੋੜੇ ਵਾਲੇ ਦੇ ਲਲਕਾਰੇ ਤੇ ਮੇਰੇ ਅੱਗੇ ਡਟ ਕੇ ਖਲੋ ਗਿਆ ਸੀ।" ਫੇਰ ਉਸ ਦੇ ਮਨ ਵਿਚੋਂ

ਪਿਛਲੇ ਜੀਵਨ ਦੇ ਕਈ ਨਜ਼ਾਰੇ ਲੰਘ ਗਏ। ਉਸ ਨੂੰ ਆਪਣੇ ਆਪ ਤੋਂ ਸ਼ਰਮ ਆ ਰਹੀ ਸੀ, ਆਪਣੇ ਆਪ ਤੇ ਘ੍ਰਿਣਾ ਹੋ ਰਹੀ ਸੀ। ਮਾਨ ਸਿੰਘ ਤੇਜ਼, ਹੋਰ ਤੇਜ਼ ਤੁਰ ਰਿਹਾ ਸੀ ਤੇ ਮੋਹਣੀ ਮਾਨੋ ਮਗਰ ਘਸੀਟੀ ਜਾ ਰਹੀ ਸੀ।

ਆਖ਼ਰ ਉਨ੍ਹਾਂ ਨੂੰ ਸ਼ਹਿਰ ਦੀਆਂ ਲੋਆਂ ਦਿਸ ਹੀ ਪਈਆਂ। ਮੋਹਣੀ ਨੇ ਮਾਨ ਸਿੰਘ ਦੇ ਸਿਰ ਤੋਂ ਅਟੈਚੀ ਲਾਹ ਲਿਆ। ਮਾਨ ਸਿੰਘ ਨੇ ਸੂਟਕੇਸ ਹੱਥ ਵਿਚ ਲਟਕਾ ਲਿਆ। ਸ਼ਹਿਰ ਲਾਗੇ ਜਾ ਕੇ ਮਾਨ ਸਿੰਘ ਨੇ ਆਪਣੀ ਪੱਗ ਸੁਆਰੀ। ਉਸ ਦੇ ਅੰਦਰਲੇ ਕਪੜੇ ਪਸੀਨੇ ਨਾਲ ਤਰ ਹੋ ਗਏ ਸਨ।

ਸ਼ਹਿਰ ਤਾਂ ਨਾਂ ਦਾ ਹੀ ਸ਼ਹਿਰ ਸੀ। ਉਂਜ ਤਾਂ ਮਮੂਲੀ ਕਸਬਾ ਹੀ ਸੀ। ਦੋਹਾਂ ਦਾ ਉੱਥੇ ਕੋਈ ਵਾਕਫ਼ ਜਾਂ ਸੰਬੰਧੀ ਨਹੀਂ ਸੀ। ਕੋਈ ਰਹਿਣ ਦੇ ਪ੍ਰਬੰਧ ਵਾਲਾ ਹੋਟਲ ਵੀ ਨਹੀਂ ਸੀ। ਇਕ ਛੋਟੀ ਜਹੀ ਸਰਾਂ ਜ਼ਰੂਰ ਸੀ। ਸਰਾਂ ਦੇ ਲਾਗੇ ਪਹੁੰਚ ਕੇ ਮੋਹਣੀ ਇਸ ਤਰ੍ਹਾਂ ਬੋਲੀ ਜਿਵੇਂ ਕਿਸੇ ਨੂੰ ਸੁਣਾ ਨਾ ਰਹੀ ਹੋਵੇ "ਚੰਗਾ ਹੋਇਆ ਤੁਸੀਂ ਮਿਲ ਪਏ।" ਤੇ ਉਸ ਨੇ ਇਕ ਕਾਬੂ ਵਿਚ ਕੀਤਾ ਲੰਮਾ ਸਾਹ ਛਡਿਆ, ਪਤਾ ਲੱਗਣਾ ਮੁਸ਼ਕਲ ਸੀ ਕਿ ਤਸੱਲੀ ਦਾ ਜਾਂ ਗ਼ਮ ਦਾ। ਡਿਉਢੀ ਵਿਚ ਸਰਾਂ ਦਾ ਮੁਨਸ਼ੀ ਬੈਠਾ ਹੋਇਆ ਸੀ। ਸਾਹਮਣੇ ਇਕ ਲੰਪ ਪਈ ਸੀ। ਐਨਕਾਂ ਦੇ ਉਪਰੋਂ ਉਸ ਦੋਹਾਂ ਵਲ ਤਕਿਆ। ਮਾਨ ਸਿੰਘ ਨੇ ਲੰਪ ਦੀ ਲੋ ਵਿਚ ਤਕਿਆ, ਮੋਹਣੀ ਦੇ ਗੋਰੇ ਚਿਹਰੇ ਤੇ ਪਤਾ ਨਹੀਂ ਕਿਥੋਂ ਛੋਟੇ ਹੁੰਦਿਆਂ ਦੀ ਲਾਲੀ ਆ ਗਈ ਸੀ, ਸ਼ਾਇਦ ਉਸ ਤੋਂ ਵੀ ਵੱਧ। ਉਸ ਦੀ ਸੁਨਹਿਰੀ ਲਿਟ ਨਿਖੜ ਕੇ ਅੱਗੇ ਵਾਂਗ ਉਤਾਂਹ ਉਡ ਰਹੀ ਸੀ।

"ਆਪ ਦਾ ਇਸਮ ਸ਼ਰੀਫ਼ ?" ਪੁਰਾਣੇ ਪੜ੍ਹੇ ਮੁਨਸ਼ੀ ਨੇ ਪੁਛਿਆ।

ਮੋਹਣੀ ਨੇ ਮਾਨ ਸਿੰਘ ਦਾ ਖੱਬਾ ਹੱਥ ਫੜ ਲਿਆ ਸੀ ਅਤੇ ਉਨ੍ਹਾਂ ਤੇ ਆਪਣੇ ਕੋਮਲ ਪੋਟੇ ਫੇਰ ਰਹੀ ਸੀ। ਇਕ ਰਸ-ਭਰੀ ਝੁਣਝਣੀ ਉਸ ਦੇ ਸਾਰੇ ਸਰੀਰ ਵਿਚੋਂ ਲੰਘ ਗਈ। ਮਾਨ ਸਿੰਘ ਨੂੰ ਆਪਣੇ ਜੀਵਨ ਦਾ ਕੋਈ ਚੁੰਮਣ ਵੀ ਯਾਦ ਨਹੀਂ ਸੀ, ਜਿਸ ਵਿਚ ਇੰਨੀ ਸਮਰੱਥਾ ਹੋਵੇ।

"ਮਾਨ ਸਿੰਘ", ਉਸ ਨੇ ਸਹਿਜ ਸੁਭਾ ਉੱਤਰ ਦਿੱਤਾ।

"ਪੇਸ਼ਾ?"

ਮਾਨ ਸਿੰਘ ਨੇ ਦੇਖਿਆ, ਮੋਹਣੀ ਦੇ ਸਰੀਰ ਵਿਚ ਉਸ ਦੀ ਕਿਸ਼ੋਰ ਅਵਸਥਾ ਵਾਲੀਆਂ ਚੰਚਲ ਹਰਕਤਾਂ ਸਨ।

"ਮੁਲਾਜ਼ਮਤ।"

ਮੋਹਣੀ ਦੀਆਂ ਨਜ਼ਰਾਂ ਵਿਚ ਵਿਨਯ ਸੀ, ਨਿਰਮਾਣਤਾ ਸੀ, ਸਮਰਪਨ ਸੀ। ਅੱਖ ਦਾ ਇਸ਼ਾਰਾ ਮੋਹਣੀ ਵਲ ਕਰ ਕੇ ਮੁਨਸ਼ੀ ਨੇ ਪੁੱਛਿਆ, “ਆਪ ਦੀ ਪਤਨੀ ਦਾ ਨਾਮ ?”

ਮਾਨ ਸਿੰਘ ਘਬਰਾ ਗਿਆ। ਮੋਹਣੀ ਮੁਸਕਾ ਰਹੀ ਸੀ ਤੇ ਉਸ ਨੇ ਨਵੀਂ ਵਿਆਹੀ ਆਈ ਵਹੁਟੀ ਵਾਂਗ ਸ਼ਰਮਾਂਦਿਆਂ ਮੁਨਸ਼ੀ ਵਲ ਤੱਕ ਕੇ ਕਿਹਾ “ਮੋਹਣੀ।”

ਮਾਨ ਸਿੰਘ ਕੰਬ ਉਠਿਆ। ਮੋਹਣੀ ਦੀ ਲਾਲੀ ਤੇ ਕਾਲੀ ਭਾਹ ਆ ਰਹੀ ਸੀ। ਉਸ ਨੂੰ ਖੰਘ ਦਾ ਦੌਰਾ ਪੈ ਗਿਆ। ਉਸ ਨੂੰ ਉਥੂ ਲਗ ਗਿਆ। ਉਹ ਡਿਉਢੀ ਵਿਚ ਇਧਰੋਂ ਉਧਰ ਹੁਲਾਰੇ ਖਾਂਦੀ ਰਹੀ। ਖੰਘਦੀ ਖੰਘਦੀ ਉਹ ਝੁਕ ਗਈ, ਬੈਠ ਗਈ ਅਤੇ ਅਖ਼ੀਰ ਪਿਛਾਂਹ ਨੂੰ ਡਿਗ ਪਈ। ਮਾਨ ਸਿੰਘ ਨੂੰ ਕੁਝ ਸਮਝ ਨਹੀਂ ਸੀ ਪੈ ਰਹੀ, ਜਦ ਮੁਨਸ਼ੀ ਘਬਰਾਇਆ ਹੋਇਆ ਕੂਕਿਆ, “ਪਕੜੋ, ਸੰਭਾਲੋ !”

-0-

# ਕੁੱਤਾ

'ਮਰੋ' ਦਾ ਅਸਲੀ ਨਾਂ 'ਮਰੀਅਮ' ਸੀ, ਪਰ ਲਾਡ ਨਾਲ ਉਸ ਨੂੰ ਸਾਰੇ 'ਮਰੋ' 'ਮਰੋ' ਕਹਿੰਦੇ ਸਨ। ਇਕ ਗੱਲ ਹੋਰ ਵੀ ਸੀ। ਮਰੀਅਮ ਦੀ ਮਾਂ ਦ੍ਰੋਪਤੀ ਦੀ ਔਲਾਦ ਨਹੀਂ ਸੀ ਬਚਦੀ ਤੇ ਉਸ ਨੇ ਆਪਣੀ ਇਸ ਧੀ ਦਾ ਨਾਂ ਕਿਸੇ ਵਹਿਮ ਦੇ ਅਸਰ ਹੇਠ ਮਰੋ ਰੱਖ ਦਿੱਤਾ ਸੀ ਤਾਂ ਜੁ 'ਮਰੋ' ਕਹਿ ਕੇ ਹੀ ਸ਼ਾਇਦ ਉਹ ਜੀਉਂਦੀ ਰਹਿ ਸਕੇ। ਮਗਰੋਂ ਜਦੋਂ ਬਪਤਸਮੇ ਵੇਲੇ ਉਸ ਦਾ ਨਾਂ ਮਰੀਅਮ ਰਖਿਆ ਗਿਆ ਤਾਂ ਵੀ 'ਮਰੋ' ਉਸ ਦਾ ਸੰਖੇਪ ਜਾਪਣ ਲੱਗ ਪਿਆ।

ਮਰੋ ਦੇ ਮਾਂ ਪਿਉ ਦੋਵੇਂ ਕੋਠੇ ਲਾਹੁਣ ਵਾਲੇ ਹਰੀਜਨ ਸਨ। ਇਨ੍ਹਾਂ ਦੀ ਬੜੀ ਵੱਡੀ ਵਿਰਤ ਸੀ ਤੇ ਸਾਰੇ ਟੱਬਰ ਨੂੰ ਕੋਈ ਡੇਢ ਸੋ ਕੋਠਾ ਰੋਜ਼ ਦਾ ਲਾਹੁਣਾ ਪੈਂਦਾ ਸੀ। ਨਵੀਂ ਸਦੀ ਦੇ ਸ਼ੁਰੂ ਵਿਚ ਅੰਗਰੇਜ਼ਾਂ ਦੇ ਈਸਾਈ ਧਰਮ ਦੇ ਪ੍ਰਚਾਰ ਦੇ ਅਸਰ ਨਾਲ ਇਹ ਟੱਬਰ ਈਸਾਈ ਬਣ ਗਿਆ ਸੀ। ਮਰੋ ਦਾ ਪਿਤਾ 'ਮਹਿੰਗਾ' ਪਹਿਲੋਂ ਵੀ ਹਰੀਜਨਾਂ ਦੀ ਬਰਾਦਰੀ ਵਿਚ ਇੱਜ਼ਤਦਾਰ ਬੰਦਾ ਸੀ, ਪਰ ਈਸਾਈ ਬਣਨ ਮਗਰੋਂ ਉਸ ਦਾ ਵਕਾਰ ਹੋਰ ਵਧ ਗਿਆ ਸੀ ਤੇ ਪਾਦਰੀ ਸਾਹਿਬ ਦੀ ਸਿਫ਼ਾਰਸ਼ ਨਾਲ ਉਹ ਸ਼ਹਿਰ ਦੇ ਇਕ ਡਵੀਯਨ ਦੇ ਹਰੀਜਨਾਂ ਦਾ ਜਮਾਦਾਰ ਵੀ ਲਗਾ ਦਿੱਤਾ ਗਿਆ ਸੀ।

ਮਰੀਅਮ ਇਕ ਅੱਤ ਹੁਸੀਨ ਕੁੜੀ ਨਿਕਲੀ ਸੀ। ਦ੍ਰੋਪਤੀ ਨੂੰ ਅੱਜ ਵੀ ਕਈ ਲਾਲੇ ਸਰਦਾਰ ਦੇਖ ਕੇ ਖੜੋ ਜਾਂਦੇ ਸਨ। ਮਹਿੰਗਾ ਵੀ ਬਾਂਕਾ ਅਧਖੜ ਸੀ। ਫੇਰ ਵੀ ਲੋਕੀ ਕਹਿੰਦੇ ਹੁੰਦੇ ਸਨ। ਕਿ ਮਰੋ ਹਰੀਜਨਾਂ ਦੀ ਧੀ ਨਹੀਂ ਲਗਦੀ।

ਮਰੋ ਨੂੰ ਉਸ ਦੇ ਮਾਂ ਪਿਉ ਨੇ ਮੁੱਢ ਤੋਂ ਹੀ ਆਪਣੇ ਕੰਮ ਵਿਚ ਨਹੀਂ ਸੀ ਪਾਇਆ। ਹਾਂ ਛੋਟੇ ਹੁੰਦਿਆਂ ਕਦੇ ਕਦੇ ਉਹ ਆਪਣੀ ਮਾਂ ਨਾਲ ਕਮੇਟੀ ਦੇ ਇਕ ਸਕੂਲ ਸਫ਼ਾਈ ਕਰਨ ਚਲੀ ਜਾਂਦੀ ਹੁੰਦੀ ਤੇ ਉਸ ਦਾ ਕੰਮ ਕੇਵਲ ਕਮਰੇ ਹੂੰਝਣਾ ਹੁੰਦਾ ਸੀ। ਮਗਰੋਂ ਪਾਦਰੀ ਸਾਹਿਬ ਦੇ ਕਹਿਣ ਤੇ ਮਰੋ ਨੂੰ ਸਕੂਲ ਪੜ੍ਹਨੇ ਪਾ ਦਿੱਤਾ ਗਿਆ ਸੀ। ਮਰੀਅਮ ਕੁਝ ਸਿਆਣੀ ਉਮਰੇ ਪੜ੍ਹਨ ਪੈਣ ਕਰਕੇ ਪੜ੍ਹਾਈ ਦੀਆਂ ਇਕ ਦੋ ਪੌੜੀਆਂ ਤਾਂ ਝਟਪਟ ਹੀ ਚੜ੍ਹ ਗਈ ਸੀ, ਪਰ ਫੇਰ ਵੀ ਸੱਤਵੀਂ ਜਮਾਤ ਤਕ ਪਹੁੰਚਦਿਆਂ ਉਹ ਭਰ ਜੁਆਨ ਹੋ ਗਈ ਸੀ। ਉਸ ਦੇ ਅੱਠਵੀਂ ਜਮਾਤ ਪੜ੍ਹਨ ਤੇ ਪਾਸ ਕਰਨ ਮਗਰੋਂ ਉਸ ਦੇ ਮਾਪਿਆਂ ਵਿਚ ਪੁਰਾਤਨ

ਹਿੰਦੂ ਜਜ਼ਬਾ ਜਾਗ ਪਿਆ ਸੀ ਤੇ ਉਹਨਾਂ ਮਰੀਅਮ ਦੀ ਤਾਲੀਮ ਨੂੰ ਰੋਕ ਕੇ ਉਸ ਦਾ ਵਿਆਹ ਕਰ ਦੇਣਾ ਚੰਗਾ ਸਮਝਿਆ ਸੀ। ਮਾੜੀ ਮੋਟੀ ਮੱਧ-ਵਰਗੀ ਤਾਲੀਮ ਹਾਸਲ ਕਰ ਕੇ ਮਰੀਅਮ ਦੀ ਨਜ਼ਰ ਕਾਫ਼ੀ ਉੱਚੀ ਹੋ ਗਈ ਸੀ, ਪਰ ਕਾਫ਼ੀ ਤੋਂ ਜ਼ਿਆਦਾ ਮੁਆਮਲਿਆਂ ਵਿਚ ਉਸ ਦੇ ਵਿਚਾਰ ਅਨਪੜ੍ਹਾਂ ਵਰਗੇ ਹੀ ਰਹੇ ਸਨ।

ਨਾਂ ਨੂੰ ਤਾਂ ਮਹਿੰਗੇ ਹੋਰੀਂ ਈਸਾਈ ਬਣ ਗਏ ਸਨ, ਪਰ ਹਾਲਾਂ ਤੱਕ ਵੀ ਉਹਨਾਂ ਤੋਂ ਹਿੰਦੂਆਂ ਵਾਲੀ ਜ਼ਾਤ-ਪਾਤ ਦਾ ਭੂਤ ਨਹੀਂ ਸੀ ਉਤਰਿਆ। ਉਤਰਦਾ ਵੀ ਕਿਵੇਂ? ਜ਼ਾਤ ਪਾਤ ਧਨੀਆਂ ਨੇ ਵਰਗ ਬਣਾ ਕੇ ਕਿਰਤੀਆਂ ਨੂੰ ਲੁੱਟਣ ਲਈ ਬਣਾਏ ਸਨ ਤੇ ਉਹਨਾਂ ਵਿਚ ਧਾਰਮਿਕ ਪੁੱਠ ਦੇ ਕੇ ਐਸੀ ਕਰੜਾਈ ਲਿਆਂਦੀ ਗਈ ਸੀ ਕਿ ਜਿਸ ਨੂੰ ਅਛੂਤ ਕਿਹਾ ਜਾਂਦਾ ਸੀ। ਉਹ ਵੀ ਆਪਣੇ ਤੋਂ ਉੱਚੀ ਜਾਤ ਵਿਚ ਕੁੜੀ ਮੁੰਡੇ ਦਾ ਵਿਆਹ ਕਰਨਾ ਆਪਣੀ ਹੇਠੀ ਸਮਝਦਾ ਸੀ। ਹਾਂ, ਉੱਚੀ ਜਾਤ ਵਾਲੇ ਲੋਟੂ ਸਮਾਜ ਦਾ ਤਾਂ ਇਹ ਅਸੂਲ ਹੀ ਰਿਹਾ ਸੀ ਕਿ ਜੇ ਸੋਨਾ ਚਿੱਕੜ ਵਿਚ ਹੋਵੇ ਤਾਂ ਉਸ ਵਿਚ ਲਿਬੜ ਕੇ ਵੀ ਚੁੱਕ ਲਵੋ ਤੇ ਸੋਹਣੀ ਕੁੜੀ ਭਾਵੇਂ ਅਛੂਤ ਦੀ ਹੋਵੇ ਤਾਂ ਵੀ ਉਸ ਨੂੰ ਜਿਵੇਂ ਕਿਵੇਂ ਪ੍ਰਾਪਤ ਕਰ ਲਵੋ। ਇਸ ਲੁਟ-ਖਸੁਟ ਦੇ ਸਮਾਜ-ਪ੍ਰਬੰਧ ਵਿਚ ਗ਼ਰੀਬ ਕਿਰਤੀ ਨੂੰ ਨਾ ਹੀ ਧਨ ਦਾ ਹੱਕ ਸੀ ਤੇ ਨਾ ਸੋਹਣੀ ਔਲਾਦ 'ਤੇ, ਖ਼ਾਸ ਕਰ ਕੇ ਨੂੰਹਾਂ-ਧੀਆਂ ਦਾ।

ਅੰਗਰੇਜ਼ੀ ਤਹਿਜ਼ੀਬ ਤੇ ਤਾਲੀਮ ਦਾ ਅਸਰ ਸਾਰੇ ਤਬਕਿਆਂ ਤੇ ਸਾਰੀਆਂ ਉਮਰਾਂ 'ਤੇ ਇੱਕੋ ਜਿਹਾ ਨਹੀਂ ਪਿਆ ਸੀ। ਜਿਥੇ ਮਰੀਅਮ ਸਾਰਿਆਂ ਇਨਸਾਨਾਂ ਨੂੰ ਇੱਕੋ ਜਿਹਾ ਸਮਝਣਾ ਪੜ੍ਹੀ ਸੀ ਤੇ ਇਸ ਤਰ੍ਹਾਂ ਆਪਣੇ ਆਪ ਨੂੰ ਇਕ-ਸਮਾਨ ਉੱਚੀ ਸਤਹ ਤੇ ਖੜੀ ਹੋਈ ਦੇਖਦੀ ਸੀ, ਉਥੇ ਮਹਿੰਗਾ ਬਾਵਜੂਦ ਜਮਾਦਾਰ ਬਣ ਜਾਣ ਦੇ ਤੇ ਬਾਵਜੂਦ ਪਾਦਰੀ ਸਾਹਿਬ ਰਾਹੀਂ ਅੰਗਰੇਜ਼ੀ ਹਕੂਮਤ ਦਾ ਹੱਥ ਉਸ ਦੀ ਪਿੱਠ 'ਤੇ ਹੋਣ ਦੇ ਲਾਲਿਆਂ, ਸਰਦਾਰਾਂ ਤੇ ਖ਼ਾਨ ਸਾਹਿਬਾਂ ਤੋਂ ਆਪਣੇ ਆਪ ਨੂੰ ਬਹੁਤ ਹੀ ਛੋਟਾ ਸਮਝਦਾ ਸੀ। ਉਸ ਤੋਂ ਕਿਤੇ ਘਟ ਮਾਇਕ ਪੱਧਰ ਦਾ ਹਿੰਦੂ, ਸਿੱਖ ਜਾਂ ਮੁਸਲਮਾਨ ਵੀ ਉਸ ਨੂੰ ਆਪ ਤੋਂ ਉੱਚਾ ਜਾਪਦਾ ਸੀ। ਦ੍ਰੋਪਤੀ, ਮਰੀਅਮ ਦੀ ਮਾਂ ਵੀ ਆਪਣੇ ਪਤੀ ਦੀ ਅਨੁਸਾਰਨ ਸੀ।

ਪਾਦਰੀ ਸਾਹਿਬ ਦੀ ਸਲਾਹ ਦੇ ਉਲਟ, ਘਰ ਦੇ ਸਾਰੇ ਮਰੀਅਮ ਦਾ ਵਿਆਹ ਛੇਤੀ ਕਰਨ ਲਈ ਤਿਆਰ ਹੋ ਗਏ।

ਪਰ ਪਾਦਰੀ ਸਾਹਿਬ ਦੀ ਰਾਏ ਥੋੜੀ ਜਹੀ ਮੰਨ ਲਈ ਗਈ। ਭਾਵੇਂ ਵਰ ਹਰੀਜਨ ਹੀ ਲੱਭਿਆ ਗਿਆ, ਪਰ ਉਹ ਵੀ ਈਸਾਈ ਸੀ। ਰੰਗ ਪੱਕਾ ਸੀ, ਪਰ ਉਂਜ

ਸਰੀਰ ਸੁਅਸਥ ਤੇ ਗਠੀਲਾ ਸੀ। ਨਕਸ਼ ਤਿੱਖੇ ਸਨ, ਜਿਵੇਂ ਕਿਸੇ ਯੂਨਾਨੀ ਪੱਥਰ-ਘਾੜੇ ਨੇ ਕੱਟ ਕੇ ਕੱਢੇ ਹੋਣ। ਛੋਟੇ ਹੁੰਦਿਆਂ ਯਤੀਮ ਹੋ ਜਾਣ ਕਰਕੇ ਉਸ ਦੇ ਚਾਚੇ ਚਾਚੀ ਨੇ ਉਸ ਨੂੰ ਪਾਲਿਆ ਸੀ। ਜੇ ਇਸ ਨੂੰ ਪਾਲਣ ਕਿਹਾ ਜਾ ਸਕਦਾ ਸੀ, ਤਾਂ ਇਸ ਪਾਲਣਾ ਤੋਂ ਡਰਦਾ ਉਹ ਚੌਦਾਂ ਸਾਲ ਦੀ ਉਮਰ ਵਿਚ ਸੋ ਕੋਠਿਆਂ ਦੀ ਵਿਰਤ ਛੱਡ ਕੇ ਨੱਠ ਗਿਆ ਸੀ। ਕਿੰਨਾ ਚਿਰ ਦੇਸ ਪਰਦੇਸ ਫਿਰਨ ਤੋਂ ਮਗਰੋਂ ਉਹ ਇਕ ਅੰਗਰੇਜ਼ ਇੰਜਣ-ਡਰਾਈਵਰ ਦਾ ਬਹਿਰਾ ਜਾ ਬਣਿਆ ਸੀ। ਉਨ੍ਹਾਂ ਦੀਆਂ ਸੁਥਰੀਆਂ ਤੇ ਸਾਫ਼ ਆਦਤਾਂ ਉਸ ਬੜੀ ਛੇਤੀ ਗ੍ਰਹਿਣ ਕਰ ਲਈਆਂ ਸਨ। ਉਸ ਤੋਂ ਸੌ ਸੌ ਕੋਠੇ ਇਕੱਠੇ ਲਾਹੁਣ ਦੀ ਦੁਖ-ਕਥਾ ਸੁਣ ਕੇ ਵੀ ਉਹ ਅੰਗਰੇਜ਼ ਉਸ ਤੋਂ ਨਫ਼ਰਤ ਨਹੀਂ ਸੀ ਕਰਦਾ ਤੇ ਉਸ ਦੀ ਸਫ਼ਾਈ ਨੂੰ ਦੇਖ ਕੇ ਖ਼ੁਸ਼ ਹੁੰਦਾ ਸੀ। ਇਕ ਦਿਨ ਸਾਹਿਬ ਨੇ ਕਿਹਾ, "ਖ਼ੈਰੇ, ਤੂੰ ਮੇਰੇ ਰਿਟਾਇਰ ਹੋਣ ਤੋਂ ਮਗਰੋਂ, ਜਦੋਂ ਮੈਂ ਵਲੈਤ ਚਲਾ ਜਾਵਾਂਗਾ, ਕੀ ਕਰੇਂਗਾ ?"

"ਸਾਹਿਬ ਮੈਂ ਤੁਹਾਡੇ ਨਾਲ ਵਲੈਤ ਜਾਵਾਂਗਾ", ਖ਼ੈਰੇ ਨੇ ਕਿਹਾ ਸੀ।

ਸਾਹਿਬ ਜਾਣਦਾ ਸੀ ਕਿ ਵਲੈਤ ਵਿਚ ਜਾ ਕੇ ਨੌਕਰ ਰੱਖਣ ਦੀ ਸਮਰੱਥਾ ਉਸ ਵਿਚ ਨਹੀਂ ਸੀ ਹੋਣੀ। ਸੋ ਪਹਿਲੇ ਮੌਕੇ ਉਸ ਨੇ ਉਸ ਨੂੰ ਆਪਣੇ ਨਾਲ ਤੇਲ ਵਾਲਾ ਲਵਾ ਲਿਆ ਸੀ। ਤੇਲ ਦੇਣ ਤੋਂ ਇਲਾਵਾ ਉਸ ਕੋਲੇ-ਵਾਲੇ ਦਾ ਕੰਮ ਵੀ ਸਿਖ ਲਿਆ ਸੀ। ਅੱਜ ਕਲ੍ਹ ਉਹ ਸਾਹਿਬ ਤੋਂ ਇੰਜਣ ਚਲਾਉਣ ਦਾ ਕੰਮ ਸਿੱਖ ਰਿਹਾ ਸੀ। ਉਹ ਕਈ ਵਾਰੀ ਸਾਹਿਬ ਦੀ ਨਿਗਰਾਨੀ ਹੇਠਾਂ ਇਕ ਜੰਕਸ਼ਨ ਸਟੇਸ਼ਨ ਤੋਂ ਦੂਸਰੇ ਤੱਕ ਡਾਕ-ਗੱਡੀ ਦੇ ਇੰਜਣ ਨੂੰ ਚਾਲ੍ਹੀ ਚਾਲ੍ਹੀ ਪੰਜਾਹ ਪੰਜਾਹ ਮੀਲ ਚਲਾ ਲੈਂਦਾ ਸੀ। ਪੜ੍ਹਿਆ ਹੋਇਆ ਘਟ ਹੋਣ ਕਰਕੇ ਉਸ ਦਾ ਇੰਜਣ-ਡਰਾਈਵਰ ਬਣਨਾ ਔਖਾ ਜਾਪਦਾ ਸੀ, ਪਰ ਉਸ ਹਿੰਮਤ ਨਾ ਹਾਰੀ ਤੇ ਬੱਚਤ ਦੇ ਸਮੇਂ ਵਿਚ ਪੜ੍ਹਨਾ ਸ਼ੁਰੂ ਕਰ ਦਿੱਤਾ। ਪਾਦਰੀ ਸਾਹਿਬ, ਜੋ ਇੰਜਣ-ਡਰਾਈਵਰ ਸਾਹਿਬ ਦੇ ਮਿੱਤਰ ਸਨ, ਖ਼ੈਰ ਦੀਨ ਤੇ ਖ਼ੁਸ਼ ਸਨ ਤੇ ਉਨ੍ਹਾਂ ਨੇ ਹੀ ਉਸ ਨੂੰ ਈਸਾਈ ਬਣਾਇਆ ਸੀ। ਮਰੀਅਮ ਦੇ ਪਿਤਾ ਨੇ ਇਹ ਮੁੰਡਾ ਪਸੰਦ ਕੀਤਾ। ਹੈ ਤਾਂ ਹਰੀਜਨ ਸੀ ਨਾ; ਤੇ ਇਸ ਗੱਲ ਦੀ ਉਸ ਨੂੰ ਬੜੀ ਤਸੱਲੀ ਸੀ। ਸਨਾਤਨ ਤੇ ਈਸਾਈ ਰਲਵੀਆਂ ਰੀਤਾਂ ਨਾਲ ਵਿਆਹ ਹੋਇਆ। ਇੰਜਣ-ਡਰਾਈਵਰ ਸਾਹਿਬ ਮੁੰਡੇ ਦੇ ਪਿਉ ਬਣੇ। ਮਰੋ ਦੇ ਮਾਪਿਆਂ ਤੋਂ ਲੈ ਕੇ ਪੁਤੇਤਿਆਂ ਤੱਕ ਸਭ ਇਸ ਜੋੜ ਤੇ ਖ਼ੁਸ਼ ਹੋਏ।

ਪਰ ਮਰੋ ਦੀ ਇਸ ਜੋੜ ਤੇ ਤਸੱਲੀ ਨਾ ਹੋਈ। ਜਦੋਂ ਕਿਸੇ ਵਿਹਲੇ ਐਤਵਾਰ ਉਸ ਨੂੰ ਵਧੀਆ ਲਿਬਾਸ ਪੁਆ ਕੇ ਤੇ ਆਪ ਸੂਟ-ਬੂਟ ਕੱਸ ਕੇ ਉਸ ਦਾ ਪਤੀ ਉਸ ਨੂੰ ਗਿਰਜੇ ਜਾਂ ਸਿਨੇਮਾ-ਘਰ ਲੈ ਜਾਂਦਾ ਤਾਂ ਵੀ ਉਹ ਉਸ ਨੂੰ ਲਿਬਾਸ ਹੇਠੋਂ ਹਰੀਜਨ ਹੀ ਜਾਪਦਾ। ਕੰਮ

ਤੋਂ ਆਉਣ ਤੇ ਜੋ ਤੇਲ ਤੇ ਪਰਸੀਨੇ ਦੀ ਰਲਵੀਂ ਬੋ ਉਸ ਦੇ ਸਰੀਰ ਵਿਚੋਂ ਆਂਉਂਦੀ ਸੀ, ਉਹ ਮਰੋ ਨੂੰ ਬਿਨਾਂ ਕਾਰਨ ਹਰ ਵੇਲੇ ਆਉਣ ਲੱਗ ਪੈਂਦੀ ਸੀ। ਕਦੇ ਕਦੇ ਉਸ ਨੂੰ ਉਹ ਆਪਣੀ ਕਲਪਨਾ ਵਿਚ ਕੋਠੇ ਲਾਹੁੰਦਾ ਦਿਸਦਾ ਸੀ ਤੇ, ਪਤਾ ਨਹੀਂ ਕਿਵੇਂ, ਉਸ ਦੀ ਘਰੋਂ ਗ਼ੈਰਹਾਜ਼ਰ ਸ਼ਖ਼ਸੀਅਤ ਵਿਚੋਂ ਵੀ ਉਸ ਨੂੰ ਗੰਦ ਦੀ ਬੋ ਆਉਣੀ ਸ਼ੁਰੂ ਹੋ ਜਾਂਦੀ ਸੀ। ਜਦੋਂ ਉਹ ਆਪਣੀ ਨਵੀਂ ਨਵੀਂ ਸ਼ੁਰੂ ਕੀਤੀ ਪੜ੍ਹਾਈ ਵਿਚ ਉਸ ਤੋਂ ਮਦਦ ਲੈਂਦਾ ਤਾਂ ਮਰੋ ਦੇ ਅੰਦਰ ਮਹਾਨਤਾ ਦੀ ਭਾਵਨਾ ਜਾਗ ਪੈਂਦੀ, ਜਿਸ ਸਾਹਮਣੇ ਕੇ. ਡੀ. ਵਿਲੀਅਮ ਤੁਛ ਜਾਪਦਾ। ਉਸ ਦਾ ਰੰਗ ਵੀ ਉਸ ਨੂੰ ਚੰਗਾ ਨਹੀਂ ਸੀ ਲਗਦਾ ਤੇ ਉਸ ਵਿਚ ਉਸ ਦੇ ਨਕਸ਼ਾਂ ਦੀ ਸੁੰਦਰਤਾ ਵੀ ਡੁੱਬ ਜਾਂਦੀ ਸੀ। ਉਂਜ ਵਿਲੀਅਮ ਬੜੀਆਂ ਸਾਫ਼ ਸੁਥਰੀਆਂ ਆਦਤਾਂ ਵਾਲਾ ਸੀ ਕੰਮ ਦੇ ਵੇਲੇ ਉਹ ਜੋ ਕੱਪੜੇ ਪਾਉਂਦਾ ਸੀ, ਉਹ ਆ ਕੇ ਲਾਹ ਦਿੰਦਾ ਸੀ। ਫੇਰ ਕੰਮ ਵਾਲੇ ਕੱਪੜਿਆਂ ਦੇ ਉਤੋਂ ਵੀ ਉਸ ਨੀਲੀ ਡਾਂਗਰੀ ਪਾਈ ਹੁੰਦੀ ਸੀ। ਕੰਮ ਤੋਂ ਆ ਕੇ ਛੇਤੀ ਨਹਾ ਲੈਂਦਾ ਸੀ ਤੇ ਘਰ ਪਾਉਣ ਵਾਲੇ ਸਾਫ਼ ਕੱਪੜੇ ਪਾ ਲੈਂਦਾ ਸੀ। ਸਰਦੀਆਂ ਵਿਚ ਜੇ ਕਦੇ ਰਾਤ ਦੀ ਡਿਊਟੀ ਤੋਂ ਮੁੜਦਾ ਤਾਂ ਆਪਣੇ ਕਮਰੇ ਵਿਚ ਹੀ ਸੌਂਦਾ। ਸਵੇਰੇ ਗੁਸਲ ਕਰ ਕੇ ਮਰੀਅਮ ਦੇ ਮੱਥੇ ਲੱਗਦਾ। ਸਿਗਰਟ ਪੀਣ ਦੀ ਉਸ ਨੂੰ ਆਦਤ ਨਹੀਂ ਸੀ। ਦੰਦਾਂ ਨੂੰ ਬੜੇ ਸਾਫ਼ ਰੱਖਦਾ। ਪਤਨੀ ਦੀ ਸਫ਼ਾਈ ਵੱਲ ਬੜਾ ਧਿਆਨ ਦਿੰਦਾ। ਉਸ ਨੂੰ ਹੋਰ ਪੜ੍ਹਨ ਲਈ ਪ੍ਰੇਰਦਾ, "ਪੜ੍ਹ ਕੇ, ਮਰੀਅਮ, ਤੂੰ ਟੀਚਰ ਬਣ ਸਕਦੀ ਹੈਂ। ਨਾਲੇ ਪੁੰਨ ਤੇ ਨਾਲੇ ਫਲੀਆਂ। ਘਰ ਪੈਸੇ ਆਉਣਗੇ ਤੇ ਮਿਸ਼ਨ ਵਾਲੇ ਤੇਰੀ ਇੱਜ਼ਤ ਕਰਨਗੇ।" ਪਰ ਹੁਣ ਮਰੋ ਨੂੰ ਇਹ ਗੱਲ ਵੀ ਭੈੜੀ ਲੱਗਦੀ। ਉਹ ਸ਼ਾਇਦ ਨਿਕੰਮੀ ਮੇਮ ਬਣਨਾ ਲੋਚਦੀ ਸੀ।

ਫੇਰ ਵਿਲੀਅਮ ਪੜ੍ਹਾਈ ਵਿਚ ਛੇਤੀ ਛੇਤੀ ਤਰੱਕੀ ਕਰਨ ਲੱਗ ਪਿਆ। ਇਸ ਦੀ ਵੀ ਉਸ ਨੂੰ ਖਾਰ ਸੀ। ਉਸ ਦੇ ਹੱਥ ਉਸ ਨੂੰ ਖੁਰਦਰੇ ਲਗਦੇ, ਉਸ ਦੀ ਪਿਆਰ-ਗਲਵਕੜੀ ਵਿਚੋਂ ਉਹ ਨਿਕਲ ਜਾਣਾ ਚਾਹਿਆ ਕਰਦੀ, ਉਸ ਦਾ ਸਰੀਰ ਉਸ ਨੂੰ ਸਖ਼ਤ ਲੋਹਾ ਜਾਪਦਾ ਤੇ ਅੱਗ ਵਰਗਾ ਤੱਤਾ। ਸ਼ਾਇਦ ਵਿਲੀਅਮ ਵੀ ਆਪਣੇ ਪਿਆਰ ਦਾ ਉੱਤਰ ਪਿਆਰ ਵਿਚ ਨਾ ਮਿਲਦਾ ਪਰਤੀਤ ਕਰਦਾ ਸੀ। ਉਸ ਦੇ ਛੋਟੀ ਸ਼ਾਖਾ-ਲਾਈਨ ਤੇ ਇੰਜਣ-ਡਰਾਈਵਰ ਬਣ ਜਾਣ ਦੀ ਆਸ ਵਿਚ, ਉਸ ਨੂੰ ਮਰੀਅਮ ਦੀ ਕੋਈ ਖ਼ੁਸ਼ੀ ਨਹੀਂ ਸੀ ਜਾਪਦੀ। ਮਰੀਅਮ ਦੇ ਜੀਵਨ ਵਿਚ ਉਸ ਨੂੰ ਆਪਣੇ ਲਈ ਕੋਈ ਨਿੱਘ ਨਹੀਂ ਸੀ ਜਾਪਦਾ।

ਦੋ ਵਾਰੀ ਮਰੀਅਮ ਉਸ ਕੋਲ ਥੋੜ੍ਹਾ ਥੋੜ੍ਹਾ ਚਿਰ, ਮਸੀਂ ਦੋ ਦੋ ਤਿੰਨ ਤਿੰਨ ਦਿਨ ਰਹੀ ਸੀ। ਤੇ ਐਤਕੀ ਤਿੰਨਾਂ ਮਹੀਨਿਆਂ ਵਿਚ ਹੀ ਉਸ ਨੇ ਮਰੀਅਮ ਨੂੰ ਅੱਕੀ ਥੱਕੀ

ਵੇਖਿਆ। ਉਸ ਨੇ ਮਰੀਅਮ ਨੂੰ ਆਪ ਕਿਹਾ ਕਿ ਜੇ ਉਹ ਉਦਾਸ ਹੈ ਤਾਂ ਪੇਕੇ ਹੋ ਆਵੇ। ਉਸ ਨੇ ਉਸ ਨੂੰ ਪੈਸੇ ਦਿੱਤੇ ਤੇ ਨਾਲ ਹੀ ਮਾੜਾ ਮੋਟਾ ਗਹਿਣਾ ਵੀ ਅਤੇ ਆਪ ਆ ਕੇ ਪੇਕੇ ਛੱਡ ਗਿਆ।

ਮਰੀਅਮ ਨੂੰ ਇੱਥੇ ਵੀ ਚੈਨ ਨਹੀਂ ਸੀ, ਪਰ ਆਜ਼ਾਦੀ ਕੁਝ ਕੁਝ ਉਹ ਜ਼ਰੂਰ ਪਰਤੀਤ ਕਰਦੀ ਸੀ। ਇਕ ਮਹੀਨਾ, ਦੋ ਮਹੀਨੇ, ਤਿੰਨ ਮਹੀਨੇ ਵਿਲੀਅਮ ਉਸ ਨੂੰ ਲੈਣ ਨਾ ਆਇਆ। ਪੇਕਿਆਂ ਦੀਆਂ ਚਿੱਠੀਆਂ ਦੇ ਉਤਰ ਵਿਚ ਲਿਖਿਆ ਆਉਂਦਾ, “ਮੈਂ ਡਰਾਈਵਰੀ ਦੇ ਟੈਸਟ ਦੀ ਤਿਆਰੀ ਕਰ ਰਿਹਾ ਹਾਂ।" ਮਰੀਅਮ ਹੁਣ ਵਿਰਤ ਵਾਲੇ ਘਰਾਂ ਵਿਚੋਂ ਮਾਂ ਦੀ ਥਾਂ ਕਦੇ ਕਦੇ ਉਗਰਾਹੀ ਕਰਨ ਤੁਰ ਜਾਂਦੀ। ਭਗਤਾਂ ਦੀ ਹੱਟੀ, ਬਜਾਜੀ ਵਾਲਿਆਂ ਦੇ ਦਫ਼ਤਰ ਦੀ ਸਫ਼ਾਈ ਮਰੀਅਮ ਦੀ ਮਾਂ ਕਰਦੀ ਸੀ। ਉਨ੍ਹਾਂ ਕੋਲੋਂ ਪੈਸੇ ਲੈਣ ਗਿਆਂ ਉਸ ਨੂੰ ਦਫ਼ਤਰ ਵਿਚ ਦਫ਼ਤਰ ਦੇ ਮਾਲਕ ਨਾਲ ਮਿਲਣ ਦਾ ਮੌਕਾ ਮਿਲਿਆ। ਵੱਡਾ ਭਗਤ ਮਰ ਚੁੱਕਾ ਸੀ। ਕੱਪੜੇ ਦਾ ਦਫ਼ਤਰ ਖੋਲ੍ਹ ਕੇ ਉਹ ਸਾਹਿਬ ਬਹਾਦਰ ਬਣ ਗਿਆ ਸੀ। ਗੋਰਾ ਨਛੋਹ ਰੰਗ, ਸਰੀਰ ਭਰਵਾਂ, ਕੱਦ ਆਦਰਸ਼ ਆਦਮੀ ਦੀ ਮਾਨੋ ਉਹ ਅਸਲੀ ਤਸਵੀਰ ਸੀ। ਪਰ ਮਰੀਅਮ ਨੂੰ ਉਹ ਆਪਣੀ ਪਹੁੰਚ ਤੋਂ ਉੱਚਾ ਜਾਪਦਾ, ਭਾਵੇਂ ਉਸ ਦੀ ਆਪਣੇ ਮੁਤੱਲਕ ਰਾਏ ਵੀ ਕੋਈ ਘਟੀਆਂ ਨਹੀਂ ਸੀ। ਸਾਹਿਬ ਦਫ਼ਤਰ ਦੇ ਵਕਤ ਤੋਂ ਪਹਿਲੋਂ ਦਫ਼ਤਰ ਵਿਚ ਸੀ। ਮਰੀਅਮ ਦੇ ਪੈਸੇ ਮੰਗਣ ਤੇ, ਉਹ ਉਸ ਦੇ ਵੱਲ ਵੇਖਦਾ ਹੀ ਰਹਿ ਗਿਆ ਜਿਵੇਂ ਕਿ ਮਰੀਅਮ ਉਸ ਵੱਲ।

“ਹਾਂ, ਹਾਂ, ਪੈਸੇ। ਮੈਂ ਤੁਹਾਨੂੰ ਪਛਾਣਦਾ ਨਹੀਂ!..... ਨਹੀਂ ਨਹੀਂ, ਹਾਂ ਦ੍ਰੋਪਤੀ ਦੀ ਧੀ, ਮਰੀਅਮ? ਉਹ.... ਹਾਂ ਤੁਸੀਂ ਪੈਸੇ ਲੈ ਜਾਵੋ। ਕੋਈ ਗੱਲ ਨਹੀਂ, ਮਾਫ ਰੱਖਣਾ”, ਰਾਧਾ ਕਿਸ਼ਨ ਤੋਂ ਆਰ.ਕੇ. ਜੈਤਲੀ ਬਣੇ ਭਗਤ ਜੀ ਨੇ ਸਿਗਰਟ ਦਾ ਟੁਕੜਾ ਐਸ਼-ਟ੍ਰੇ ਵਿਚ ਰੱਖਦਿਆਂ ਤੇ ਬਟੂਆਂ ਕੱਢਦਿਆਂ ਕਿਹਾ।

ਮਰੀਅਮ ਧਰਤੀ ਵੱਲ ਦੇਖ ਰਹੀ ਸੀ। ਜਦ ਜੈਤਲੀ ਸਾਹਿਬ ਨੇ ਬਟੂਏ ਵਿਚ ਧਿਆਨ ਜਮਾਇਆ ਤਾਂ ਉਹ ਉਨ੍ਹਾਂ ਵੱਲ ਦੇਖਦੀ ਰਹੀ। ਉਨ੍ਹਾਂ ਕਈ ਸੌ ਦੇ ਨੋਟ ਗਲਾਸ-ਪਲੇਟ ਤੇ ਰੱਖ ਕੇ ਦਸਾਂ ਦੇ ਨੋਟਾਂ ਦੀ ਥਹੀ ਕੱਢੀ। ਇਕ ਨੋਟ ਕੱਢ ਕੇ ਉਹਨਾਂ ਮਰੀਅਮ ਵੱਲ ਦੇਖਿਆ।

“ਔਹ ਲਓ, ਉਸ ਨੋਟ ਹੱਥ ਵਿਚ ਫੜੀ ਰੱਖਦਿਆਂ ਕਿਹਾ। ਮਰੀਅਮ ਨੇ ਵਧ ਕੇ ਨੋਟ ਫੜਨਾ ਚਾਹਿਆ ਹੀ ਸੀ ਕਿ ਉਸ ਜ਼ੋਰ ਨਾਲ ਨੋਟ ਉਸ ਦੇ ਹੱਥ ਤੇ ਦੱਬ ਦਿੱਤਾ।

ਮਰੀਅਮ ਸਾਰੀ ਉੱਚ ਭਾਵਨਾ ਦੇ ਹੁੰਦਿਆਂ ਮਾਨੋ ਕੰਬ ਗਈ। ਜੈਤਲੀ ਸਾਹਿਬ ਨੇ ਕਿਹਾ, "ਨੈਵਰ ਮਾਈਂਡ, ਵੀ ਆਰ ਅਬੱਵ ਆਲ ਸੱਚ ਥਿੰਗਜ਼*। ਹੋਰ ਪੈਸਿਆਂ ਦੀ ਲੋੜ ਹੋਵੇ ਤਾਂ ਲੈ ਜਾਣੇ।"

ਮਰੀਅਮ ਨੇ ਸਾਹਿਬ ਦੀਆਂ ਅੱਖਾਂ ਵਿਚ ਇਕ ਪਲਕ ਲਈ ਦੇਖਿਆ ਤੇ ਮੁੜ ਪਈ।

"ਤੁਸੀਂ ਆਪ ਦਫ਼ਤਰ ਸਾਫ਼ ਕਰ ਜਾਇਆ ਕਰੋ। ਆਖ਼ਰ ਮਾਤਾ ਪਿਤਾ ਨੂੰ ਕੁਝ ਸੁਖ ਦੇਣਾ ਚਾਹੀਦਾ ਹੈ। ਮੇਰਾ ਮਤਲਬ ਹੈ, ਜਦ ਤੱਕ ਕੋਈ ਦੇ ਸਕੇ। ਹੰ ਹੰ. ਹੰ ਕੀ ਖਿਆਲ ਹੈ ? ਜ਼ਰਾ ਗੌਰ ਕਰਨਾ।"

ਘਰ ਜਾਣ ਤੇ ਪਤਾ ਲੱਗਾ ਕਿ ਮਰੀਅਮ ਦੂਣੇ ਪੈਸੇ ਲੈ ਆਈ ਸੀ।

ਉਸੇ ਦਿਨ ਸ਼ਾਮ ਉਹ ਮੁੜ ਦਫ਼ਤਰ ਗਈ। ਸਾਰੇ ਜਾ ਚੁੱਕੇ ਸਨ। ਦਫ਼ਤਰ ਖੁਲ੍ਹਾ ਪਿਆ ਸੀ। ਝਾੜੂ ਬਾਹਰ ਦੇਖ ਕੇ ਮਰੀਅਮ ਨੇ ਕਿਹਾ ਕਿ ਮਾਂ ਦਾ ਸਵੇਰ ਦਾ ਕੰਮ ਕਰ ਜਾਏ ਉਹ ਸਫ਼ਾਈ ਕਰਨ ਲੱਗ ਪਈ, ਉਹੋ ਕੰਮ ਜੋ ਉਹ ਆਪਣੇ ਘਰ ਕਰਨਾ ਪਸੰਦ ਨਹੀਂ ਸੀ ਕਰਦੀ। ਉਪਰੋਂ ਪੈਰਾਂ ਦਾ ਖੜਾਕ ਆਇਆ। ਮੁੜ ਕੇ ਦੇਖਣ ਲੱਗੀ, ਕੋਈ ਚਪੜਾਸੀ ਨਹੀਂ ਸੀ, ਸਾਹਿਬ ਆਪ ਸੀ।

"ਉਹ, ਮਰੀਅਮ ?" ਉਸ ਇਕ ਹੈਰਾਨੀ ਤੇ ਖ਼ੁਸ਼ੀ ਭਰੇ ਸਵਾਲੀਆ ਲਹਿਜੇ ਵਿਚ ਉਚਾਰਿਆ।

"ਹਾਂ, ਸਾਹਿਬ ਤੁਸਾਂ ਪੰਜ ਰੁਪਏ ਵੱਧ ਦੇ ਦਿੱਤੇ। ਮੋੜਨ ਆਈ ਸਾਂ।

"ਨੈਵਰ ਮਾਈਂਡ, ਅਗਲੇ ਮਹੀਨੇ ਵਿਚ ਕੱਟੇ ਜਾਣਗੇ। ਰੁਪਈਆਂ ਦਾ ਕੀ ਹੈ ?" ਨਵੇਂ ਪਿਓ-ਮਰੇ ਸਾਹਿਬ ਨੇ ਐਸ਼ਿਜ਼ ਔਫ਼ ਰੋਜ਼ਿਜ਼ ਦੇ ਸਵਾ ਰੁਪਈਏ ਦੀ ਸਿਗਰਟ ਦਾ ਕਸ਼ ਲਗਾ ਕੇ ਖ਼ੁਸ਼ਬੋਦਾਰ ਧੂਆਂ ਮਰੀਅਮ ਵੱਲ ਸੁਟਦਿਆਂ ਕਿਹਾ, 'ਬਟ ਆਈ ਲਾਈਕ ਯੂਅਰ ਨੇਮ।"

ਸਾਹਿਬ ਸ਼ਾਇਦ ਸਮਝ ਰਿਹਾ ਸੀ ਕਿ ਉਹ ਖ਼ਤਰਨਾਕ ਜ਼ਮੀਨ ਤੇ ਕਦਮ ਰੱਖ ਰਿਹਾ ਹੈ। ਸੋ ਉਸ ਨਾਲ ਹੀ ਜੋੜਿਆ, "ਕ੍ਰਾਈਸਟ ਦੀ ਮਾਤਾ ਦਾ ਨਾਮ !"

---

*ਪਰਵਾਹ ਨਾ ਕਰੋ, ਅਸੀਂ ਇਹਨਾਂ ਗੱਲਾਂ ਤੋਂ ਉਚੇ ਹਾਂ।

ਪਰ ਮੈਨੂੰ ਤੁਹਾਡਾ ਨਾਂ ਚੰਗਾ ਲੱਗਦਾ ਹੈ।

ਪਰ ਇਸ ਗੱਲ ਦੀ ਲੋੜ ਨਹੀਂ ਸੀ। ਲਵ ਐਟ ਫ਼ਸਟ ਸਾਈਟ, ਪਹਿਲੀ ਨਜ਼ਰ ਦੇ ਪਿਆਰ, ਦਾ ਜਗੀਰਦਾਰੀ ਮਿਸ਼ਰਤ ਸੌਦਾਗਰੀ ਦ੍ਰਿਸ਼ਟੀਕੋਣ ਮਾਰਲੋ ਤੋਂ ਸ਼ੈਕਸਪੀਅਰ, ਤੇ ਫੇਰ ਕਈ ਹੋਰ ਲਿਖਾਰੀਆਂ ਦੀਆਂ ਕਿਰਤਾਂ ਵਿਚੋਂ ਲੰਘ ਕੇ ਅੱਜ ਕਲ੍ਹ ਦੇ ਲਈ ਜ਼ਹਿਰ ਬਣ ਚੁੱਕਾ ਸੀ। ਪਹਿਲੀ ਨਜ਼ਰ ਦਾ ਪਿਆਰ, ਜੋ ਸਮਝਦਾਰ ਪਿਆਰ ਨਹੀਂ ਹੁੰਦਾ, ਭਾਵੇਂ ਇਕ ਲਹਿਰ ਵਾਂਗ ਉੱਠ ਕੇ ਝੱਗ ਵਾਂਗ ਬੈਠ ਜਾਂਦਾ ਹੈ, ਪਰ ਫਿਰ ਵੀ ਇਸ ਦੀ ਪਹਿਲੀ ਪਕੜ ਰੋਮਾਂਚਕ ਤੇ ਧੁੰਦਲੀ ਹੋਣ ਕਰਕੇ ਇਕ ਜ਼ਬਰਦਸਤ ਸੁਆਦ ਦਾ ਹੁਲਾਰਾ ਦੇਂਦੀ ਹੈ। ਜਦੋਂ ਕੋਈ ਇਸਤ੍ਰੀ ਆਪਣੇ ਮਨ ਵਿਚ ਕਿਸੇ ਨੂੰ ਚਾਹੁਣ ਲੱਗ ਪੈਂਦੀ ਹੈ ਤਾਂ ਉਸ ਦਾ ਲਫੰਗਪੁਣਾ ਵੀ ਉਸ ਨੂੰ ਪਿਆਰਾ ਲੱਗਦਾ ਹੈ।

ਜੈਤਲੀ ਸਾਹਿਬ ਦਾ ਦਾਅ ਫਬਦਾ ਗਿਆ। ਮਰੀਅਮ ਅਕਸਰ ਦਫ਼ਤਰ ਸਾਫ਼ ਕਰਨ ਆਉਂਦੀ ਤੇ ਘੰਟਾ ਘੰਟਾ ਉਪਰ ਰਹਿੰਦੀ। ਸਾਹਿਬ ਦੀ ਆਪਣੀ ਪਟੋਲਿਆਂ ਦੀ ਸੰਭਾਲ ਕੇ ਰੱਖੀ ਪਤਨੀ ਗਰਭਵਤੀ ਸੀ ਤੇ ਭਗਤ ਸਾਹਿਬ ਬਹੁਤਾ ਚਿਰ ਘਰੋਂ ਬਾਹਰ ਰਹਿੰਦੇ ਸਨ। ਮਰੀਅਮ ਦੇ ਪ੍ਰੋਗਰਾਮ ਨੇ ਉਨ੍ਹਾਂ ਦਾ ਕਲੱਬ ਦਾ ਪ੍ਰੋਗਰਾਮ ਕਈ ਦਿਨ ਪਿੱਛੇ ਪਾ ਦਿੱਤਾ।

ਮਰੀਅਮ ਨੂੰ ਮਲੂਮ ਹੁੰਦਾ ਸੀ ਕਿ ਉਹ ਹੁਣ ਦਿਜਾਤੀ ਜਾਂ ਦੋ-ਜਨਮੇ ਬ੍ਰਾਹਮਣ, ਖੱਤਰੀਆਂ ਦੇ ਬਰਾਬਰ ਹੋ ਗਦੀ ਹੈ। ਪਹਿਲੇ ਦਿਨਾਂ ਵਿਚ ਤਾਂ ਜੈਤਲੀ ਦੀ ਜਾਤ-ਪਾਤ ਨੂੰ ਤਿਆਗ ਕੇ ਜ਼ਾਹਰ ਨੱਚਣ ਲਈ ਤਿਆਰ ਸਨ। ਜੈਤਲੀ ਸਾਹਿਬ ਨੇ ਦਫ਼ਤਰ ਵਿਚ ਹੀ ਨਹਾ ਕੇ ਪਾਉਣ ਲਈ ਮਰੀਅਮ ਨੂੰ ਕਈ ਬਹੁ-ਮੁਲੇ ਫ਼ੈਸ਼ਨਦਾਰ ਬਸਤਰ ਬਣਵਾ ਦਿੱਤੇ ਸਨ। ਉਨ੍ਹਾਂ ਬਸਤਰਾਂ ਵਿਚ ਸਜ-ਸਜਾ ਕੇ ਮਰੀਅਮ ਹਮੇਸ਼ਾਂ ਪਿਆਰ ਦੀ ਪਹਿਲ ਕਰਦੀ ਸੀ। ਸਾਹਿਬ ਦੇ ਪਿਆਰ ਵਿਚੋਂ ਉਸ ਨੂੰ ਉਹ ਨਿੱਘ, ਉਹ ਜੋਸ਼ ਤੇ ਭਰਵੀਂ ਪਕੜ ਨਹੀਂ ਸੀ ਮਹਿਸੂਸ ਹੁੰਦੀ ਜਿਸ ਦੇ ਪ੍ਰਾਪਤ ਕਰਨ ਦੀ ਕਲਪਨਾ ਉਹ ਇਸ ਆਦਰਸ਼ ਹੀਰੋ ਕੋਲੋਂ ਕਰਦੀ ਸੀ। ਪਰ ਜਿਵੇਂ ਜਿਵੇਂ ਦਿਨ ਪੈਂਦੇ ਗਏ, ਮਰੀਅਮ ਨੂੰ ਆਪਣੇ ਕੀਤੇ ਕੰਮ, ਤੇ ਜੈਤਲੀ ਦੀਆਂ ਗੱਲਾਂ ਦੀ ਦਰੁਸਤੀ ਤੇ ਸ਼ੱਕ ਹੁੰਦਾ ਗਿਆ।

ਇਕ ਦਿਨ ਪਿਆਰ ਦੇ ਜੋਸ਼ ਵਿਚ ਉਸ ਜੈਤਲੀ ਸਾਹਿਬ ਦੇ ਬੁਲ੍ਹਾਂ ਦੇ ਲਾਗੇ ਬੁਲ੍ਹ ਲਿਜਾਣ ਦੀ ਜੁਰੱਤ ਕੀਤੀ। ਸਾਹਿਬ ਨੇ ਮੂੰਹ ਮੋੜ ਲਿਆ। ਮਰੀਅਮ ਮੂੰਹੋਂ ਬੋਲ ਪਈ।

ਜੈਤਲੀ ਨੇ ਕਿਹਾ, "ਮੈਂ ਇਹ ਨਹੀਂ ਕਰ ਸਕਦਾ। ਏਦਾਂ ਧਰਮ ਭ੍ਰਿਸ਼ਟ ਹੁੰਦਾ ਹੈ। ਆਖ਼ਰ ਤੂੰ ਚੂਹੜੀ ਹੀ ਹੈਂ।"

ਆਪਣਾ ਸਰਬਨਾਸ ਕਰਨ ਵਾਲੇ ਤੋਂ ਇਹ ਸੁਣ ਕੇ ਉਹ ਚਕਰਾ ਗਈ। ਉਹ ਇਕ-ਦਮ ਨਾਲ ਦੇ ਕਮਰੇ ਵਿਚ ਦੌੜ ਕੇ ਵੜ ਗਈ। ਉਸ ਕੀਮਤੀ ਕੱਪੜੇ ਲੀਰਾਂ ਲੀਰਾਂ ਕਰਨੇ ਚਾਹੇ, ਪਰ ਨਾ ਕੀਤੇ। ਉਸ ਕੁੰਡਾ ਮਾਰ ਲਿਆ। ਹੌਲੀ ਹੌਲੀ ਉਸ ਕੀਮਤੀ ਕੱਪੜੇ ਲਾਹ ਕੇ ਆਪਣੇ ਪਤੀ ਦੇ ਦਿੱਤੇ ਸਾਦੇ ਕੱਪੜੇ ਪਾਉਂਦੀ ਗਈ। ਉਸ ਨੂੰ ਸਾਹਿਬ ਦੇ ਲਵਿੰਡਰਾਂ, ਸੈਂਟਾਂ ਵਾਲੇ ਕੱਪੜਿਆਂ ਵਿਚੋਂ ਬੋ ਨਿਕਲਕੇ ਆਪਣੇ ਕਮਰੇ ਵਿਚ ਆਉਂਦੀ ਜਾਪੀ। ਸਾਹਿਬ ਦੇ ਨਰਮ ਹੱਥਾਂ ਵਿਚ ਉਹ ਛੁਰੀ ਦਿੱਸੀ ਜੋ ਕਸਾਈ ਦੇ ਹੱਥ ਵਿਚ ਗਊ ਨੂੰ ਜ਼ਿਬਾ ਕਰਨ ਲਈ ਹੁੰਦੀ ਹੈ। ਉਸ ਦਾ ਕੂਲਾ ਸਰੀਰ ਉਸ ਨੂੰ ਤਰਾੜ ਪੱਥਰ ਜਾਪਣ ਲੱਗਾ। ਉਸ ਦੇ ਐਸ਼ਿਸ਼ ਔਫ਼ ਰੋਜ਼ਿਜ਼ ਦੇ ਧੂੰਏ ਵਿਚੋਂ ਉਸ ਨੂੰ ਕੀੜੇ ਪਏ ਮੁਰਦਾਰ ਦੀ ਭੜਾਸ ਮਲੂਮ ਹੋਈ।

ਫੇਰ ਪਤਾ ਨਹੀਂ ਕਿਵੇਂ ਵਿਲੀਅਮ ਉਸ ਦੀ ਦ੍ਰਿਸ਼ਟੀ ਸਾਹਵੇਂ ਆ ਖਲੋਤਾ। ਉਸ ਦੀ ਕਲਪਨਾ ਦੀ ਸਭ ਤੋਂ ਵਧੀਆ ਖ਼ੁਸ਼ਬੋ, ਉਸ ਦੇ ਕੰਮ ਕਰ ਕੇ ਆਏ ਕੱਪੜਿਆਂ ਦੇ ਪਸੀਨੇ ਵਿਚੋਂ ਪ੍ਰਤੀਤ ਹੋਈ। ਉਹ ਛੇਤੀ ਹੀ ਉਸ ਜੋਸ਼ ਤੋਂ ਕਈ ਗੁਣਾ ਵਧੀਕ ਜੋਸ਼ ਨਾਲ ਆਪਣੇ ਮਜ਼ਦੂਰਪਤੀ ਦੇ ਖਰ੍ਹਵੇ ਹੱਥਾਂ ਨੂੰ ਚੁੰਮ ਲੈਣਾ ਚਾਹੁੰਦੀ ਸੀ। ਵਿਲੀਅਮ ਦਾ ਸਰੀਰ ਉਸ ਨੂੰ ਦੁਨੀਆਂ ਦਾ ਸਭ ਤੋਂ ਸੁੱਚਾ ਸਰੀਰ ਜਾਪ ਰਿਹਾ ਸੀ।

ਉਹ ਆਪਣੇ ਕੱਪੜੇ ਪਾ ਚੁੱਕੀ ਸੀ। ਉਹ ਅੱਖ ਦੀ ਫੋਰ ਵਿਚ ਆਪਣੇ ਪਤੀ ਦੇ ਸਾਥ ਦੀ ਰੱਖਿਆ ਵਿਚ ਪਹੁੰਚਣਾ ਚਾਹੁੰਦੀ ਸੀ। ਉਸ ਨੂੰ ਸਭ ਤੋਂ ਉੱਚੀ ਜਾਤ ਮਜ਼ਦੂਰ ਦੀ ਜਾਪੀ ਸੀ। ਉਹ ਇਸ ਭਿਆਨਕ ਵਿਰੋਧ ਨੂੰ ਦੇਖ ਕੇ ਚੀਕ ਮਾਰਨੋਂ ਨਾ ਰਹਿ ਸਕੀ। ਪਰ ਜਿਉਂ ਹੀ ਉਸ ਬੂਹਾ ਖੋਲ੍ਹਿਆ, ਉਸ ਨੇ ਘਬਰਾਏ ਹੋਏ ਜੈਤਲੀ ਸਾਹਿਬ ਨੂੰ ਬੂਹੇ ਦੇ ਲਾਗੇ ਦੇਖਿਆ।

"ਕੁੱਤਾ !" ਉਸ ਅੱਤ ਨਫ਼ਤਰ ਭਰੇ ਲਹਿਜੇ ਵਿਚ ਕਿਹਾ ਤੇ ਫ਼ਰਸ਼ ਤੇ ਇਸ ਤਰ੍ਹਾਂ ਥੁਕਦੀ ਹੋਈ ਥੱਲੇ ਉਤਰ ਗਈ, ਜਿਵੇਂ ਉਸ ਜੈਤਲੀ ਦੇ ਮੂੰਹ ਤੇ ਥੁੱਕਿਆ ਹੋਵੇ।

-0-

# ਕਪੂਰ ਤੇ ਮਜ਼ਦੂਰ

ਕਰਮ ਚੰਦ ਜਦੋਂ ਮੈਨੇਜਰ ਸਾਹਿਬ ਦੇ ਦਫ਼ਤਰ ਵਿਚੋਂ ਝਾੜ ਖਾ ਕੇ ਨਿਕਲਿਆ ਤਾਂ ਉਸ ਦਾ ਹਾਲ ਬਹੁਤ ਬੁਰਾ ਸੀ। ਉਸ ਨੂੰ ਐਸੇ ਕਠੋਰ ਵਰਤਾਉ ਦੀ ਕਦੇ ਆਸ ਨਹੀਂ ਸੀ। ਕਪੂਰ ਵੀਵਿੰਗ ਤੇ ਸਪਿੰਨਿੰਗ ਮਿਲਜ਼ ਦੇ ਮਾਲਕ ਨਾਲ ਉਹ ਆਪਣੇ ਆਪ ਨੂੰ ਇਕ ਬੜੇ ਭਾਰੇ ਰਿਸ਼ਤੇ ਨਾਲ ਸੰਬੰਧਤ ਸਮਝਦਾ ਸੀ। ਉਹ ਆਪ ਵੀ ਕਪੂਰ ਸੀ ਅਤੇ ਇਸੇ ਰਿਸ਼ਤੇ ਨੂੰ ਜਤਾ ਜਤਾ ਕੇ ਕਪੂਰ ਸਾਹਿਬ ਤੇ ਉਨ੍ਹਾਂ ਦੇ ਮੈਨੇਜਰ ਸਾਹਿਬ ਨੇ ਉਸ ਤੋਂ "ਮਜ਼ਦੂਰ ਸਭਾ" ਦੇ ਵਿਰੁਧ ਕਈ ਕੰਮ-ਕਰਵਾਏ ਸਨ। ਕਰਮ ਚੰਦ ਮਜ਼ਦੂਰ ਹੁੰਦਿਆਂ ਹੋਇਆਂ ਵੀ ਆਪਣੇ ਆਪ ਨੂੰ ਕਪੂਰ ਸਾਹਿਬ ਦੀ ਮੁੱਛ ਦਾ ਵਾਲ ਸਮਝਦਾ ਸੀ। ਪਰ ਨਫ਼ੇਬਾਜ਼ੀ ਦੀ ਦੁਨੀਆਂ ਵਿਚ ਕੌਣ ਕਿਸੇ ਦਾ ਹੁੰਦਾ ਹੈ। ਮੈਨੇਜਰ ਮਹਿਤਾ ਸਾਹਿਬ, ਕਪੂਰ ਸਾਹਿਬ ਦੇ ਸਾਲੇ ਦਾ ਤਾਂ ਉਹ ਆਪਣੇ ਆਪ ਨੂੰ ਸੱਜਾ ਹੱਥ ਸਮਝਦਾ ਸੀ।

ਅੱਜ ਜਦ ਉਹ ਆਪਣੇ ਤਿੰਨਾਂ ਉਂਗਲਾਂ ਤੋਂ ਸਖਣੇ ਹੱਥ ਵਾਲੀ ਬਾਂਹ ਨੂੰ ਗਲ ਵਿਚ ਪਾਈ, ਮੈਨੇਜਰ ਸਾਹਿਬ ਤੋਂ ਆਪਣੇ ਸਦੀਵੀ ਆਰੀਪੁਣੇ ਦੇ ਕਾਨੂੰਨੀ ਇਵਜ਼ਾਨੇ ਬਾਰੇ ਪੁੱਛਣ ਆਇਆ ਸੀ। ਤਾਂ ਮੈਨੇਜਰ ਸਾਹਿਬ ਦੀਆਂ ਅੱਖਾਂ ਹੀ ਫਿਰੀਆਂ ਹੋਈਆਂ ਸਨ। ਉਸ ਨੂੰ ਦੱਸਿਆ ਗਿਆ ਸੀ ਕਿ ਤੇਰ੍ਹਾਂ ਫ਼ਰਵਰੀ ੧੯੦੦ ਵਾਲੇ ਦਿਨ ਉਹ ਗ਼ੈਰ-ਹਾਜ਼ਰ ਸੀ। ਤੇਰ੍ਹਾਂ ਫ਼ਰਵਰੀ ਸੰਨ ਨੂੰ ਅੱਜ ਤੋਂ ਤਿੰਨ ਮਹੀਨੇ ਪਹਿਲਾਂ, ਇਹ ਉਂਗਲਾਂ ਕੱਟਣ ਵਾਲੀ ਦੁਰਘਟਨਾ ਉਨ੍ਹਾਂ ਦੀ ਫ਼ੈਕਟਰੀ ਅੰਦਰ ਪਹਿਲੀ ਸਿਫ਼ਟ ਵਿਚ ਹੋਈ ਸੀ। ਇਹ ਦੁਰਘਟਨਾ ਸਾਰਿਆਂ ਦੇ ਸਾਹਮਣੇ ਹੋਈ ਸੀ ਤੇ ਵੱਡੀ ਗੱਲ ਇਹ ਸੀ ਕਿ ਇਸ ਦੁਰਘਟਨਾ ਦੀ ਜ਼ਿੰਮੇਵਾਰੀ ਮੈਨੇਜਰ ਸਾਹਿਬ ਤੇ ਆਉਂਦੀ ਸੀ। ਮਸ਼ੀਨ ਦੀਆਂ ਪੁਲੀਆਂ ਤੇ ਪਟੇ ਬਦਲਾਉਣ ਵਾਲਾ ਚਿਮਟਾ ਟੁੱਟ ਗਿਆ ਸੀ। ਕਰਮ ਚੰਦ ਨੇ ਮਸ਼ੀਨ ਬੰਦ ਕਰ ਦੇਣੀ ਚਾਹੀ ਸੀ, ਪਰ ਮਾਲ ਦੇ ਭਾਅ ਦੀ ਤੇਜ਼ੀ ਕਾਰਨ ਮੈਨੇਜਰ ਸਾਹਿਬ ਨੇ ਕਿਹਾ ਸੀ ਕਿ ਮਸ਼ੀਨ ਚਲਦੀ ਰੱਖੀ ਜਾਏ। “ਪਟੇ ਦਾ ਕੀ ਹੁੰਦਾ ਹੈ ਉਹ ਤੇ ਹੱਥ ਨਾਲ ਧੱਕ ਕੇ ਚਾੜ੍ਹ ਲਾਹ ਲਈਦਾ ਹੈ।” ਉਸ ਕਰਮ ਚੰਦ ਨੂੰ ਆਖਿਆ ਸੀ, “ਤੇ ਤੂੰ ਤੇ ਬਹੁਤ ਹੀ ਸਿਆਣਾ ਕਾਰੀਗਰ ਹੈਂ।”

ਕਰਮ ਚੰਦ ਨੇ ਮਸ਼ੀਨ ਚਾਲੂ ਰੱਖੀ ਸੀ। ਮਜ਼ਦੂਰ ਕਾਰੀਗਰਾਂ ਦਾ ਰੌਲਾ ਪਿਆ ਸੀ ਕਿ ਮਸ਼ੀਨਾਂ ਦੀ ਚਾਲ ਵਧਾ ਦਿੱਤੀ ਗਈ ਹੈ। ਚਾਲ ਤਾਂ ਵਧੀ ਹੋਈ ਕਰਮ ਚੰਦ ਨੂੰ ਜਾਪਦੀ ਸੀ, ਪਰ ਉਹ ਸਦਾ ਮਾਲਕਾਂ ਦਾ ਸਾਥ ਦਿੰਦਾ ਰਿਹਾ ਸੀ। ਇਸ ਤੋਂ ਪਹਿਲੋਂ ਕਿ ਮਜ਼ਦੂਰ ਕੋਈ ਸਾਂਝਾ ਕਦਮ ਚੁੱਕਣ, ਕਰਮ ਚੰਦ ਦੀ ਇਕ ਚੀਕ ਵੱਜੀ ਸੀ ਤੇ ਉਸ ਦਾ ਲਹੂ ਲੁਹਾਨ ਹੱਥ ਲਾਗਲੇ ਮਜ਼ਦੂਰਾਂ ਨੇ ਦੇਖਿਆ ਸੀ। ਮਜ਼ਦੂਰਾਂ ਨੇ ਆਪਣੀਆਂ ਮਸ਼ੀਨਾਂ ਬੰਦ ਕਰ ਕੇ ਕਰਮ ਚੰਦ ਨੂੰ ਸੰਭਾਲਿਆ ਸੀ। ਪਟਾ ਧੱਕਣ ਲੱਗਿਆਂ ਸ਼ਾਇਦ ਤੇਜ਼ ਚਾਲ ਕਾਰਨ ਉਸ ਦੀਆਂ ਉਂਗਲਾਂ ਪਟੇ ਦੇ ਜੋੜ ਤੋਂ ਉਖੜੀ ਹੋਈ ਕੰਘੀ ਵਿਚ ਫਸ ਕੇ ਕੱਟੀਆਂ ਗਈਆਂ ਸਨ। ਉਨ੍ਹਾਂ ਵਿਚੋਂ ਦੋ ਉਂਗਲਾਂ ਜੋੜਾਂ ਲਾਗੋਂ ਮਾਸ ਨਾਲ ਥੋੜ੍ਹੀਆਂ-ਥੋੜ੍ਹੀਆਂ ਅੜੀਆਂ ਹੋਈਆਂ ਲਮਕ ਰਹੀਆਂ ਸਨ।

ਮਜ਼ਦੂਰਾਂ ਕੋਲੋਂ ਮੈਨੇਜਰ ਤੇ ਚੌਕੀਦਾਰਾਂ ਨੇ ਉਸ ਨੂੰ ਸੰਭਾਲ ਲਿਆ ਸੀ। ਮਜ਼ਦੂਰ ਸਮਝਦੇ ਸਨ ਕਿ ਮਾਲਕਾਂ ਦਾ ਖ਼ਾਸ ਆਦਮੀ ਹੋਣ ਕਰਕੇ ਉਨ੍ਹਾਂ ਦੀ ਉਸ ਨੂੰ ਕੋਈ ਲੋੜ ਨਹੀਂ। ਕਈਆਂ ਦੇ ਮਨ ਵਿਚ ਉਸ ਦੇ ਮਜ਼ਦੂਰ ਜਥੇਬੰਦੀ ਨਾਲ ਕੀਤੇ ਵਿਰੋਧ ਤੇ ਵਧੀਕੀਆਂ ਕਾਰਨ ਰੋਸ ਸੀ ਤੇ ਕਈ ਉਸ ਨੂੰ ਸਿੱਧੀ ਨਫ਼ਰਤ ਦੀ ਨਜ਼ਰ ਨਾਲ ਵੀ ਵੇਖਦੇ ਸਨ। ਜਿਹੜੇ ਕੁਝ ਸਿਆਣੇ ਸਨ, ਉਹ ਸਮਝਦੇ ਸਨ ਕਰਮ ਚੰਦ ਮਾਲਕਾਂ ਦਾ ਆਪਣਾ ਆਦਮੀ ਹੋਣ ਕਰਕੇ ਉਹ ਉਸ ਲਈ ਸਭ ਕੁਝ ਆਪ ਕਰਨਗੇ। ਹਾਂ, ਉਨ੍ਹਾਂ ਮਸ਼ੀਨਾਂ ਦੀ ਚਾਲ ਤੇਜ਼ ਹੋਣ ਤੇ ਇਤਰਾਜ਼ ਕੀਤਾ। ਪਰ ਬਿਨਾਂ ਇਹ ਮੰਨਿਆ ਕਿ ਚਾਲ ਤੇਜ਼ ਕੀਤੀ ਗਈ ਸੀ, ਮਾਲਕਾਂ ਨੇ ਚਾਲ ਠੀਕ ਟਿਕਾਣੇ ਤੇ ਲੈ ਆਂਦੀ ਸੀ।

ਅੱਜ ਆ ਕੇ ਕਰਮ ਚੰਦ ਨੂੰ ਪਤਾ ਲੱਗਾ ਕਿ ਉਸ ਤੇ ਵਾਪਰੀ ਦੁਰਘਟਨਾ ਦੀ ਰਿਪੋਰਟ ਦਰਜ ਹੀ ਨਹੀਂ ਸੀ ਕੀਤੀ ਗਈ। ਉਸ ਨੂੰ ਕੁਝ ਦਿਨ ਗੈਰਹਾਜ਼ਰ ਦਿਖਾ ਕੇ ਫ਼ੈਕਟਰੀ ਵਿਚੋਂ ਹਟਾ ਦਿੱਤਾ ਗਿਆ ਸੀ।

ਹੁਣ ਉਸ ਦੇ ਸਾਹਮਣੇ ਪਿਛਲੀਆਂ ਗੱਲਾਂ ਤੇ ਘਟਨਾਵਾਂ ਸੰਖੇਪ-ਲਿਪੀ ਵਾਂਗ, ਮਾਨਸਿਕ- ਸੰਖੇਪ ਚਿੰਨ੍ਹ ਬਣ ਕੇ ਤੇ ਸਿਨਮਾ ਦੀ ਕਹਾਣੀ ਵਾਂਗ, ਸਾਲਾਂ ਤੇ ਦਹਾਕਿਆਂ ਨੂੰ ਸਕਿੰਟਾਂ ਤੇ ਮਿੰਟਾਂ ਵਿਚ ਬਦਲਦੀਆਂ ਹੋਈਆਂ ਲੰਘਣ ਲੱਗੀਆਂ। ਉਸ ਨੂੰ ਇਹ ਕਹਿ ਕੇ ਇਕ ਪ੍ਰਾਈਵੇਟ ਡਾਕਟਰ ਕੋਲ ਭੇਜਿਆ ਗਿਆ ਸੀ ਕਿ ਸਰਕਾਰੀ ਹਸਪਤਾਲਾਂ ਵਿਚ ਪੈਸੇ ਬਿਨਾਂ ਮਰੀਜ਼ਾਂ ਦਾ ਖ਼ਿਆਲ ਨਹੀਂ ਰੱਖਿਆ ਜਾਂਦਾ। ਡਾਕਟਰ ਚੰਗਾ ਸਰਜਨ ਸੀ ਤੇ ਉਸ ਨੇ ਉਸ ਦਾ ਲਹੂ ਬੰਦ ਕਰ ਕੇ ਯੋਗ ਇਲਾਜ ਸ਼ੁਰੂ ਕੀਤਾ ਸੀ। ਮਗਰੋਂ ਘਰ ਜਾ ਕੇ ਟੀਕੇ ਆਦਿ ਵੀ ਉਹ ਆਪ ਹੀ ਕਰਦਾ ਰਿਹਾ ਸੀ। ਉਸ ਕਰਮ ਚੰਦ ਤੋਂ ਆਪਣੇ ਬਿਲਾਂ ਦੀ ਰਕਮ ਦੀ

ਮੰਗ ਕੀਤੀ ਸੀ। ਕਰਮ ਚੰਦ ਨੇ ਕਿਹਾ ਸੀ, "ਡਾਕਟਰ ਸਾਹਿਬ, ਮੈਂ ਕਪੂਰ ਸਾਹਿਬ ਦਾ ਖ਼ਾਸ ਆਦਮੀ ਹਾਂ। ਮੈਂ ਵੀ ਕਪੂਰ ਹਾਂ।"

ਡਾਕਟਰ ਨੇ ਬਿਲ ਵੱਡੀ ਅਸਾਮੀ ਤੋਂ ਲੈਣੇ ਸਨ। ਸੋ ਉਸ ਨੂੰ ਬਿਲਾਂ ਦੇ ਪੇਸ਼ ਕਰਨ ਦੀ ਕੋਈ ਕਾਹਲੀ ਨਹੀਂ ਰਹੀ ਹੋਵੇਗੀ। ਦੋ ਮਹੀਨੇ ਉਸ ਨੂੰ ਘਰ ਦੇ ਖ਼ਰਚ ਲਈ ਨਕਦ ਕੁਝ ਨਾ ਕੁਝ ਮਿਲ ਜਾਂਦਾ ਰਿਹਾ। ਤੀਸਰੇ ਮਹੀਨੇ ਜਦ ਕਿ ਉਸ ਨੂੰ ਕਿਸੇ ਕੁਝ ਨਾ ਭੇਜਿਆ ਤੇ ਡਾਕਟਰ ਵੀ ਪੱਟੀ ਕਰਦਾ ਲਾਪਰਵਾਹੀ ਦਿਖਾਣ ਲੱਗਾ ਤਾਂ ਉਸ ਸੋਚਿਆ ਕਿ ਉਹ ਆਪ ਜਾ ਕੇ ਮੈਨੇਜਰ ਸਾਹਿਬ ਦੇ ਨਾਲ ਗੱਲ ਕਰੇ। ਪਰ ਮੈਨੇਜਰ ਨੇ ਤੇ ਸਿੱਧੇ ਮੂੰਹ ਗੱਲ ਕਰਨੋਂ ਵੀ ਇਨਕਾਰ ਕਰ ਦਿੱਤਾ ਸੀ। ਉਸ ਦੇ ਕਲਰਕ ਨੇ ਕਰਮ ਚੰਦ ਨੂੰ ਦੱਸਿਆ ਸੀ ਕਿ ਤੇਰ੍ਹਾਂ ਤਰੀਕ ਨੂੰ ਫ਼ੈਕਟਰੀ ਵਿਚ ਕੋਈ ਦੁਰਘਟਨਾ ਹੋਈ ਦਰਜ ਨਹੀਂ ਤੇ ਪੱਕੇ ਆਰੀਪੁਣੇ ਦੇ ਪੈਸੇ ਮਿਲਣ ਦਾ ਸੁਆਲ ਹੀ ਨਹੀਂ ਸੀ ਪੈਦਾ ਹੁੰਦਾ। ਉਸ ਇਹ ਵੀ ਦੱਸਿਆ ਕਿ ਆਪਣਾ ਆਦਮੀ ਹੋਣ ਕਰਕੇ ਡਾਕਟਰ ਸਾਹਿਬ ਦਾ ਖ਼ਰਚ ਤੇ ਉਸ ਦੀ ਮਾਇਕ ਸਹਾਇਤਾ ਵੀ ਸੇਠ ਸਾਹਿਬ ਨੇ ਸ਼ਾਇਦ ਆਪਣੇ ਪਾਸੋਂ ਕਰ ਦਿੱਤੀ ਹੋਵੇ।

ਕਰਮ ਚੰਦ ਜਿਸ ਹਨੇਰੇ ਨੂੰ ਚਾਨਣਾ ਸਮਝਣ ਦੀ ਬੀਮਾਰੀ ਵਿਚ ਗ੍ਰਸਿਆ ਰਿਹਾ ਸੀ, ਉਸ ਦੀ ਹੁਣ ਉਸ ਨੂੰ ਪੂਰੀ ਤਰ੍ਹਾਂ ਸਮਝ ਆ ਗਈ ਸੀ। ਉਸ ਸਮਝਿਆ ਸੀ ਕਿ ਕਪੂਰ ਸਾਹਿਬ ਤੋਂ ਦੁਰਘਟਨਾ ਦੀ ਆਪਣੀ ਜ਼ਿੰਮੇਵਾਰੀ ਲੁਕਾਈ ਰੱਖਣ ਲਈ ਮੈਨੇਜਰ ਨੇ ਸਭ ਕੁਝ ਕੀਤਾ ਹੋਵੇਗਾ। ਇਕ ਵਾਰੀ ਜਦੋਂ ਉਸ ਕਪੂਰ ਸਾਹਿਬ ਕੋਲ ਹਾਜ਼ਰ ਹੋ ਕੇ ਸਾਰੀ ਗੱਲ ਕਹਿ ਦਿੱਤੀ, ਸਭ ਠੀਕ ਹੋ ਜਾਵੇਗਾ। ਦਿਨ ਦਾ ਚਾਨਣ ਦੇਖ ਕੇ ਵੀ ਉਹ ਵਹਿਮ ਦੀ ਜਾਲਿਆਂ ਨਾਲ ਭਰੀ ਸੁਰੰਗ ਵਿਚ ਦਾਖ਼ਲ ਹੋ ਰਿਹਾ ਸੀ।

ਉਸ ਨੇ ਕਪੂਰ ਸਾਹਿਬ ਦੇ ਅੰਦਰ ਜਾਣ ਦੀ ਆਗਿਆ ਮੰਗੀ। ਆਖ਼ਰ ਧਰਨਾ ਮਾਰ ਕੇ ਬੈਠਣ ਦੇ ਡਰਾਵੇ ਕਾਰਨ ਉਸ ਨੂੰ ਆਗਿਆ ਮਿਲ ਹੀ ਗਈ। ਕਰਮ ਚੰਦ ਨੇ ਸਾਰੀ ਗੱਲ ਸੁਣਾਈ, ਪਰ ਕਪੂਰ ਸਾਹਿਬ ਉਸ ਤੇ ਵਿਸ਼ਵਾਸ ਹੀ ਨਹੀਂ ਸਨ ਕਰਦੇ। ਉਹ ਜੋ ਕੁਝ ਕਹੇ, ਉਸ ਨੂੰ ਮੰਨ ਲੈਣ ਵਾਲੇ ਦਿਨ ਮਾਨੋ ਕਾਫ਼ੂਰ ਹੋ ਗਏ ਸਨ। ਉਹ ਨਿਰਾਸ, ਕਪੂਰ ਸਾਹਿਬ ਦੇ ਦਫ਼ਤਰ ਵਿਚੋਂ ਨਿਕਲ ਕੇ ਬਾਹਰਲੇ ਗੇਟ ਵੱਲ ਤੁਰਿਆ ਜਾ ਰਿਹਾ ਸੀ। ਰਸਤੇ ਵਿਚ ਉਸ ਨੂੰ ਇਕ ਦੋ ਮਜ਼ਦੂਰ ਆਉਂਦੇ ਮਿਲੇ ਸਨ। ਸਰਸਰੀ ਹਾਲ-ਹਵਾਲ ਪੁੱਛਿਆ ਗਿਆ ਸੀ। ਮਜ਼ਦੂਰ ਜੱਥੇ ਦੀ ਸਦਾ ਵਿਰੋਧਤਾ ਕਰਨ ਤੇ ਸ਼ਰਮਸਾਰ, ਉਹ ਅਸਲ ਗੱਲ ਕਿਸੇ ਨੂੰ ਦੱਸਦਾ ਨਹੀਂ ਸੀ। ਉਸ ਸਿੱਟਾ ਕੱਢ ਲਿਆ ਸੀ ਕਿ ਸਭ ਕਲਾ ਮਾਲਕ ਦੀ ਭੁਆਈ ਭੌਂਦੀ ਹੈ। ਚਾਨਣ ਫੇਰ ਹੋ ਗਿਆ ਸੀ। ਕੀਤੀ ਕਾਰ ਦੀ ਜ਼ਰਾ ਕੁ ਖੁੱਲ੍ਹ-ਦਿਲੀ ਪੇਸ਼ਗੀ ਤੋਂ

ਸਿਵਾ, ਉਸ ਨੂੰ ਕਦੇ ਕੁਝ ਵਾਧੂ ਮਿਲਿਆ ਵੀ ਨਹੀਂ ਸੀ ਤੇ ਜੋ ਕੁਝ ਮਿਲਿਆ ਵੀ ਹੋਵੇ ਤਾਂ ਉਹ ਉਸ ਨੂੰ ਸਮਝਦਾ ਸੀ ਕਿ ਮਜ਼ਦੂਰਾਂ ਦੀ ਧਰਮਾਊ-ਕਾਟ ਵਿੱਚੋਂ ਚਾਰ ਸੌ ਵੀਹ ਨਾਲ ਹੀ ਮਿਲਿਆ ਹੋਊ। ਮਜ਼ਦੂਰਾਂ ਕੋਲ ਉਹ ਸਹਾਇਤਾ ਲਈ ਕਿਉਂ ਜਾਵੇ? ਉਸ ਦਾ ਕੀ ਹੱਕ ਹੈ?

ਮੈਨੇਜਰ ਸਾਹਿਬ ਨੇ ਵੀ ਸ਼ਾਇਦ ਇਸੇ ਵਿਰੋਧਤਾ ਦਾ ਖ਼ਿਆਲ ਰੱਖਿਆ ਸੀ। ਹੁਣ ਦਸ ਪੰਦਰ੍ਹਾਂ ਰੁਪਏ ਐਡਵਾਂਸ ਜਾਂ ਚਾਂਦੀ ਤੋਂ ਕਾਗ਼ਜ਼ ਵਿਚ ਬਦਲੇ ਇਕ ਦੋ ਟੁੱਕਰਾਂ ਦੇ ਸੁੱਟਣ ਦਾ ਸਵਾਲ ਨਹੀਂ ਸੀ, ਜਿਸ ਵਿਚੋਂ ਮਜ਼ਦੂਰਾਂ ਦੇ ਲਹੂ ਦਾ ਲੂਣ ਸੁਆਦ ਦੇਂਦਾ ਸੀ। ਹੁਣ ਹਜ਼ਾਰਾਂ ਦੀ ਰਕਮ ਦਾ ਸੁਆਲ ਸੀ। ਕਰਮ ਚੰਦ ਮਿਹਨਤ ਕਰਕੇ ਉਸ ਦੇ ਮੁੱਲ ਦਾ ਇਕ ਛੋਟਾ ਅੰਸ਼ ਪ੍ਰਾਪਤ ਕਰਦਾ ਹੋਇਆ ਵੀ, ਉਸ ਨੂੰ ਮਾਲਕ ਦਾ ਲੂਣ ਸਮਝਿਆ ਕਰਦਾ ਸੀ। ਉਸ ਨੂੰ ਧਨੀ-ਸਮਾਜ ਦੇ ਇਖ਼ਲਾਕ, ਧਰਮ, ਕਾਨੂੰਨ, ਸਾਹਿਤ, ਆਚਾਰ, ਆਦਿ ਨਾਲ ਪਾਏ ਪੇਚਦਾਰ ਪ੍ਰਭਾਵਾਂ ਤੋਂ ਇਹੋ ਗਿਆਨ ਮਿਲਿਆ ਸੀ ਕਿ ਧਨੀ ਦੇ ਧਨ ਨਾਲ ਫ਼ੈਕਟਰੀਆਂ ਬਣਦੀਆਂ ਹਨ, ਕੱਚਾ ਮਾਲ ਆਉਂਦਾ ਹੈ ਤੇ ਇਸ ਤਰ੍ਹਾਂ ਸਾਡੀ ਉਜਰਤ ਸਾਡੀ ਮਿਹਨਤ ਦਾ ਮੁੱਲ ਨਹੀਂ, ਧਨੀ ਦੀ ਦਾਤ ਹੈ, ਉਹ ਉਸ ਦਾ ਲੂਣ ਹੈ। ਉਨ੍ਹਾਂ ਨੂੰ ਮੁਜ਼ਾਰਾ ਤੇ ਕਾਮਾ ਜਾਗੀਰਦਾਰ ਦਾ ਲੂਣ ਖਾਂਦਾ ਦਿਸਦਾ ਸੀ। ਇਕ ਵਾਰੀ ਜਦੋਂ ਉਸ ਨੇ ਇਨ੍ਹਾਂ ਗੱਲਾਂ ਦੀ 'ਅਸਲੀਅਤ ਸਮਝਾਈ ਜਾਂਦੀ ਕਿਸੇ ਕੋਲੋਂ ਸੁਣੀ ਸੀ ਤਾਂ ਉਸ ਨੂੰ ਕਰਮ ਚੰਦ ਨੇ ਨਾਸਤਕ ਕਿਹਾ ਸੀ। ਉਸ ਨੂੰ ਸਮਝ ਨਹੀਂ ਸੀ ਆਉਂਦੀ ਕਿ ਮਿਹਨਤ ਵਿਕਣ ਵਾਲੀ ਸ਼ੈ ਕਿਵੇਂ ਹੋ ਸਕਦੀ ਹੈ, ਭਾਵੇਂ ਉਹ ਰੋਜ਼ ਮਜ਼ਦੂਰੀ ਵੇਚਦਾ ਸੀ। ਪਰ ਮਜ਼ਦੂਰੀ ਕੋਈ ਦਿਸਣ ਵਾਲੀ ਠੋਸ ਸ਼ੈ ਥੋੜੀ ਸੀ ? ਪਰ ਅੱਜ ਉਸ ਨੂੰ ਸਮਝ ਆ ਰਹੀ ਸੀ। ਕਿਰਤੀ ਦੀ ਕਿਰਤ ਰਚਿਤ ਜਿਨਸ ਬਣਾ ਕੇ ਕੱਚੇ ਮਾਲ ਦਾ ਮੁੱਲ ਵਧਾਉਂਦੀ ਹੈ, 'ਪੈਸਾ' ਨਹੀਂ। ਧਨੀ ਤੇ ਵਿਹਲੜ ਜਾਗੀਰਦਾਰ, ਜੋ ਐਸ਼ੋ-ਇਸ਼ਰਤ, ਮਜ਼ਦੂਰ ਤੇ ਕਾਮੇ ਨੂੰ ਉਸੇ ਦੀ ਮਿਹਨਤ ਦੇ ਮੁੱਲ ਦਾ ਵੱਡਾ ਹਿੱਸਾ ਨਾ ਦੇ ਕੇ ਕਰਦਾ ਸੀ, ਉਸ ਵਿਚ ਕਾਮੇ ਤੇ ਮਜ਼ਦੂਰ ਦੇ ਲਹੂ ਦਾ ਲੂਣਾ ਸੁਆਦ ਸੀ, ਜੋ ਆਦਮਖੋਰ ਬਘਿਆੜ ਵਾਂਗ ਮੂੰਹ ਲੱਗਾ ਨਹੀਂ ਸੀ ਛੁੱਟਦਾ। ਕਾਰਖ਼ਾਨੇਦਾਰ ਤੇ ਜਾਗੀਰਦਾਰ ਮਜ਼ਦੂਰ ਤੇ ਕਾਮੇ ਦਾ ਲੂਣ-ਖਾਂਦੇ ਸਨ ਜਾਂ ਲਹੂ ਪੀਂਦੇ ਸਨ, ਜਿਸ ਵਿਚੋਂ ਕੁਝ ਹਿੱਸਾ ਮੈਨੇਜਰਾਂ ਤੇ ਕਰਮ ਚੰਦ ਵਰਗੇ ਟਾਊਟਾਂ ਨੂੰ ਦੇਂਦੇ ਸਨ। ਉਹ ਆਪਣੇ ਆਪ ਕੁਝ ਨਹੀਂ ਸਨ ਕਰਦੇ ਸਭ ਕੁਝ ਉਨ੍ਹਾਂ ਤੋਂ ਕਰਵਾਇਆ ਜਾਂਦਾ ਸੀ। ਕਰਮ ਚੰਦ ਨੂੰ

ਅੱਜ ਪਤਾ ਲੱਗਾ ਕਿ ਕਪੂਰ ਸਾਹਿਬ 'ਧਨੀ' ਹਨ ਤੇ ਉਹ 'ਮਜ਼ਦੂਰ'। ਤੇ ਕਪੂਰ ਹੋਣ ਦੀ ਸਾਂਝ ਉਨ੍ਹਾਂ ਵਿਚ ਕੋਈ ਨਹੀਂ।

ਉਨ੍ਹਾਂ ਨੂੰ ਗੁੱਸਾ ਚੜ੍ਹ ਗਿਆ। ਪਰ ਉਹ ਇਕੱਲਾ ਸੀ। ਗੁੱਸਾ ਕੁਰਾਹੇ ਪੈ ਗਿਆ। ਉਸ ਸੋਚਿਆ : ਮੈਂ ਫ਼ੈਕਟਰੀ ਨੂੰ ਅੱਗ ਲਾ ਦਵਾਂਗਾ। ਫੇਰ ਉਸ ਨੂੰ ਮਜ਼ਦੂਰਾਂ ਦੇ ਇਕ ਸਾਥੀ ਦੇ ਬੋਲ ਯਾਦ ਆਏ। ਉਸ ਕਿਹਾ ਸੀ, "ਨਿਰਾਸ਼ ਹੋ ਕੇ ਕਈ ਮਜ਼ਦੂਰ ਮਸ਼ੀਨਾਂ ਨੂੰ ਕੋਸਣ ਲੱਗ ਪੈਂਦੇ ਹਨ। ਮਸ਼ੀਨ ਆਦਮੀ ਦਾ ਔਜ਼ਾਰ ਹੈ, ਕੁਦਰਤ ਨੂੰ ਜਿੱਤਣ ਲਈ। ਆਦਮੀਆਂ ਨੇ ਸਮੁੰਦਰ ਨੂੰ ਜਿੱਤ ਲਿਆ ਹੈ, ਹਵਾ ਨੂੰ ਜਿੱਤ ਰਹੇ ਹਨ। ਪਹਾੜਾਂ ਨੂੰ ਚੀਰ ਸੁਟਿਆ ਹੈ ਤੇ ਦਰਿਆਵਾਂ ਨੂੰ ਬੰਨ੍ਹ ਲਿਆ ਹੈ। ਮਸ਼ੀਨ ਆਦਮੀ ਦੇ ਕਾਬੂ ਹੋਣੀ ਚਾਹੀਦੀ ਹੈ। ਮਸ਼ੀਨ ਨਫ਼ੇ ਲਈ ਚੱਲੇਗੀ ਤਾਂ ਆਦਮੀ ਉਸ ਦੇ ਕਾਬੂ ਵਿਚ ਹੋਵੇਗਾ ਅਤੇ ਉਹ ਅੰਨੀ ਤਾਕਤ ਹੋ ਕੇ ਕਿਸਮਤ ਜਾਂ ਭਾਗ ਦਾ ਵਹਿਮ ਉਪਜਾਵੇਗੀ। ਪਰ ਜੇ ਉਸ ਨੂੰ ਮਨੁੱਖ ਸਮਾਜਿਕ ਤੌਰ ਤੇ ਕਾਬੂ ਕਰ ਕੇ ਚਲਾਵੇਗਾ ਤੇ ਮਨੁੱਖ ਦੇ ਸੁੱਖ ਲਈ ਚਲਾਵੇਗਾ ਤਾਂ ਉਹ ਮਨੁੱਖ ਦੇ ਰਾਹੀਂ ਕੁਦਰਤ ਤੇ ਹੋਰ ਜਿੱਤਾਂ ਪ੍ਰਾਪਤ ਕਰਨ ਦਾ ਸਾਧਨ ਬਣੇਗੀ। ਮਸ਼ੀਨੀ ਸਮੇਂ ਤੋਂ ਪੁਰਾਤਨ ਸਮੇਂ ਵੱਲ ਮੁੜਨਾ ਵਹਿਸ਼ਤ ਵੱਲ ਮੁੜਨਾ ਹੈ। ਮਸ਼ੀਨਾਂ ਨੂੰ ਤੋੜਨਾ ਭੰਨਣਾ ਆਪਣੇ ਔਜ਼ਾਰਾਂ ਤੇ ਸੰਦਾਂ ਦੀ ਦੌਲਤ ਨੂੰ ਗੁਆ ਕੇ ਹੱਥਲ ਹੋਣਾ ਹੈ। ਕਿਸਾਨ ਤੇ ਮਜ਼ਦੂਰ ਦਾ ਪੈਦਾਵਾਰ ਦੇ ਸਾਧਨਾਂ ਤੇ ਕਬਜ਼ਾ ਕਰਨ ਲਈ ਲੜਨਾ, ਉਨ੍ਹਾਂ ਦਾ ਹੱਕ ਲਈ ਲੜਨਾ ਹੈ ਤੇ ਉਸੇ ਵਿਚ ਸਾਰਿਆਂ ਦਾ ਸੁੱਖ ਹੈ।

ਉਸ ਦਿਨ, ਦਸ ਜਮਾਤਾਂ ਪੜ੍ਹੇ ਹੋਏ ਹੋਣ ਦੇ ਬਾਵਜੂਦ ਵੀ, ਉਸ ਨੂੰ ਇਨ੍ਹਾਂ ਗੱਲਾਂ ਦੀ ਸਮਝ ਨਹੀਂ ਸੀ ਆਈ, ਜਦ ਕਿ ਜੱਥੇਬੰਦੀ ਵਿਚ ਬੱਝੇ ਬਿਲਕੁਲ ਅਨਪੜ੍ਹ ਮਜ਼ਦੂਰ ਵੀ ਇਨ੍ਹਾਂ ਗੱਲਾਂ ਨੂੰ ਸਮਝਦੇ ਸਨ। ਅੱਜ ਉਸ ਨੂੰ ਸਭ ਕੁਝ ਸਮਝ ਆ ਗਿਆ ਸੀ। ਉਸ ਕਿਹਾ, "ਫ਼ੈਕਟਰੀ ਨੂੰ ਫੂਕਣਾ ਜਹਾਲਤ ਹੈ। ਇਕੱਲੇ ਦੁਕੱਲੇ ਕੰਮ ਕਰਨਾ ਅਸੰਭਵ ਹੈ ਤੇ ਜੇ ਕੀਤਾ ਜਾਵੇ ਤਾਂ ਹੁਲੜਬਾਜ਼ੀ ਵਿਚ ਬਦਲ ਜਾਂਦਾ ਹੈ। ਪਰ ਉਸ ਤੇ ਵਿਸ਼ਵਾਸ ਹੀ ਕੌਣ ਕਰੇਗਾ?"

ਉਹ ਬਹੁਤ ਦੁਖੀ ਹੋ ਗਿਆ ਸੀ। ਹੁਣ ਉਸ ਬਾਹਰਲਾ ਗੇਟ ਪਾਰ ਕਰ ਲਿਆ ਸੀ। ਉਹ ਬਹੁਤ ਘਬਰਾ ਗਿਆ ਸੀ। ਬਾਹਰ ਟਾਹਲੀ ਦੇ ਰੁੱਖ ਹੇਠਾਂ ਉਹ ਘਾਹ ਦੀ ਤਹਿ ਵਿਛੀ ਦੇਖ ਕੇ ਲੇਟ ਗਿਆ। ਉਸ ਕੋਲ ਕੋਈ ਪੈਸਾ ਨਹੀਂ ਸੀ। ਉਹ ਸੁਹਾਗਵੰਤੀ ਤੇ ਆਪਣੇ ਤਿੰਨ ਬੱਚਿਆਂ ਕੋਲ ਕਿਸ ਤਰ੍ਹਾਂ ਜਾਵੇਗਾ ? ਸਭ ਕੁਝ ਤਾਂ ਉਹ ਪਾਕਿਸਤਾਨ ਵਿਚ ਲੁਟਾ ਕੇ ਇਥੇ ਪਹੁੰਚੇ ਸਨ। ਗਾਂਧੀ ਵੀ ਤਾਂ ਸੱਚ ਲਈ ਮਰਨ-ਵਰਤ ਰੱਖਦਾ ਸੀ। ਅੱਜ ਉਸ ਨੂੰ

ਆਪਣਾ ਸੱਚ ਗਾਂਧੀ ਦੇ ਸੱਚਾਂ ਤੋਂ ਉਪਰ ਦਿਸਦਾ ਸੀ। ਉਹ ਉਠ ਕੇ ਆਪਣੇ ਮਨ ਦੀ ਦ੍ਰਿੜ੍ਹਤਾ ਵਾਂਗ ਜੰਮ ਕੇ ਬੈਠ ਗਿਆ।

"ਕਪੂਰ ਸਾਹਿਬ, ਐਥੇ ਬੈਠੇ ਓ ?" ਕਿਸੇ ਪੁੱਛਿਆ। ਅੱਜ "ਕਪੂਰ ਸਾਹਿਬ" ਨਾਂ ਵਿਚੋਂ ਉਸ ਨੂੰ ਚੋਟ ਪ੍ਰਤੀਤ ਹੋਈ। ਉਸ ਦੇਖਿਆ ਉਹ ਤੇ ਮਜ਼ਦੂਰਾਂ ਦਾ ਸਾਥੀ ਸੀ। ਸਾਥੀ ਨੂੰ ਅੱਖਾਂ ਰਾਹੀਂ ਕਰਮ ਚੰਦ ਅੰਦਰੋਂ ਪੰਘਰਿਆ ਹੋਇਆ ਦਿੱਸਿਆ। ਉਹ ਉਸ ਦੇ ਲਾਗੇ ਬੈਠ ਗਿਆ।

"ਤੁਹਾਡੇ ਸਦੀਵੀ ਆਰੀ ਹੋਣ ਦੇ ਇਵਜ਼ਾਨੇ ਦੀ ਅਦਾਇਗੀ ਹੋ ਗਈ?"

ਕਰਮ ਚੰਦ ਚੁਪ ਰਿਹਾ।

"ਤੁਸੀਂ ਮੈਨੂੰ ਕਦੇ ਆਪਣਾ ਸਾਥੀ ਨਹੀਂ ਸਮਝਿਆ ?"

ਕਰਮ ਚੰਦ ਫਿਰ ਚੁੱਪ ਰਿਹਾ।

"ਦਾਲ ਵਿਚ ਕੁਝ ਕਾਲਾ ਹੈ ?"

ਕਰਮ ਚੰਦ ਫਿਰ ਵੀ ਚੁੱਪ ਰਿਹਾ।

"ਤਾਂ ਕੀ ਇਵਜ਼ਾਨਾ ਨਹੀਂ ਮਿਲਿਆ ?"

ਕਰਮ ਚੰਦ ਨੇ ਨਾਂਹ ਵਿਚ ਹੌਲੀ ਜਹੀ ਸਿਰ ਹਿਲਾਇਆ। ਸਾਥੀ ਹੈਰਾਨ ਹੋ ਗਿਆ। ਉਸ ਹੌਲੀ-ਹੌਲੀ ਸਾਰੀ ਗੱਲ ਪੁੱਛ ਲਈ। ਅੰਦਰੋਂ ਆਏ ਇਕ ਮਜ਼ਦੂਰ ਨੇ ਸਾਥੀ ਨੂੰ ਦੇਖਿਆ। ਸਾਥੀ ਨੇ ਕੁਝ ਕਿਹਾ। ਮਜ਼ਦੂਰ ਅੰਦਰ ਚਲਾ ਗਿਆ। ਪੰਜਾਂ ਮਿੰਟਾਂ ਵਿਚ ਪੰਜ ਮਜ਼ਦੂਰ ਅੰਦਰੋਂ ਆ ਗਏ। ਸਾਥੀ ਤੋਂ ਸਭ ਕੁਝ ਸੁਣ ਕੇ ਉਹ ਹੈਰਾਨ ਰਹਿ ਗਏ।

"ਪਰ ਸਾਥੀ ! ਕਰਮ ਚੰਦ ਹੋਰੀਂ ਸਾਡੀ ਜੱਥੇਬੰਦੀ ਵਿਚ ਨਹੀਂ ਹਨ। ਅਸੀਂ......"

"ਸਭ ਦੁਨੀਆਂ ਭਰ ਦੇ ਮਜ਼ਦੂਰ ਭਰਾ ਭਰਾ ਹਨ।"

ਪੰਜੇ ਮਜ਼ਦੂਰ ਅੰਦਰ ਚਲੇ ਗਏ। ਪੰਜਾਂ ਮਿੰਟਾਂ ਵਿਚ ਫ਼ੈਕਟਰੀ ਦਾ ਕੰਮ ਬੰਦ ਹੋ ਗਿਆ। ਮਜ਼ਦੂਰਾਂ ਨੇ ਹੜਤਾਲ ਕਰ ਦਿੱਤੀ ਸੀ। ਜਦ ਮੈਨੇਜਰ ਨੂੰ ਸਟਰਾਈਕ ਦੇ ਕਾਰਨ ਦਾ ਪਤਾ ਲੱਗਾ ਤਾਂ ਉਸ ਨੇ ਪੰਜਾਂ ਮਜ਼ਦੂਰਾਂ ਨੂੰ ਸਦਵਾਇਆ ਅਤੇ ਕਿਹਾ, "ਉਹ ਤਾਂ ਸਦਾ ਤੁਹਾਡੇ ਖ਼ਿਲਾਫ਼ ਰਿਹਾ ਹੈ ?"

ਇਕ ਸਿਆਣੇ ਪੰਚ ਨੇ ਚੋਟ ਕੀਤੀ, "ਤਾਂ ਸਾਡੇ ਬਹਾਨੇ ਹੀ ਉਸ ਨੂੰ ਨਿਮਕ-ਹਲਾਲੀ ਦੀ ਸਜ਼ਾ ਦਿੱਤੀ ਜਾਣ ਲੱਗੀ ਹੈ ?"

"ਉਸ ਦੀ ਤੇ ਰਿਪੋਰਟ ਹੀ ਨਹੀਂ ਦਰਜ", ਮੈਨੇਜਰ ਨੇ ਕਿਹਾ।

"ਦੁਰਘਟਨਾ ਦਾ ਕਾਰਨ ਤੁਸੀਂ ਹੋ ਤੇ ਉਹ ਸਾਡੇ ਸਾਰਿਆਂ ਦੇ ਸਾਹਮਣੇ ਹੋਈ ਸੀ।"

"ਪਰ ਭਈ ਕਾਨੂੰਨ ਵੀ ਤਾਂ ਕੋਈ ਚੀਜ਼ ਹੈ।" ਫੇਰ ਮੈਨੇਜਰ ਨੇ ਕਿਹਾ।

ਇਕ ਹੋਰ ਪੰਚ ਨੇ ਕਿਹਾ, "ਕਾਨੂੰਨ ਤੁਹਾਡਾ ਹੈ। ਮਹਿਕਮੇ ਤੁਹਾਡੇ ਹਨ। ਸੱਚ ਅਸਲੀਅਤ ਹੈ, ਜੋ ਅੱਖਾਂ ਸਾਹਮਣੇ ਵਾਪਰੇ। ਸੋ ਅਸੀਂ ਸੱਚੇ ਹਾਂ ਤੇ ਬੇਇਨਸਾਫੀ ਦੇ ਖ਼ਿਲਾਫ਼ ਲੜਾਂਗੇ।"

"ਤੁਸੀਂ ਹੜਤਾਲ ਨਾ ਕਰੋ, ਅਸੀਂ ਵਿਚਾਰ ਕਰਦੇ ਹਾਂ।"

"ਹੜਤਾਲ ਰਹੇਗੀ। ਅਸੀਂ ਬਾਹਰ ਜਾ ਰਹੇ ਹਾਂ।" ਪੰਚਾਂ ਨੇ ਚਟਾਨੀ ਦ੍ਰਿੜਤਾ ਨਾਲ ਕਿਹਾ

ਤੁਸੀਂ ਸਾਰੇ ਕੁਝ ਚਿਰ ਲਈ ਬਾਹਰ ਹੀ ਉਡੀਕ ਕਰੋ। ਮੈਂ ਕਪੂਰ ਸਾਹਿਬ ਨਾਲ ਸਲਾਹ ਕਰ ਕੇ ਹੁਣੇ ਤੁਹਾਨੂੰ ਦੱਸਦਾ ਹਾਂ।"

ਸੈਂਕੜਿਆਂ ਮਜ਼ਦੂਰਾਂ ਨੇ ਕਰਮ ਚੰਦ ਨੂੰ ਘੇਰ ਲਿਆ। ਸਾਰੇ ਉਸ ਨੂੰ ਹਮਦਰਦੀ ਨਾਲ ਦੇਖ ਰਹੇ ਸਨ।

"ਬੜਾ ਜ਼ੁਲਮ ਹੈ ਬੜਾ ! ਕਿਸੇ ਮਜ਼ਦੂਰ ਨੇ ਕਿਹਾ।"

"ਐਹ ਜੇ ਅਸਲੀਅਤ ਇਨ੍ਹਾਂ ਧਨੀਆਂ ਦੀ", ਕਿਸੇ ਹੋਰ ਨੇ ਆਖਿਆ। ਕਰਮ ਚੰਦ ਸ਼ਰਮਸਾਰ ਸੀ।

ਨਾਹਰੇ ਗੂੰਜਣੇ ਸ਼ੁਰੂ ਹੋ ਗਏ, 'ਮਜ਼ਦੂਰ ਇਤਹਾਦ, ਜ਼ਿੰਦਾਬਾਦ।'

ਦਸਾਂ ਮਿੰਟਾਂ ਦੇ ਅੰਦਰ ਅੰਦਰ ਮੈਨੇਜਰ ਬਾਹਰ ਆ ਗਿਆ। ਕਪੂਰ ਸਾਹਿਬ ਦੇ ਲਿਖਤੀ ਆਰਡਰ ਦੀ ਇਕ ਕਾਪੀ ਪੰਚਾਂ ਨੂੰ ਦਿੱਤੀ ਗਈ। ਕਾਨੂੰਨ ਅਨੁਸਾਰ ਸਾਰੀ ਰਕਮ ਕਰਮ ਚੰਦ ਨੂੰ ਮਿਲ ਜਾਏਗੀ। ਪੰਚਾਂ ਨੇ ਕਰਮ ਚੰਦ ਦੇ ਰਾਜ਼ੀ ਹੋਣ ਤਕ ਸਾਰੇ ਖ਼ਰਚ ਵੀ ਉਨ੍ਹਾਂ ਜ਼ਿਮੇ ਮੰਨਵਾ ਲਏ।

ਫੇਰ ਨਾਹਰੇ ਵੱਜਣੇ ਸ਼ੁਰੂ ਹੋ ਗਏ, "ਮਜ਼ਦੂਰ ਇਤਿਹਾਦ, ਜ਼ਿੰਦਾਬਾਦ।"

ਕਰਮ ਚੰਦ ਨੂੰ ਜੋਸ਼ ਆ ਗਿਆ। ਉਸ ਨੇ ਪੱਟੀਆਂ ਨਾਲ ਬੱਧਾ ਹੱਥ ਸਲਿਗ ਵਿਚੋਂ ਕੱਢ ਕੇ ਉੱਚੀ ਚੁੱਕ ਕੇ ਪੁਕਾਰਿਆ :

"ਦੁਨੀਆਂ ਭਰ ਦੇ ਮਜ਼ਦੂਰੋ।"

ਅਤੇ ਸਾਰਿਆਂ ਮਜ਼ਦੂਰਾਂ ਨੇ ਗੜਗੂੰਜ ਪਾ ਦਿੱਤੀ :

ਇਕ ਹੋ ਜਾਓ !"

-0-

# ਬਰਛਾ ਬੋਲਿਆ

ਅੱਠ ਕੋਨੇ ਥੜ੍ਹੇ ਤੇ ਮਖ਼ਮਲੀ ਆਸਣ ਵਿਛਿਆ ਹੋਇਆ ਸੀ। ਉਸ ਉਪਰ ਸ਼ਸਤਰ ਬਿਸ੍ਰਾਮ ਕਰ ਰਹੇ ਸਨ। ਮੈਂ ਉਨ੍ਹਾਂ ਵੱਲ ਬੜੀ ਸ਼ਰਧਾ ਨਾਲ ਦੇਖ ਰਿਹਾ ਸਾਂ। ਇਨ੍ਹਾਂ ਬਾਰੇ ਜਾਨਣ ਦੀ ਤੀਬਰ ਇੱਛਿਆ ਮੇਰੇ ਮਨ ਵਿਚ ਸੀ। ਪਰ ਲਾਗੇ-ਸ਼ਾਗੇ ਕੋਈ ਦਿਸ ਨਹੀਂ ਸੀ ਰਿਹਾ। "ਕੀ ਸ਼ਸਤਰ ਆਪ ਆਪਣੀ ਕਹਾਣੀ ਨਹੀਂ ਦਸ ਸਕਦੇ ?" ਇਹ ਸਵਾਲ ਮੇਰੇ ਮਨ ਵਿਚ ਪੈਦਾ ਹੋਇਆ ਹੀ ਸੀ ਕਿ ਇਕ ਅਸਚਰਜ ਕੌਤਕ ਹੋਇਆ। ਸ਼ਸਤਰਾਂ ਵਿਚੋਂ ਕਰੜੀ ਪਰ ਲਚਕਦਾਰ ਲੱਕੜੀ ਦੀ ਮੁੱਠ ਵਾਲਾ ਅਤੇ ਹੱਥ ਲੰਮੇ, ਚੌੜੇ ਤੇ ਨੁਕੀਲੇ ਫਲ ਵਾਲਾ ਬਰਛਾ ਵਿਚਕਾਹਿਓਂ ਉਠ ਖਲੋਤਾ, ਜਿਵੇਂ ਆਪਣੇ ਉੱਦਮ ਨਾਲ ਕੋਈ ਲੰਮਾ ਪਿਆ ਉੱਠਦਾ ਹੈ। ਫਲ ਉਪਰ ਵੱਲ ਉਹ ਸਿੱਧਾ ਸਾਵਧਾਨ ਅਵਸਥਾ ਵਿਚ ਖਲੋ ਗਿਆ, ਜਿਵੇਂ ਕੋਈ ਸਿੱਖਿਆ ਹੋਇਆ ਫ਼ੌਜੀ ਹੋਵੇ। ਆਸਣ-ਅਸਥਾਨ ਵਿਚੋਂ ਅਵਾਜ਼ ਗੂੰਜੀ, "ਮੈਂ ਬਰਛਾ ਹਾਂ!" ਮੈਂ ਅਸਚਰਜ-ਚਕਿਤ ਹੋਏ ਹੋਏ ਨੇ ਮਨ ਵਿਚ ਹੀ ਸੋਚਿਆ, "ਇਹ ਅਵਾਜ਼ ਕਿਥੋਂ ਆ ਰਹੀ ਹੈ ! ਬੰਦਾ-ਪਰਿੰਦਾ ਇਥੇ ਹੈ ਕੋਈ ਨਹੀਂ ! ਅਵਾਜ਼ ਗੂੰਜਵੀਂ ਤੇ ਹੈ, ਪਰ ਸਪੱਸ਼ਟ ਵੀ ਬੜੀ ਹੈ। ਕੀ ਸੱਚ-ਮੁੱਚ ਬਰਛਾ ਤੇ ਨਹੀਂ ਬੋਲ ਰਿਹਾ ?"

ਹੁਣ ਅਵਾਜ਼ ਹੋਰ ਸਾਫ਼ ਹੋ ਕੇ ਬਰਛੇ ਦੇ ਫਲ ਲਾਗੋਂ ਆਈ ਜਿਵੇਂ ਫਲ ਬਰਛੇ ਦੀ ਜੀਭ ਹੋਵੇ। ਬਰਛਾ ਬੋਲਿਆ, "ਭਾਈ, ਮੈਂ ਹੀ ਬੋਲ ਰਿਹਾ ਹਾਂ। ਮੈਨੂੰ ਮਾਣ ਹੈ ਕਿ ਮੈਂ ਕੋਈ ਆਮ ਬਰਛਾ ਨਹੀਂ। ਮੈਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਿਆਰ ਪਰਾਪਤ ਰਿਹਾ ਹੈ। ਮੈਂ ਉਨ੍ਹਾਂ ਦੇ ਹੱਥਾਂ ਵਿਚ ਖੇਲਿਆ ਹਾਂ।"

ਮੇਰੇ ਦਿਲ ਵਿਚ ਬਰਛੇ ਦੀ ਸਾਰੀ ਕਹਾਣੀ ਇਸ ਬੋਲਣ-ਵਾਲੇ ਬਰਛੇ ਤੋਂ ਜਾਨਣ ਦੀ ਤੀਬਰ ਇੱਛਿਆ ਤਾਂ ਅੱਗੇ ਹੀ ਸੀ, ਜੋ ਅਤਿ ਤੀਬਰ ਹੋ ਗਈ।

ਬਰਛੇ ਨੇ ਫੇਰ ਬੋਲਣਾ ਸ਼ੁਰੂ ਕਰ ਦਿੱਤਾ, "ਭਾਈ ਸਿੱਖਾ ! ਮੇਰਾ ਫਲ ਇਸ ਦੇਸ ਵਿਚ ਨਹੀਂ ਬਣਿਆ। ਮੇਰੇ ਫਲ ਨੂੰ ਇਹ ਪਦਵੀ ਪਰਾਪਤ ਕਰਨ ਲਈ ਬਹੁਤ ਵਾਰੀ

ਤਪਣਾ ਪਿਆ ਤੇ ਮੇਰਾ ਰਚਣ-ਹਾਰ ਲੋਹਕਾਰ ਹਰ ਵਾਰੀ ਤਪ ਕੇ ਲਾਲ ਹੋ ਜਾਣ ਪਿਛੋਂ ਸੈਂਕੜੇ ਵਦਾਣੀ ਸੱਟਾਂ ਮੇਰੇ ਤੇ ਮਰਵਾਉਂਦਾ ਸੀ। ਉਸ ਨੇ ਮੈਨੂੰ ਤਪਾਉਣਾ ਤੋਂ ਸੱਟਾਂ ਮਾਰਨੀਆਂ ਉੱਨਾ ਚਿਰ ਨਾ ਛੱਡੀਆਂ ਜਦ ਤੱਕ ਮੇਰੇ ਨਾਲੋਂ ਮਨੂਰ ਝੜਨਾ ਬਿਲਕੁਲ ਬੰਦ ਨਾ ਹੋ ਗਿਆ। ਵਦਾਣੀਆ ਕਾਰੀਗਰ ਨੂੰ ਪੁੱਛਣ ਲੱਗਾ, 'ਉਸਤਾਦ ਜੀ, ਕਈ ਦਿਨਾਂ ਤੋਂ ਇਸ ਲੋਹੇ ਨੂੰ ਕੁੱਟਦੇ ਮਰ ਲੱਥੇ ਹਾਂ। ਅੱਗੇ ਤਾਂ ਕਿਸੇ ਹਥਿਆਰ ਤੇ ਤੁਸਾਂ ਕਦੇ ਏਨੀ ਮਿਹਨਤ ਨਹੀਂ ਕੀਤੀ ?' ਕਾਰੀਗਰ ਨੇ ਕਿਹਾ, 'ਇਸ ਲੋਹੇ ਨੂੰ ਮੈਂ ਲੋਹਾ ਕੱਟਣ ਵਾਲਾ ਲੋਹਾ ਬਣਾਉਣਾ ਹੈ। ਇਸ ਤੋਂ ਇਕ ਬਰਛੇ ਦਾ ਫਲ ਬਣੇਗਾ ਤੇ ਨਾਲੇ ਇਕ ਸਰਬ ਲੋਹ ਦੀ ਨਾਗਣੀ। ਨਾਗਣੀ ਦਾ ਦਸਤਾ ਵੀ ਇਸੇ ਲੋਹੇ ਦਾ ਹੋਵੇਗਾ ਤੇ ਫਲ ਨਾਗਣੀ ਵਾਂਗ ਵਲਦਾਰ ਤੇ ਤਿੱਖਾ। ਇਹ ਦੋਵੇਂ ਚੀਜ਼ਾਂ ਮੈਂ ਆਪਣੀ ਜ਼ਿੰਦਗੀ ਦੀਆਂ ਸਭ ਤੋਂ ਵਧੀਆ ਕਿਰਤਾਂ ਦੇ ਰੂਪ ਵਿਚ ਘੜਨਾ ਚਾਹੁੰਦਾ ਹਾਂ। ਇਹ ਫਲ ਮਹਾਂ ਬਲੀ ਜੋਧਿਆਂ ਦੇ ਜ਼ੋਰ ਨਾਲ ਲੋਹੇ ਦੀਆਂ ਮੋਟੀਆਂ ਢਾਲਾਂ ਵਿਚੋਂ ਲੰਘ ਜਾਣ ਵਾਲੇ ਹੋਣਗੇ। ਹਿੰਦੁਸਤਾਨ ਦੇ, ਇਕ ਕਾਬਲ ਵਿਚ ਵਸਦੇ ਵਪਾਰੀ ਮੁਰੀਦ ਨੇ, ਆਪਣੇ ਪੀਰ ਗੁਰੂ ਨੂੰ ਇਹ ਪੰਜਾਬ ਵਿਚ ਲਿਜਾ ਕੇ ਭੇਟਾ ਕਰਨੇ ਹਨ। ਉਹ ਮੈਨੂੰ ਪਹਿਲੋਂ ਐਨੀਆਂ ਅਸ਼ਰਫੀਆਂ ਦੇ ਗਿਆ ਹੈ ਜੋ ਇਨ੍ਹਾਂ ਦੇ ਮੁੱਲ ਤੋਂ ਕਿਤੇ ਜ਼ਿਆਦਾ ਹਨ, ਪਰ ਉਹ ਕਹਿੰਦਾ ਸੀ ਕਿ ਜੇ ਮੇਰੇ ਗੁਰੂ ਇਸ ਭੇਟਾ ਨਾਲ ਪਰਸੰਨ ਹੋ ਗਏ ਤਾਂ ਮੈਂ ਤੈਨੂੰ ਹੋਰ ਅਸ਼ਰਫੀਆਂ ਦੇਵਾਂਗਾ। ਕੁਰਬਾਨ ਜਾਈਏ ਐਸੇ ਪਿਆਰ ਦੇ ! ਐਸੇ ਮੁਰੀਦ ਦੇ ਪੀਰ ਦਾ ਕੰਮ ਮੈਂ ਈਮਾਨਦਾਰੀ ਤੋਂ ਵੀ ਵੱਧ ਪਿਆਰ ਨਾਲ ਕਰ ਰਿਹਾ ਹਾਂ।' ਵਦਾਣੀਏ ਨੇ ਮੁੜ ਕੇ ਕੋਈ ਹੀਲਹੁਜਤ ਨਾ ਕੀਤੀ। ਜਿਵੇਂ ਕਾਰੀਗਰ ਹੁਕਮ ਕਰਦਾ ਤਿਵੇਂ ਉਹ ਕਰੀ ਜਾਂਦਾ, ਜਿਵੇਂ ਪੀਰ ਦੇ ਮੁਰੀਦ ਦੇ ਕਾਰੀਗਰ ਰਾਹੀਂ ਉਸ ਨੂੰ ਵੀ ਪੀਰ ਨਾਲ ਉਣਸ ਹੋ ਗਈ ਹੋਵੇ। ਕਈ ਦਿਨਾਂ ਵਿਚ ਜਿਹੜਾ ਲੋਹਾ ਸ਼ੁੱਧ ਹੋਇਆ ਸੀ ਉਸ ਨੂੰ ਕਈ ਦਿਨ ਸ਼ਕਲ ਦਿੰਦਿਆਂ ਲੰਘ ਗਏ ਤੇ ਫੇਰ ਕਈ ਤਰ੍ਹਾਂ ਦੀਆਂ ਔਖਧੀਆਂ ਘੋਲ ਘੋਲ ਕੇ ਉਨ੍ਹਾਂ ਵਿਚ ਮੈਨੂੰ ਤੇ ਮੇਰੀ ਭੈਣ ਨਾਗਣੀ ਨੂੰ, ਜਿਹੜੀ ਮੇਰੇ ਲਾਗੇ ਹੀ ਲੇਟੀ ਹੋਈ ਹੈ, ਕਈ ਕਈ ਵਾਰੀ ਡੋਬ ਡੋਬ ਕੇ ਬੁਝਾਇਆ ਗਿਆ, ਜਿਸ ਨਾਲ ਕਰੜਾਈ ਵਿਚ ਹੋਰ ਸਖਤਾਈ ਤੇ ਲਿਸ਼ਕ ਆ ਗਈ। ਵਧੇਰੇ ਚਮਕ ਤੇ ਵਾਢ ਦੇਣ ਲਈ ਸਭ ਤੋਂ ਵੱਡੇ ਤੇ ਸਿਆਣੇ ਸਿਕਲੀਗਰ ਨੂੰ ਕੰਮ ਸੌਂਪਿਆ ਗਿਆ। ਸਾਨੂੰ ਟੁਣਕਾ ਕੇ ਉਹ ਵਾਹ ਵਾਹ ਕਰ ਉੱਠਿਆ। ਉਸ ਨੇ ਵੀ ਕਮਾਲ ਉੱਤੇ ਕਮਾਲ ਕਰ ਦਿਖਾਇਆ। ਫੇਰ ਸ਼ਹਿਰ ਦੇ ਸਭ ਤੋਂ ਸਿਆਣੇ ਤਰਖਾਣ ਨੂੰ ਸੱਦ ਕੇ ਮੇਰੇ ਦਸਤੇ ਦਾ ਕੰਮ ਸੌਂਪਿਆ। ਲੁਹਾਰ ਤੇ ਸਿਕਲੀਗਰ ਦਾ ਕੰਮ ਦੇਖ ਕੇ ਤਰਖਾਣ ਅਸ਼ ਅਸ਼ ਕਰ ਉਠਿਆ। ਕਈ ਦਿਨ ਉਸ ਨੇ ਮੇਰੇ ਦਸਤੇ ਲਈ ਲਕੜੀ

ਲੱਭਦਿਆਂ ਲਾਏ। ਉਹ ਲੱਕੜ ਚਾਹੁੰਦਾ ਸੀ ਜਿਹੜੀ ਸਖ਼ਤ ਹੋਣ ਦੇ ਨਾਲ ਲਚਕਦਾਰ ਵੀ ਹੋਵੇ। ਆਪਣੀ ਤਸੱਲੀ ਦੀ ਲੱਕੜ ਲੱਭ ਕੇ ਉਸ ਦੋ ਕਾਰੀਗਰਾਂ ਦੀ ਕਾਰੀਗਰੀ ਤੇ ਫੁੱਲ ਚੜ੍ਹਾਉਣ ਲਈ ਬੜੀ ਮਿਹਨਤ ਕੀਤੀ, ਮੇਰੇ ਦਸਤੇ ਨੂੰ ਤਛਿਆ, ਘੜਿਆ, ਰੰਦਿਆ ਤੇ ਖ਼ਰਾਦਿਆ। ਕਾਬਲੀ ਸਿੱਖ ਸਾਨੂੰ ਦੋਹਾਂ ਨੂੰ ਦੇਖ ਕੇ ਬੜਾ ਖ਼ੁਸ਼ ਹੋਇਆ। ਪਰ ਕਹਿਣ ਲੱਗਾ, 'ਜੇ ਸਤਿਗੁਰ ਕਲਗੀਧਰ ਇਸ ਭੇਟਾ ਨੂੰ ਪਰਵਾਨ ਕਰ ਲੈਣ ਤਾਂ ਮੈਂ ਆਪਣੇ ਉੱਚੇ ਭਾਗ ਸਮਝਾਂ।'

"ਕੁਝ ਦਿਨ ਪਾ ਕੇ ਇਹ ਸਿੱਖ ਸ਼ਾਹੀ ਸੈਨਾ ਦੀ ਰੱਖਿਆ ਵਿਚ ਆਉਂਦੇ ਕਾਫ਼ਲੇ ਨਾਲ ਖ਼ੈਬਰ ਵਿਚੋਂ ਲੰਘ ਕੇ ਪਿਸ਼ਾਵਰ ਪਹੁੰਚ ਗਿਆ। ਇਥੋਂ ਸੰਗਤਾਂ ਅਨੰਦਪੁਰ ਵਾਸਤੇ ਤਿਆਰ ਹੋ ਰਹੀਆਂ ਸਨ। ਉਨ੍ਹਾਂ ਨਾਲ ਰਲ ਕੇ ਇਹ ਸਿੱਖ ਘੋੜਿਆਂ ਤੇ ਸ਼ਸਤਰਾਂ ਦੀ ਭੇਟਾ ਲੈ ਕੇ, ਮੰਜ਼ਲਾਂ ਮਾਰਦਾ ਸਤਿਗੁਰੂ ਜੀ ਦੇ ਦਰਬਾਰ ਵਿਚ ਹਾਜ਼ਰ ਹੋਇਆ। ਸਤਿਗੁਰਾਂ ਦੀ ਆਯੂ ਓਦੋਂ ਮਸੀਂ ਚੌਦਾਂ ਪੰਦਰਾਂ ਬਰਸਾਂ ਦੀ ਸੀ। ਹਾਲੀਂ ਮਸ ਵੀ ਨਹੀਂ ਸੀ ਫੁੱਟੀ। ਸਤਿਗੁਰਾਂ ਦਾ ਸਰੀਰ ਭਾਵੇਂ -ਭਾਰਾ ਨਹੀਂ ਸੀ, ਪਰ ਸਜੀਲਾ ਤੇ ਗਠੀਲਾ ਸੀ। ਕੱਦ ਆਪਣੀ ਉਮਰ ਮੁਤਾਬਕ ਲੰਮਾ ਸੀ। ਚਿਹਰੇ ਤੇ ਨੂਰਾਨੀ ਲਾਲੀ ਸੀ ਤੇ ਅੱਖਾਂ ਵਿਚ ਰੂਹਾਨੀ ਚਮਕ। ਸਤਿਗੁਰੂ ਸਿੱਖ ਦੀ ਭੇਟਾ ਤੇ ਬਹੁਤ ਪਰਸੰਨ ਹੋਏ। ਸ਼ਸਤਰਾਂ ਵਿਚੋਂ ਮੈਨੂੰ ਤੇ ਮੇਰੀ ਭੈਣ ਇਸ ਨਾਗਣੀ ਨੂੰ ਆਪਣੇ ਸ਼ੁਭ ਹੱਥਾਂ ਨਾਲ ਚੁੱਕਿਆ, ਤੋਲਿਆ ਤੇ ਪਰਖਿਆ। ਫਲਾ ਨੂੰ ਦੇਖ ਕੇ ਫ਼ੁਰਮਾਉਣ ਲੱਗੇ, 'ਭਾਈ ਜੀ, ਇਹ ਤਾਂ ਲੋਹ-ਭੇਦ ਸ਼ਸਤਰ ਹਨ। ਜਿਸ ਤਰ੍ਹਾਂ ਤੁਸੀਂ ਪਿਆਰ ਨਾਲ ਬਣਵਾਏ ਹਨ, ਉਸੇ ਤਰ੍ਹਾਂ ਕਾਰੀਗਰਾਂ ਵੀ ਪ੍ਰੇਮ ਨਾਲ ਬਣਾਏ ਹਨ। ਇਨ੍ਹਾਂ ਸ਼ਸਤਰਾਂ ਦਾ ਕੋਈ ਮੁੱਲ, ਨਹੀਂ। ਪ੍ਰੇਮ ਤਾਂ ਅਨਮੋਲ ਵਸਤੂ ਹੈ। ਸਤਿਗੁਰੂ ਨਾਨਕ ਦੇਵ ਜੀ ਦੇ ਦਰੋਂ ਤੁਹਾਨੂੰ ਨਾਮ ਦਾ ਪ੍ਰੇਮ ਪ੍ਰਾਪਤ ਹੋਵੇ ! ਭਾਈ ਜੀ, ਪਰ ਤੁਸਾਂ ਇਨ੍ਹਾਂ ਦੇ ਬਣਾਉਣ ਵਾਲਿਆਂ ਨੂੰ ਵੀ ਸਾਡੀਆਂ ਖੁਸ਼ੀਆਂ ਪਹੁੰਚਾਉਣੀਆਂ। ਇਹ ਕੰਮ ਨਿਰਾ ਪੈਸਿਆਂ ਪਿੱਛੇ ਨਹੀਂ ਬਣਿਆ ਹੋਇਆ। ਇਹ ਸ਼ਸਤਰ ਵੇਲੇ ਸਿਰ ਕੰਮ ਦੇਣ ਵਾਲੇ ਹਨ। ਇਨ੍ਹਾਂ ਤੋਂ ਕੋਈ ਧੋਖਾ ਨਹੀਂ ਹੋ ਸਕਦਾ।'

"ਇਹ ਬਚਨ ਕਰਨ ਤੋਂ ਮਗਰੋਂ ਕਲਗੀਧਰ ਜੀ ਨੇ ਅਸਲੇਖਾਨੇ ਦੇ ਸੇਵਾਦਾਰ ਨੂੰ ਸੱਦ ਕੇ ਸਾਨੂੰ ਵਿਸ਼ੇਸ਼ ਅਸਤਰਾਂ ਵਿਚ ਲੋਹ-ਭੇਦ ਦੀਆਂ ਪਰਚੀਆਂ ਬੰਨ੍ਹ ਕੇ, ਸੰਭਾਲ ਕੇ ਰੱਖਣ ਦੀ ਆਗਿਆ ਕੀਤੀ।"

"ਸਤਿਗੁਰੂ ਖ਼ਾਸ ਖ਼ਾਸ ਮੌਕਿਆਂ ਤੇ ਹੀ ਸਾਨੂੰ ਕਢਵਾਉਂਦੇ ਤੇ ਸਾਡਾ ਪ੍ਰਦਰਸ਼ਨ ਕਰਦੇ। ਸਾਲ ਕੁ ਮਗਰੋਂ ਸਤਿਗੁਰਾਂ ਦਾ ਵਿਵਾਹ ਨੀਯਤ ਹੋਇਆ। ਸ੍ਰੀ ਹਰਜਸ ਜੀ ਚਾਹੁੰਦੇ ਸਨ ਕਿ ਉਨ੍ਹਾਂ ਦੀ ਸਪੁੱਤਰੀ ਦਾ ਗੁਰੂ ਜੀ ਨਾਲ ਵਿਵਾਹ ਉਨ੍ਹਾਂ ਦੇ ਸ਼ਹਿਰ ਲਾਹੌਰ ਵਿਚ ਹੋਵੇ। ਪਰ ਸਤਿਗੁਰਾਂ ਨੇ ਸ੍ਰੀ ਹਰਜਸ ਜੀ ਲਈ ਜੰਗਲ ਵਿਚ ਮੰਗਲ ਕਰ ਦਿੱਤਾ। ਉਨ੍ਹਾਂ ਸਤਲੁਜ ਦੇ ਖੱਬੇ ਕੰਢੇ ਦਿਆਂ ਪਹਾੜਾਂ ਦੇ ਪੈਰਾਂ ਲਾਗੇ ਹਰਿਆਵਲੇ ਜੰਗਲਾਂ ਨਾਲ ਘਿਰੇ ਮੈਦਾਨ ਵਿਚ ਇਕ ਲਾਹੌਰ ਨਾਂ ਦਾ ਨਗਰ ਵਸਾ ਦਿੱਤਾ। ਪਹਾੜੀ ਤੇ ਮੈਦਾਨੀ ਸੁੰਦਰਤਾ ਦਾ ਇੱਥੇ ਮੇਲ ਸੀ। ਵਿਵਾਹ ਦੇ ਦਿਨ ਜਿਉਂ ਜਿਉਂ ਨੇੜੇ ਆਉਂਦੇ ਗਏ ਉਥੇ ਰੌਣਕਾਂ ਵਧਦੀਆਂ ਗਈਆਂ ਅਤੇ ਵਪਾਰੀਆਂ ਤੇ ਦੁਕਾਨਦਾਰਾਂ ਨੇ ਬਜ਼ਾਰ ਲਗਾ ਦਿੱਤੇ।

"ਜੰਜ ਦੇ ਅਨੰਦਪੁਰੋਂ ਤੁਰਨ ਤੋਂ ਪਹਿਲੋਂ ਸਿਲੇਖ਼ਾਨੇ ਦੇ ਵਿਸ਼ੇਸ਼ ਸ਼ਸਤਰਾਂ ਨੂੰ ਸੱਦਾ ਪਿਆ। ਸਤਿਗੁਰਾਂ ਸਾਨੂੰ ਵੀ ਯਾਦ ਕੀਤਾ, ਤੇ ਆਪਣੇ ਹੱਥਾਂ ਨਾਲ ਮੈਨੂੰ ਚੁੱਕ ਕੇ ਬੀਬੀ ਵੀਰੋ ਜੀ ਦੇ ਵੱਡੇ ਸਪੁੱਤਰ ਸੰਗੋਸ਼ਾਹ ਜੀ ਨੂੰ ਫੜਾਇਆ। ਵੱਖੋ ਵੱਖਰਿਆਂ ਜੋਧਿਆਂ ਨੂੰ ਕਮਰ-ਕੱਸੇ ਦੇ ਸ਼ਸਤਰਾਂ ਤੋਂ ਛੁੱਟ ਵਿਸ਼ੇਸ਼ ਅਸਤਰ ਸ਼ਸਤਰ ਦਿੱਤੇ।

"ਵਿਵਾਹ ਬੜੀ ਧੂਮ ਧਾਮ ਨਾਲ ਹੋਇਆ। ਸਤਿਗੁਰੂ ਆਪਣੇ ਵਸਾਏ ਲਾਹੌਰ ਵਿਚ ਜੰਜ ਸਮੇਤ ਕਈ ਦਿਨ ਰਹੇ। ਇਕ ਦਿਨ ਸਤਿਗੁਰੂ ਜੀ, ਮਾਮਾ ਜੀ ਸ੍ਰੀ ਕਿਰਪਾਲ ਤੇ ਸੰਗੋਸ਼ਾਹ, ਜੀਤ ਮੱਲ, ਆਦਿ ਪੰਜ ਭਰਾਵਾਂ ਤੇ ਕੁਝ ਸਿੱਖਾਂ ਨੂੰ ਨਾਲ ਲੈ ਕੇ ਘੋੜੇ ਤੇ ਸਵਾਰ ਪਹਾੜਾਂ ਵੱਲ ਜਾਣ ਲਈ ਨਿਕਲੇ। ਰਸਤੇ ਵਿਚ ਧੋਬੀ ਮਿਲ ਪਿਆ।

"ਸ੍ਰੀ ਕਿਰਪਾਲ ਜੀ ਨੇ ਧੋਬੀ ਨੂੰ ਪਛਿਆ ਕਿ ਉਸ ਸ੍ਰੀ ਗੁਰੂ ਜੀ ਦੇ ਧੋਤੇ ਹੋਏ ਬਸਤਰ ਕਿਉਂ ਨਹੀਂ ਪਹੁੰਚਾਏ। ਧੋਬੀ ਨੇ ਬੰਦਨਾ ਕਰ ਕੇ ਬੇਨਤੀ ਕੀਤੀ, 'ਸ੍ਰੀ ਗੁਰੂ ਜੀ, ਮੇਰਾ ਕੋਈ ਦੋਸ਼ ਨਹੀਂ। ਹਾੜ ਦਾ ਮਹੀਨਾ ਹੈ। ਜਿਸ ਚਸ਼ਮੇ ਦੇ ਪਾਣੀ ਨਾਲ ਮੈਂ ਹਜ਼ੂਰ ਦੇ ਬਸਤਰ ਧੋਂਦਾ ਸਾਂ, ਉਹ ਚਸ਼ਮਾ ਚੱਲਣੋਂ ਬੰਦ ਹੋ ਗਿਆ ਹੈ। ਉਹ ਤਾਜ਼ੇ ਤੇ ਪਵਿੱਤਰ ਜਲ ਦਾ ਸੋਮਾ ਸੀ। ਆਪ ਜੀ ਦੇ ਸੁੰਦਰ ਬਸਤਰ ਮੈਂ ਛੱਪੜਾਂ ਦੇ ਅਪਵਿੱਤਰ ਅਤੇ ਗੰਧਲੇ ਹੋ ਚੁੱਕੇ ਥੱਲੇ ਦੇ ਪਾਣੀ ਨਾਲ ਤਾਂ ਸਾਫ਼ ਨਹੀਂ ਨਾ ਕਰ ਸਕਦਾ। ਸ੍ਰੀ ਗੁਰੂ ਜੀ ਨੇ ਸ੍ਰੀ ਕਿਰਪਾਲ ਜੀ ਨੂੰ ਸੰਬੋਧਨ ਕਰ ਕੇ ਕਿਹਾ, 'ਇਸ ਗੁਰਮੁਖ ਦਾ ਸੱਚੀ-ਮੁੱਚੀ ਕੋਈ ਦੋਸ਼ ਨਹੀਂ। ਪਰ ਅਸੀਂ ਇਥੇ ਨਗਰ ਵਸਾਇਆ ਹੈ ਜਲ ਤਾਂ ਪੀਣ ਲਈ ਵੀ ਇਥੇ ਲਾਗੇ ਚਾਹੀਦਾ ਹੈ। ਨਹੀਂ ਤੇ ਪੀਣ ਵਾਲਾ ਜਲ ਵੀ ਕੋਹਾਂ ਤੋਂ ਚੁੱਕ ਕੇ ਲਿਆਣਾ ਪਵੇਗਾ। ਫੇਰ ਉਨ੍ਹਾਂ ਧੋਬੀ ਵੱਲ ਤੱਕ ਕੇ ਕਿਹਾ, 'ਭਾਈ ਗੁਰਮੁਖਾ, ਤੂੰ ਚੱਲ ਕੇ ਸਾਨੂੰ ਉਸੇ ਸੋਮੇ ਵਾਲਾ ਅਸਥਾਨ ਦਿਖਾ। ਜਲ ਕਿਉਂ ਬੰਦ ਹੋ

ਗਿਆ ? ਇਹ ਹੋਣਾ ਨਹੀਂ ਸੀ ਚਾਹੀਦਾ। ਪਰਲੇ ਪਾਸੇ ਦਰਿਆ ਹੈ, ਉਰੇ ਜਲ ਦਾ ਭੰਡਾਰ ਹਰਿਆਵਲ ਪਰਬਤ ਹੈ।

"ਸਤਿਗੁਰੂ ਜੀ, ਨਿਮਰਤਾ ਸਹਿਤ ਧੋਬੀ ਨੇ ਆਖਿਆ, ਲੋਕ ਕਹਿੰਦੇ ਹਨ ਕਿ ਇਹ ਸੋਮਾ ਇਨ੍ਹਾਂ ਦਿਨਾਂ ਵਿਚ ਆ ਕੇ ਅਕਸਰ ਬੰਦ ਹੋ ਜਾਂਦਾ ਹੈ। ਪਰ ਮੈਂ ਆਪ ਜੀ ਨੂੰ ਓਥੇ ਲੈ ਹੀ ਚਲਦਾ ਹਾਂ।'

"ਸਾਰਾ ਜੱਥਾ ਸਤਿਗੁਰੂ ਜੀ ਦੀ ਅਗਵਾਈ ਵਿਚ ਧੋਬੀ ਦੇ ਨਾਲ ਤੁਰ ਪਿਆ। ਸ੍ਰੀ ਹਰਜਸ ਜੀ ਦੇ ਨਿਵਾਸ-ਅਸਥਾਨ ਤੋਂ ਇਕ ਢਕੀ ਉਤਰ ਕੇ ਇਕ ਸੁੱਕਾ ਨਾਲਾ ਲੰਘਣਾ ਪਿਆ। ਉਸ ਤੋਂ ਪਾਰ ਇਕ ਝੰਗੀ ਜਹੀ ਵਿਚ ਇਕ ਵੱਡੀ ਕਾਲੇ ਰੰਗ ਦੀ ਚਟਾਨ ਗੱਡੀ ਹੋਈ ਜਾਪਦੀ ਸੀ। ਇਸ ਦੇ ਇਕ ਛੋਟੇ ਜਹੇ ਛੇਕ ਚੋਂ ਕਤਰਾ ਕਤਰਾ ਪਾਣੀ ਚੋ ਰਿਹਾ ਸੀ। ਹੋਰ ਵੀ ਛੇਕ ਸਨ ਜਿਥੋਂ ਪਾਣੀ ਵਗਣਾ ਬੰਦ ਹੋ ਗਿਆ ਹੋਇਆ ਸੀ। ਇਥੋਂ ਪਾਣੀ ਦੇ ਵਗਣ ਦਾ ਰਸਤਾ ਵੀ ਬਣਿਆ ਹੋਇਆ ਸੀ, ਜੋ ਮੁੜ ਘਿੜ ਕੇ ਉਸ ਨਾਲੇ ਵਿਚ ਜਾ ਪੈਂਦਾ ਸੀ।

"ਸਤਿਗੁਰਾਂ ਸੰਗੋ ਸ਼ਾਹ ਜੀ ਨੂੰ ਆਪਣੇ ਪਾਸ ਬੁਲਾਇਆ ਤੇ ਉਨ੍ਹਾਂ ਨੂੰ ਬਰਛਾ ਦੇਣ ਲਈ ਕਿਹਾ। ਮੇਰੇ ਭਾਗ ਜਾਗੇ! ਸਤਿਗੁਰਾਂ ਮੈਨੂੰ ਆਪਣੇ ਹੱਥਾਂ ਵਿਚ ਲੈ ਕੇ ਤੋਲਦਿਆਂ ਕਿਹਾ, 'ਲੈ, ਬਈ, ਅੱਜ ਤੇਰੀ ਵੀ ਪਰਖ ਹੋ ਜਾਏ।' ਵਾਹਿਗੁਰੂ ਦਾ ਨਾਂ ਲੈ ਕੇ ਸਤਿਗੁਰਾਂ ਆਪਣਾ ਸਾਰਾ ਬਲ ਆਪਣੀ ਸੱਜੀ ਬਾਂਹ ਵਿਚ ਕੇਂਦ੍ਰਿਤ ਕਰ ਲਿਆ। ਫੜਿਆਂ ਫੜਿਆਂ ਮੇਰੇ ਤੇ ਬੜਾ ਭਾਰ ਪਿਆ ਜਾਪਿਆ। ਸਤਿਗੁਰਾਂ ਆਪਣੀ ਬਾਂਹ ਖੋਲ੍ਹੀ ਤੇ ਤੱਕ ਕੇ ਮੇਰਾ ਵਾਰ ਪੱਥਰ ਤੇ ਕੀਤਾ। ਕਰ-ਕਰ ਕਰ-ਕਰ-ਕੱਚ ਦੀ ਅਵਾਜ਼ ਹੋਈ। ਮੈਨੂੰ ਜਾਪਿਆ ਮੈਂ ਹੀ ਟੁੱਟ ਗਿਆ ਹਾਂ। ਪਰ ਨਹੀਂ, ਮੈਂ ਸਾਬਤ ਸਾਂ ਅਤੇ ਲਗ ਪਗ ਸਾਰੇ ਦਾ ਸਾਰਾ ਪੱਥਰ ਵਿਚ ਧਸਿਆ ਹੋਇਆ ਸਾਂ। ਅਲੂਣੀ ਸਿੱਲ ਭੰਨਣ ਵਾਲੀ ਮੇਰੀ ਨੋਕ ਜਲ ਨੂੰ ਚੱਖ ਰਹੀ ਸੀ। ਝਟ ਹੀ ਜਲ ਮੇਰੇ ਆਲੇ ਦਵਾਲੇ ਉਭਰ ਆਇਆ। ਗੁਰੂ ਜੀ ਨੇ ਸੰਗੋ ਸ਼ਾਹ ਜੀ ਨੂੰ, ਜੋ ਆਯੂ ਵਿਚ ਉਨ੍ਹਾਂ ਕੋਲੋਂ ਵੱਡੇ ਤੇ ਨਾਲੇ ਮਹਾਨ ਜੋਧੇ ਸਨ, ਮੈਨੂੰ ਪੁੱਟ ਲੈਣ ਲਈ ਕਿਹਾ। ਸੰਗੋ ਸ਼ਾਹ ਜੀ ਨੇ ਜ਼ੋਰ ਲਾਇਆ, ਪਰ ਮੇਰੀ ਇਕ ਅਣੀ ਪੱਥਰ ਵਿਚ ਬੁਰੀ ਤਰ੍ਹਾਂ ਅੜ ਗਈ ਸੀ। ਸੰਗੋ ਸ਼ਾਹ ਜੀ ਕੋਲੋਂ ਇਹ ਕੰਮ ਨਾ ਹੋ ਸਕਿਆ। ਸਤਿਗੁਰਾਂ ਨੇ ਘੋੜੇ ਤੇ ਬੈਠਿਆਂ ਝੁਕ ਕੇ ਮੇਰੇ ਦਸਤੇ ਨੂੰ ਅੱਧ-ਵਿਚਕਾਹਿਓਂ ਪਕੜ ਲਿਆ ਤੇ ਇਕ ਝਟਕੇ ਨਾਲ ਮੈਨੂੰ ਪੱਥਰ ਵਿਚੋਂ ਖਿੱਚ ਲਿਆ। ਸ੍ਰੀ ਕਿਰਪਾਲ ਜੀ ਸੰਗੋ ਸ਼ਾਹ ਵੱਲ ਹੈਰਾਨੀ ਮਿਸ਼੍ਰਿਤ ਖ਼ੁਸ਼ੀ ਦੀ ਨਜ਼ਰ ਨਾਲ ਤੱਕੇ। ਸ੍ਰੀ ਸੰਗੋ ਸ਼ਾਹ ਨੇ ਉਨ੍ਹਾਂ ਦੀ ਤੱਕ ਦਾ ਉੱਤਰ ਆਪਣੀ ਮੁਸਕਰਾਹਟ ਦੀ ਹਾਂ ਨਾਲ ਦਿੱਤਾ।

"ਪਾਣੀ ਦੀ ਇਕ ਵੱਡੀ ਧਾਰ ਚੱਲ ਪਈ ਸੀ। ਥੱਲੇ ਬਣਿਆ ਕੁੰਡ ਪਲੋ-ਪਲੀ ਭਰ ਗਿਆ, ਪਰ ਧੋਬੀ ਦੀ ਮਾਨੋਂ ਤਸੱਲੀ ਨਾ ਹੋਈ। ਉਹ ਕਹਿਣ ਲੱਗਾ, 'ਸ੍ਰੀ ਗੁਰੂ ਜੀ, ਏਨੇ ਪਾਣੀ ਨਾਲ ਬਸਤਰ ਪਖਾਲਣ ਦਾ ਕੰਮ ਨਹੀਂ ਹੋ ਸਕਣਾ। ਮੈਂ ਤੇ ਚਾਹੁੰਦਾ ਹਾਂ ਕਿ ਬਸਤਰ ਧੋਣ ਤੋਂ ਮਗਰੋਂ ਇਹ ਜਲ ਝਟ ਵਗ ਕੇ ਨਿਰਮਲ ਹੋ ਜਾਵੇ ਤੇ ਨਗਰ-ਵਾਸੀਆਂ ਦੇ ਪੀਣ ਲਈ ਵੀ ਸਦਾ ਵਗਦਾ ਰਹੇ।' ਸਤਿਗੁਰੂ ਮੁਸਕਰਾਏ। ਮੈਨੂੰ ਤੋਲਿਆ। ਮੇਰੇ ਤੇ ਭਾਰ ਫੇਰ ਵਧ ਗਿਆ—ਮਹਾਨ ਬਲ ਦਾ ਭਾਰ। ਦੂਜੇ ਵਾਰ ਨਾਲ ਮੇਰਾ ਫਲ ਫੇਰ ਕਰ-ਕਰ-ਕਚਰ-ਕਚਰ-ਕਚ ਕਰਦਾ ਪੱਥਰ ਵਿਚ ਧਸ ਗਿਆ। ਹੁਣ ਸੀਤਲ ਜਲ ਨੇ ਮੇਰੇ ਫਲ ਨੂੰ ਇਸ਼ਨਾਨ ਕਰਾ ਦਿੱਤਾ। ਜੀਤ ਮੱਲ ਜੀ ਨੇ ਮੇਰੇ ਦਸਤੇ ਨੂੰ ਫੜ ਕੇ ਖਿੱਚਣ ਲਈ ਜ਼ੋਰ ਲਾਇਆ, ਪਰ ਛੇਤੀ ਹੀ ਜਤਨ ਤਿਆਗ ਦਿੱਤਾ। ਕਲਗ਼ੀਧਰ ਜੀ ਨੇ ਫੇਰ ਘੋੜੇ ਤੇ ਬੈਠਿਆਂ ਹੀ ਦਸਤੇ ਨੂੰ ਹੱਥ ਪਾ ਕੇ ਮੇਰੇ ਫਲ ਨੂੰ ਖਿਚ ਲਿਆ। ਧੋਬੀ ਨੇ ਆਪਣਾ ਸਿਰ ਸਤਿਗੁਰਾਂ ਦੇ ਸੱਜੀ ਰਕਾਬ ਵਿਚਲੇ ਚਰਨਾਂ ਤੇ ਰੱਖ ਦਿੱਤਾ ਤੇ ਕਈ ਵਾਰੀ ਦੁਹਰਾਇਆ, 'ਸਤਿਗੁਰੂ ਜੀ, ਮੇਰੀ ਭੁੱਲ ਨੂੰ ਬਖ਼ਸ਼ਣਾ, ਮੇਰੀ ਭੁੱਲ ਨੂੰ ਬਖ਼ਸ਼ਣਾ। ਸਤਿਗੁਰਾਂ ਉਸ ਨੂੰ ਥਾਪੀ ਦਿੱਤੀ।

"ਸ੍ਰੀ ਕਿਰਪਾਲ ਜੀ—'ਸਤਿਗੁਰੋ, ਜੇ ਮਿਹਰ ਕਰਨ ਲੱਗੇ ਹੋ ਤਾਂ ਤ੍ਰਿਬੈਣੀ ਹੀ ਬਣਾ ਦਿਓ। ਹੁਣ ਇਥੇ ਜਲ ਦੀ ਟੋਟ ਨਾ ਰਹੇ।

"ਸਾਹਿਬਾਂ ਨੇ ਫੇਰ ਮੈਨੂੰ ਹੱਥ ਵਿਚ ਤੋਲਿਆ, ਚੁੱਕਿਆ ਤੇ ਵਾਹਿਆ। ਹੁਣ ਮੇਰਾ ਸ੍ਵੈ-ਭਰੋਸਾ ਵਧ ਗਿਆ। ਕਰ-ਕਰ-ਕੱਚ ਅਵਾਜ਼ ਨੂੰ ਹੁਣ ਮੈਂ ਪੱਥਰ ਦਾ ਟੁੱਟਣਾ ਹੀ ਸਮਝਦਾ ਸਾਂ। ਜਲ ਦੇ ਵਗਣ ਨਾਲ ਇਕ ਸੁੱਕੇ ਹੋਏ ਛੋਟੇ ਛੇਕ ਨੂੰ ਤੋੜਦਾ ਐਤਕੀਂ ਮੇਰਾ ਸਾਰਾ ਫਲ ਧਸ ਗਿਆ। ਐਤਕੀਂ ਮੈਨੂੰ ਪੁੱਟਣ ਦਾ ਕਿਸੇ ਹੋਰ ਜਤਨ ਨਾ ਕੀਤਾ। ਸਤਿਗੁਰਾਂ ਮੈਨੂੰ ਝੱਟ ਹੀ ਪੁੱਟ ਲਿਆ ਤੇ ਸੰਗੋ ਸ਼ਾਹ ਜੀ ਨੂੰ ਫੜਾ ਕੇ ਪਹਾੜ ਵੱਲ ਸੈਰ ਕਰਨ ਨੂੰ ਵਧੇ। ਧੋਬੀ ਹੱਥ ਜੋੜੀ ਓਥੇ ਹੀ ਖਲੋਤਾ ਰਿਹਾ, ਕਦੇ ਉਹ ਤਿੰਨਾਂ ਧਾਰਾਂ ਨਾਲ ਭਰੇ ਹੋਏ ਕੁੰਡ ਵਿਚੋਂ ਵਗਦੇ ਪ੍ਰਵਾਹ ਨੂੰ ਦੇਖਦਾ ਸੀ ਤੇ ਕਦੇ ਗੁਰੂ ਜੀ ਨੂੰ। ਜਦੋਂ ਸ਼ਾਮ ਨੂੰ ਸਾਹਿਬ ਸੈਰ ਕਰ ਕੇ ਮੁੜੇ ਤਾਂ ਸੰਗਤਾਂ, ਇਲਾਕੇ ਦੇ ਲੋਕ, ਵਪਾਰੀ ਤੇ ਦੁਕਾਨਦਾਰ ਸਤਿਗੁਰਾਂ ਦੇ ਦਰਸ਼ਨ ਨੂੰ ਖੜੇ ਸਨ। ਸਾਰੇ ਮੇਰੇ ਵੱਲ ਵੀ ਦੇਖਦੇ ਸਨ। ਮੈਂ ਨਿਰਮਾਣ ਨੂੰ ਜਿਵੇਂ ਸਤਿਗੁਰਾਂ ਮਾਣ ਬਖ਼ਸ਼ ਦਿੱਤਾ ਸੀ।"

"ਇਕ ਵਾਰੀ ਫੇਰ ਮਹਾਨਤਾ ਵਾਲੇ ਕੰਮ ਲਈ ਅਨੰਦਪੁਰ ਦੀ ਦੂਜੀ ਲੜਾਈ ਵਿਚ ਸਤਿਗੁਰਾਂ ਸਾਨੂੰ ਦੋਹਾਂ ਨੂੰ ਯਾਦ ਕੀਤਾ ਤੇ ਅਸਲਾਖ਼ਾਨੇ ਵਿਚੋਂ ਮੰਗਾ ਭੇਜਿਆ। ਪਹਾੜੀ ਰਾਜੇ ਤੇ ਰੰਘੜਾਂ ਦੇ ਦਲ ਖੁਲ੍ਹੀ ਲੜਾਈ ਵਿਚ ਦੋ ਵਾਰੀ ਹਾਰ ਖਾ ਚੁੱਕੇ ਸਨ। ਉਨ੍ਹਾਂ ਲੜਾਈ ਦਾ ਪੈਂਤੜਾ ਬਦਲ ਕੇ ਵੀਹ ਦਿਨ ਅਨੰਦਪੁਰ ਦਾ ਘੇਰਾ ਵੀ ਘੱਤੀ ਰੱਖਿਆ ਸੀ

ਪਰ ਇਸ ਦਾ ਖ਼ਾਲਸੇ ਤੇ ਕੋਈ ਮਾੜਾ ਅਸਰ ਨਹੀਂ ਸੀ ਪਿਆ। ਫੇਰ ਸਲਾਹ ਮਸ਼ਵਰਾ ਹੋਇਆ ਤੇ ਇਹ ਮਤਾ ਮਤਾਇਆ ਗਿਆ ਕਿ ਰਾਜਾ ਕੇਸਰੀ ਚੰਦ ਜਸਵਾਲੀਏ ਦੀ ਅਗਵਾਈ ਵਿਚ ਲੋਹਗੜ੍ਹ ਦੇ ਰਸਤੇ ਅਨੰਦਪੁਰ ਤੇ ਹਮਲਾ ਕੀਤਾ ਜਾਵੇ। ਜਸਵਾਲੀਏ ਦਾ ਲੋਹੇ ਨਾਲ ਮੜ੍ਹਿਆ ਤੇ ਸ਼ਰਾਬ ਨਾਲ ਮਸਤ ਹਾਥੀ ਲੋਹਗੜ੍ਹ ਦੇ ਦਰਵਾਜ਼ੇ ਨੂੰ ਟੱਕਰ ਮਾਰ ਕੇ ਤੋੜੇ ਅਤੇ ਫ਼ੌਜਾਂ ਕਿਲ੍ਹੇ ਨੂੰ ਫ਼ਤਹਿ ਕਰ ਕੇ ਮੋਰਚੇ ਨੂੰ ਤੋੜਦੀਆਂ ਅਨੰਦਪੁਰ ਤੇ ਕਬਜ਼ਾ ਕਰ ਲੈਣ। ਕੇਸਰੀ ਚੰਦ ਨੇ ਇਹ ਕਸਮ ਵੀ ਖਾਧੀ ਕਿ ਮੈਂ ਅੱਜ ਜਾਂ ਅਨੰਦਪੁਰ ਤੇ ਕਬਜ਼ਾ ਕਰ ਕੇ ਗੁਰੂ ਨੂੰ ਜੀਉਂਦਾ ਜਾਂ ਮਰਿਆ ਹੋਇਆ ਸਾਰਿਆਂ ਰਾਜਿਆਂ ਅੱਗੇ ਪੇਸ਼ ਕਰਾਂਗਾ, ਨਹੀਂ ਤੇ ਜੀਉਂਦਾ ਨਹੀਂ ਮੁੜਾਂਗਾ।

"ਸਤਿਗੁਰਾਂ ਨੇ ਐਤਕੀਂ ਮੇਰੀ ਭੈਣ ਨਾਗਣੀ ਨੂੰ ਪਹਿਲੀ ਸੇਵਾ ਬਖ਼ਸ਼ੀ। ਜੱਥੇਦਾਰ ਬਚਿੱਤਰ ਸਿੰਘ ਜੀ ਨੂੰ ਸਤਿਗੁਰਾਂ ਆਪਣੇ ਸ਼ੁਭ ਹੱਥਾਂ ਨਾਲ ਇਹ ਨਾਗਣੀ ਹਾਥੀ ਦੇ ਤਵਿਆਂ ਨੂੰ ਪਾੜ ਕੇ ਸਿਰ ਵਿਚ ਧਸਾਉਣ ਲਈ ਦਿੱਤੀ। ਬਚਿੱਤਰ ਸਿੰਘ ਜੀ ਨੇ ਜਦ ਸਤਿਗੁਰੂ ਜੀ ਦਾ 'ਥਾਪੜਾ' ਲੈ ਕੇ ਘੋੜਾ ਭਜਾ ਕੇ ਲੋਹਗੜ੍ਹ ਦਾ ਰੁਖ਼ ਕੀਤਾ ਤਾਂ ਮਗਰੋਂ ਉਨ੍ਹਾਂ ਦੇ ਭਰਾ ਜੱਥੇਦਾਰ ਉਦੈ ਸਿੰਘ ਨੇ ਸਤਿਗੁਰਾਂ ਅੱਗੇ ਹੱਥ ਜੋੜ ਕੇ ਬੇਨਤੀ ਕੀਤੀ, 'ਸਾਹਿਬ ਕਲਗੀਧਰ ਜੀ, ਸੂਹੀਏ ਨੇ ਦੱਸਿਆ ਹੈ ਕਿ ਕੇਸਰੀ ਚੰਦ ਨੇ ਆਪ ਦੀ ਸ਼ਾਨ ਦੇ ਵਿਰੁਧ ਬੜੇ ਹੰਕਾਰ ਵਾਲੇ ਸ਼ਬਦ ਕਹੇ ਹਨ। ਜੋ ਆਪ ਆਪਣੇ ਇਸ ਨਗੂਣੇ ਦਾਸ ਨੂੰ ਆਗਿਆ ਕਰੋ ਤਾਂ ਅੱਜ ਮੈਂ ਉਸ ਨਾਲ ਦੋ ਹੱਥ ਕਰ ਲਵਾਂ।"

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮੁਸਕਰਾਏ। ਬਚਨ ਕੀਤਾ, 'ਉਦੈ ਸਿੰਘ ਜੀ, ਰਾਜਾ ਕੇਸਰੀ ਚੰਦ ਨੇ ਕਸਮ ਖਾਧੀ ਹੋਈ ਹੈ। ਅੱਜ ਬਿਖੜਾ ਜੰਗ ਹੋਵੇਗਾ। ਤੁਸਾਂ ਦਮਦਮੇ ਲਾਗੇ ਇਕ ਸੌ ਘੋੜ-ਚੜ੍ਹਿਆਂ ਦਾ ਜੱਥਾ ਤਿਆਰ ਰੱਖਣਾ। ਸ਼ਤਰੂ ਦੀ ਫ਼ੌਜ ਗਿਣਤੀ ਵਿਚ ਬਹੁਤ ਹੀ ਜ਼ਿਆਦਾ ਹੈ। ਉਸ ਦੀਆਂ ਦੋਵੇਂ ਅਣੀਆਂ ਲੋਹਗੜ੍ਹ ਦੇ ਉਤੋਂ ਦੀ ਮਿਲਣ ਦੀ ਕੋਸ਼ਿਸ਼ ਕਰਨਗੀਆਂ। ਤੁਰਮ ਵੱਜਦਿਆਂ ਹੀ ਝੰਗੀ ਵਿਚ ਤਿਆਰ-ਬਰ-ਤਿਆਰ ਸਾਡੇ ਦੋਵੇਂ ਘੋੜ ਚੜ੍ਹੇ ਜੱਥੇ ਸੱਜਿਓਂ ਖੱਬਿਓਂ ਅਣੀਆਂ ਤੇ ਵੰਡ ਅਨੁਸਾਰ ਹਮਲਾ ਕਰਨਗੇ ਤਾਂ ਜੁ ਅਣੀਆਂ ਆਪੋ ਵਿਚ ਮਿਲ ਨਾ ਸਕਣ। ਵਾਹਿਗੁਰੂ ਦੇ ਹੁਕਮ ਨਾਲ ਹਾਥੀ ਕਿਲ੍ਹੇ ਦੇ ਦਰਵਾਜ਼ੇ ਤੱਕ ਪਹੁੰਚ ਨਹੀਂ ਸਕੇਗਾ। ਕਿਲ੍ਹੇ ਦੀ ਖ਼ਾਲਸਾ ਫ਼ੌਜ ਪਹਾੜੀ ਫ਼ੌਜ ਦੇ ਵਿਚਕਾਰਲੇ ਹਿੱਸੇ ਨੂੰ ਥੰਮੇਗੀ। ਤੁਸੀਂ ਤਾਕ ਲਾ ਕੇ ਬੈਠਣਾ। ਜਦੋਂ ਯੋਗ ਸਮਝੋ, ਝਪਟ ਕੇ ਕੇਸਰੀ ਚੰਦ ਵਾਲੇ ਅਸਥਾਨ ਤੇ ਹਮਲਾ ਕਰ ਕੇ ਦੋ ਹੱਥ ਅਜ਼ਮਾ ਲੈਣੇ।

"ਉਦੈ ਸਿੰਘ ਜੀ ਇਹ ਹੁਕਮ ਸੁਣ ਕੇ ਗਦ ਗਦ ਹੋ ਉਠੇ। ਉਨ੍ਹਾਂ ਸਤਿਗੁਰਾਂ ਦੇ ਚਰਨਾਂ ਵਿਚ ਸੀਸ ਨਿਵਾਇਆ। ਮੇਰੇ ਵੀ ਭਾਗ ਜਾਗੇ ! ਸਤਿਗੁਰਾਂ ਮੈਨੂੰ ਆਪਣੇ ਹੱਥਾਂ ਵਿਚ

ਚੁੱਕਿਆ। ਪਿਆਰ ਨਾਲ ਦੇਖਿਆ। ਮੈਂ ਆਪਣੇ ਆਪ ਵਿਚ ਫੁਲਿਆ ਨਾ ਸਮਾਇਆ ਜਦ ਉਨ੍ਹਾਂ ਕਿਹਾ, 'ਭਾਈ ਉਦੈ ਸਿੰਘ, ਇਹ ਬਰਛਾ ਸਾਡਾ ਪਰਖਿਆ ਹੋਇਆ ਹੈ। ਇਸ ਦਾ ਫਲ ਲੋਹ-ਭੇਦ ਹੈ। ਹੋ ਸਕਦਾ ਹੈ ਕਿ ਕੇਸਰੀ ਚੰਦ ਨੇ ਲੋਹ-ਬਸਤਰ ਪਹਿਰੇ ਹੋਣ। ਇਸ ਨੂੰ ਵਰਤੋਂ ਲਈ ਆਪਣੇ ਨਾਲ ਲੈ ਲਵੋ।'

"ਜੱਥੇਦਾਰ ਜੀ ਨੇ ਜੋੜੇ ਹੋਏ ਦੋਵੇਂ ਹੱਥ ਖੋਲ੍ਹ ਕੇ ਮੈਨੂੰ ਪਕੜ ਲਿਆ ਤੇ ਥਾਪੜਾ ਲੈ ਕੇ ਆਪਣੇ ਇਰਾਕੀ ਤੇ ਸਵਾਰ ਹੋ ਕੇ ਇਕ ਹੱਥ ਵਿਚ ਮੈਨੂੰ ਨਚਾਉਂਦੇ, ਸੌ ਸਵਾਰ ਲੈ ਕੇ ਦਮਦਮੇ ਦੇ ਪੈਰਾਂ ਵਿਚ ਦਰੱਖ਼ਤਾਂ ਦੀ ਓਟ ਵਿਚ ਜਾ ਟਿਕੇ।

"ਪਹਾੜੀਆਂ ਦਾ ਲੋਹਗੜ੍ਹ ਤੇ ਹਮਲਾ ਸ਼ੁਰੂ ਹੋ ਗਿਆ। ਬੜਾ ਚਿਰ ਬੰਦੂਕਾਂ ਦੇ ਕੜਾਕੇ ਸੁਣਾਈ ਦਿੰਦੇ ਰਹੇ। ਕਦੇ ਕਦੇ ਜੰਬੂਰ ਵੀ ਭੌਂਕਦੇ। ਕਾਫ਼ੀ ਦੇਰ ਮਗਰੋਂ ਕਿਲ੍ਹੇ ਦੇ ਜੰਬੂਰ ਤੇ ਬੰਦੂਕਾਂ ਚੱਲਣੋਂ ਹਟ ਗਈਆਂ। ਇਕ ਘੜੀ ਦਾ ਸਮਾਂ ਇਹ ਚੁੱਪ ਰਹੀਆਂ। ਅਚਾਨਕ ਇਹ ਫੇਰ ਤੜਾਕਣ ਲੱਗੀਆਂ ਅਤੇ ਇਕ ਹਵਾਈ, ਕਿਲ੍ਹੇ ਵਿਚੋਂ ਸ਼ਕਦੀ ਅਸਮਾਨ ਜਾ ਚੜ੍ਹੀ ਤੇ ਕੜਾਕੇ ਨਾਲ ਪਾਟੀ। ਉਦੈ ਸਿੰਘ ਜੀ ਨੇ ਕਿਹਾ, 'ਵੀਰ ਜੀ ਨੂੰ ਵਿਜੈ ਪਰਾਪਤ ਹੋਈ। ਅਚਾਨਕ ਦਮਦਮੇ ਤੋਂ ਤੁਰਮ ਵੱਜਿਆ। ਝੰਗੀ ਦੇ ਰਸਾਲਿਆਂ ਨੇ ਸੱਜੇ ਖੱਬੇ ਦੀਆਂ ਅਣੀਆਂ ਤੇ ਬਾਜ਼ਾਂ ਵਾਂਗ ਹਮਲੇ ਕੀਤੇ ਤੇ ਹਰਾਸੀ ਹੋਈ ਪਹਾੜੀ ਸੈਨਾ ਨੂੰ ਮਾਰ ਮਾਰ ਕੇ ਪਿਛਾਂਹ ਧੱਕ ਦਿੱਤਾ। ਵਿਚਕਾਰਲੀ ਫ਼ੌਜ ਵੀ ਕਿਲ੍ਹੇ ਦੇ ਸਿੰਘਾਂ ਦੇ ਅਚਾਨਕ ਹਮਲੇ ਨਾਲ ਪਿੱਛੇ ਹਟ ਰਹੀ ਸੀ ਕਿ ਰਾਜਾ ਕੇਸਰੀ ਚੰਦ ਆਪਣੀ ਜਾਨ ਦੀ ਪਰਵਾਹ ਨਾ ਕਰਦਾ ਹੋਇਆ ਅਗਾਂਹ ਆ ਖਲੋਤਾ ਤੇ ਤੀਰ ਮਾਰ ਮਾਰ ਕੇ ਸਿੰਘਾਂ ਨੂੰ ਰੋਕਣ ਲੱਗਾ। ਆਪਣੇ ਰਾਜੇ ਨੂੰ ਅੱਗੇ ਹੋ ਕੇ ਲੜਦਾ ਦੇਖ ਕੇ ਮੱਧਵਰਤੀ ਪਹਾੜੀ ਫ਼ੌਜ ਅੜ ਖਲੋਤੀ। ਘਮਸਾਨ ਦਾ ਜੁੱਧ ਹੋਇਆ। ਸਿੰਘਾਂ ਦਾ ਜ਼ੋਰ ਪੈਂਦਾ ਸੀ, ਪਰ ਕੇਸਰੀ ਚੰਦ ਨੇ ਮਾਨੋ ਜ਼ਮੀਨ ਵਿਚ ਪੈਰ ਜਮਾ ਲਏ ਸਨ। ਉਸ ਨੂੰ ਦੇਖ ਕੇ ਪਹਾੜੀ ਫ਼ੌਜ ਫੇਰ ਜਮ ਜਾਂਦੀ ਸੀ। ਉਦੈ ਸਿੰਘ ਜੀ ਇਹ ਸਭ ਕੁਝ ਦੇਖ ਰਹੇ ਸਨ। ਉਦੈ ਸਿੰਘ ਜੀ ਨੇ ਤੁਰਮ ਵਜਾਇਆ। ਜਵਾਬ ਵਿਚ ਦਮਦਮੇ ਤੋਂ ਤੁਰਮ ਵੱਜਾ। ਮੱਧਵਰਤੀ ਫ਼ੌਜ ਨਾਲ ਲੜਦੀ ਸਿੱਖ ਸੈਨਾ ਨੇ ਸੱਜੇ ਖੱਬੇ ਹਟ ਕੇ ਵਿਚਕਾਰ ਖੁਲ੍ਹਾ ਥਾਂ ਛੱਡ ਦਿੱਤਾ। ਉਦੈ ਸਿੰਘ ਜੀ ਦਾ ਰਸਾਲਾ ਮਾਨੋਂ ਪਰ ਲਾ ਕੇ ਉੱਡ ਪਿਆ। ਸਭ ਤੋਂ ਅੱਗੇ ਉਦੈ ਸਿੰਘ ਜੀ ਸਨ। ਉਨ੍ਹਾਂ ਦੇਖਿਆ ਰਾਜੇ ਨੇ ਲੋਹ-ਬਸਤਰ ਨਹੀਂ ਸਨ ਪਹਿਨੇ ਹੋਏ। ਉਨ੍ਹਾਂ ਮੈਨੂੰ ਖੱਬੇ ਹੱਥ ਬਦਲ ਕੇ ਮਿਆਨ ਵਿਚੋਂ ਤੇਗ ਕੱਢ ਲਈ ਸੀ। ਮੈਨੂੰ ਜਾਪਿਆ ਜਿਵੇਂ ਉਦੈ ਸਿੰਘ ਜੀ ਨੇ ਮੈਨੂੰ ਨਿਕੰਮਾ ਸਮਝ ਕੇ ਤ੍ਰਾਹ ਦਿੱਤਾ ਹੈ। ਬੜਾ ਜ਼ਬਰਦਸਤ ਤਸਾਦਮ ਹੋਇਆ। ਬਰਛਿਆਂ, ਤੋਮਰਾਂ, ਸਾਂਗਾਂ, ਸ਼ਕਤੀਆਂ, ਸੈਹਥੀਆਂ ਦੀ ਮਾਰ ਖਾ ਕੇ, ਪਹਾੜੀ

ਸੈਨਾ ਪਿਛਾਂਹ ਹਟੀ, ਪਰ ਕੇਸਰੀ ਚੰਦ ਪਿਛਾਂਹ ਨਾ ਹਟਿਆ। ਇਸੇ ਸਮੇਂ ਉਦੈ ਸਿੰਘ ਦਾ ਟਾਕਰਾ ਕੇਸਰੀ ਚੰਦ ਨਾਲ ਹੋਇਆ। ਰਾਜਾ ਕੇਸਰੀ ਚੰਦ ! ਗੁਰੂ ਨਹੀਂ, ਗੁਰੂ ਦੇ ਸਿੱਖ ਨਾਲ ਤੇਰਾ ਮੁਕਾਬਲਾ ਹੈ। ਤਗੜਾ ਹੋ ਤੇ ਵਾਰ ਕਰ, ਨਿਰਭੈ ਉਦੈ ਸਿੰਘ ਨੇ ਵੰਗਾਰਿਆ। ਕੇਸਰੀ ਚੰਦ ਨੇ ਤਲਵਾਰ ਦਾ ਵਾਰ ਕੀਤਾ, ਜੋ ਉਦੈ ਸਿੰਘ ਜੀ ਨੇ ਤੇਗੇ ਤੇ ਲਿਆ ਅਤੇ ਝਬਦੇ ਉਸੇ ਤੇਗੇ ਨਾਲ ਐਸਾ ਫੁਰਤੀਲਾ ਵਾਰ ਕੀਤਾ ਕਿ ਕੇਸਰੀ ਚੰਦ ਦਾ ਸਿਰ ਕਟ ਕੇ ਧਰਤੀ ਤੇ ਜਾ ਪਿਆ। ਝਟ ਪਟ ਉਨ੍ਹਾਂ ਹੱਥ ਬਦਲ ਕੇ ਮੈਨੂੰ ਸੰਭਾਲਿਆ ਅਤੇ ਮੇਰੇ ਲੰਮੇ ਫਲ ਦੀ ਚੋਭ ਨਾਲ ਕੇਸਰੀ ਚੰਦ ਦੇ ਸਿਰ ਨੂੰ ਪ੍ਰੋ ਕੇ ਚੁੱਕ ਲਿਆ।

"ਕੇਸਰੀ ਚੰਦ ਦਾ ਧੜ ਡਿਅਦਿਆਂ ਦੇਖ ਕੇ ਪਹਾੜੀ ਫ਼ੌਜ ਪਿੱਛੇ ਹਟਣ ਲੱਗੀ। ਸਿੱਖ ਸੈਨਾ ਦਾ ਹੱਥ ਉਪਰ ਹੋ ਗਿਆ। ਉਦੈ ਸਿੰਘ ਜੀ ਮੇਰੇ ਫਲ ਤੇ ਕੇਸਰੀ ਚੰਦ ਦੇ ਸਿਰ ਨੂੰ ਚੁੱਕੀ ਪਿਛਾਂਹ ਮੁੜ ਰਹੇ ਸਨ ਕਿ ਨਸੀ ਜਾਂਦੀ ਫ਼ੌਜੀ ਬੰਦੂਕ ਦੀ ਇਕ ਗੋਲੀ ਮੇਰੇ ਤਿਖੀ ਧਾਰ ਤੇ ਆ ਲੱਗੀ।

"ਜਥੇਦਾਰ ਉਦੈ ਸਿੰਘ ਜੀ ਨੇ ਕੇਸਰੀ ਚੰਦ ਦਾ ਸਿਰ ਸਤਿਗੁਰਾਂ ਦੇ ਚਰਨਾਂ ਵਿਚ ਆ ਰੱਖਿਆ। ਜਸਵਾਲੀਏ ਦੇ ਹਾਥੀ ਦੇ ਮਾਰੇ ਜਾਣ ਦੀ ਖ਼ਬਰ ਵੀ ਸਤਿਗੁਰਾਂ ਨੂੰ ਪਹੁੰਚ ਚੁੱਕੀ ਸੀ। ਸਤਿਗੁਰਾਂ ਕੇਸਰੀ ਚੰਦ ਦੇ ਸਿਰ ਨੂੰ ਸਤਿਕਾਰ ਭਰੀ ਨਜ਼ਰਾਂ ਨਾਲ ਤੱਕਿਆ। ਹੁਕਮ ਕੀਤਾ, 'ਉਦੈ ਸਿੰਘ ਜੀ, ਇਸ ਬਹਾਦਰ ਦੇ ਸੀਸ ਦੀ ਇਹ ਥਾਂ ਨਹੀਂ। ਚੰਦਨ ਚੌਕੀ ਲਿਆ ਕੇ ਉਸ ਤੇ ਥਾਲ ਸਜਾ ਕੇ ਇਸ ਨੂੰ ਥਾਲ ਵਿਚ ਰੱਖੋ। ਰੇਸ਼ਮੀ ਰੁਮਾਲ ਨਾਲ ਇਸ ਨੂੰ ਕੱਜੋ। ਇਸ ਨੇ ਆਪਣੀ ਸ਼ਪਥ ਨਿਬਾਹੀ ਹੈ। ਭੀਮ ਚੰਦ ਵਾਂਗ ਪਿੱਛੇ ਪਿੱਛੇ ਨਹੀਂ ਰਿਹਾ। ਜੇ ਇਸ ਦੀ ਰਾਣੀ ਇਸਦੇ ਸੀਸ ਦੀ ਮੰਗ ਕਰੇ ਅਤੇ ਸਤੀ ਨਾ ਹੋਣ ਦਾ ਬਚਨ ਦੇਵੇ ਤਾਂ ਇਹ ਉਸ ਨੂੰ ਦੇ ਦਿੱਤਾ ਜਾਵੇ, ਨਹੀਂ ਤਾਂ ਪੂਰੇ ਸੈਨਿਕ ਸਨਮਾਨ ਨਾਲ ਇਸ ਸੀਸ ਦਾ ਚੰਦਨਚਿਖਾ ਵਿਚ ਸਸਕਾਰ ਕੀਤਾ ਜਾਵੇ। ਉਦੈ ਸਿੰਘ ਜੀ ! ਧਰਮ ਯੁੱਧ ਵਿਚ ਹੰਕਾਰ ਨੂੰ ਕੋਈ ਸਥਾਨ ਨਹੀਂ। ਨਿਮਰਤਾ ਹੀ ਵੀਰਤਾ ਦਾ ਭੂਸ਼ਣ ਹੈ।'

"ਝਟ ਪਟ ਸਤਿਗੁਰਾਂ ਦੇ ਹੁਕਮ ਦਾ ਪਾਲਣ ਕੀਤਾ ਗਿਅ ਤੇ ਮੈਂ.........।"

ਇਕ ਖੜਾਕ ਹੋਇਆ। ਕੇਸ ਗੜ੍ਹ ਸਾਹਿਬ ਨਿਵਾਸ ਦੇ ਕਮਰਾ ਨੰਬਰ ਨੌਂ ਦਾ ਬੂਹਾ ਖੁਲ੍ਹਿਆ 'ਤੇ ਪ੍ਰੋਫ਼ੈਸਰ ਭਗਤ ਸਿੰਘ ਤੇ ਪ੍ਰੋਫ਼ੈਸਰ ਵਿਜੈ ਸੂਦ ਅੰਦਰ ਦਾਖ਼ਲ ਹੋਏ। ਅੱਜ ਅਸੀਂ ਤਕੜੇ ਹੀ ਉੱਠ ਕੇ ਸਤਿਗੁਰਾਂ ਦੇ ਗੁਰਦਵਾਰਿਆਂ ਦੇ ਦਰਸ਼ਨ ਕਰਦੇ ਨੈਣਾਂ ਦੇਵੀ ਦੀ ਚੋਟੀ ਪਹੁੰਚੇ ਸਾਂ। ਪਰਲੇ ਬੰਨਿਓਂ ਉੱਤਰ ਕੇ, ਗੁਰੂ ਲਾਹੌਰ ਪਹੁੰਚ ਕੇ ਸ੍ਰੀ ਹਰਜਸ ਨਿਵਾਸ, ਵਿਵਾਹ-ਅਸਥਾਨ ਤੇ ਤ੍ਰਿਬੈਣੀ ਦੇ ਦਰਸ਼ਨ ਕੀਤੇ ਸਨ। ਬੱਸ ਨਾ ਮਿਲਣ ਕਰਕੇ ਪੈਦਲ ਹੀ

ਅਨੰਦਪੁਰ ਪਹੁੰਚ ਸਾਂ। ਉਸ ਵੇਲੇ ਕੇਸਗੜ੍ਹ ਸਾਹਿਬ ਸਾਹਿਬ ਵਿਚ ਰਹਿਰਾਸ ਸਾਹਿਬ ਦਾ ਪਾਠ ਹੋ ਰਿਹਾ ਸੀ। ਪੰਜ-ਇਸ਼ਨਾਨਾ ਕਰ ਕੇ ਅਸੀਂ ਦੀਵਾਨ ਵਿਚ ਜਾ ਬੈਠੇ ਸਾਂ। ਸ਼ਸਤਰਾਂ ਦੇ ਦਰਸ਼ਨ ਅੱਜ ਸਿੰਘ ਸਾਹਿਬ ਜੱਥੇਦਾਰ ਜੀ ਨੇ ਆਪ ਕਰਾਏ ਸਨ ਅਤੇ ਉਨ੍ਹਾਂ ਨਾਲ ਸੰਬੰਧਤ ਇਤਿਹਾਸਕ ਘਟਨਾਵਾਂ ਦਾ ਵਰਨਣ ਕੀਤਾ ਸੀ। ਥਕਿਆ ਹੋਣ ਕਰਕੇ ਮੈਂ ਆਰਾਮ ਕਰਨ ਲਈ ਬਿਨਾਂ ਕੁਝ ਖਾਧਿਆਂ ਲੇਟ ਗਿਆ ਸਾਂ ਤੇ ਦੋਵੇਂ ਨੌਜੁਆਨ ਬਜਾਰ ਪਰਸ਼ਾਦ ਛਕਣ ਚਲੇ ਗਏ ਸਨ। ਉਹ ਮੁੜੇ ਸਨ ਤੇ ਉਨ੍ਹਾਂ ਦੇ ਖੜਾਕ ਮੈਂ ਜਾਗ ਪਿਆ ਸਾਂ।

-0-